20ਵਾਂ ਸਾਲ
PARDES TIMES
20th year in Publication
# ਪਰਦੇਸ ਟਾਇਮਜ਼
ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)
ਮਾਂ ਬੋਲੀ ਨੂੰ ਸਮਰਪਿਤ
www.pardestimes.com
pardestimes
ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ
VOL- 20 No. 490 August 14, 2026 E-mail : info@pardestimes.com Ph 510-938-7771

## ਡਾ. ਆਇਸ਼ਾ ਵਹਾਬ ਵੱਲੋਂ ਪੰਜਾਬੀ ਵੋਟਰਾਂ ਨੂੰ ਅਪੀਲ



ਫਰੀਮਾਂਟ- ਕੈਲੇਫੋਰਨੀਆ ਸਟੇਟ ਸੈਨੇਟਰ ਡਾ. ਆਇਸ਼ਾ ਵਹਾਬ ਵੱਲੋਂ ਕਾਂਗਰਸਮੈਨ ਦੀ ਚੋਣ ਲੜੀ ਜਾ ਰਹੀ ਹੈ ਤੇ ਇਹ ਸੀਟ, ਜੋ ਡਿਸਟ੍ਰਿਕਟ-15 ਦੀ ਹੈ, ਹੁਣ ਖਾਲੀ ਹੈ। ਇੱਥੇ ਸਪੈਸ਼ਲ ਚੋਣ ਹੋਣ ਜਾ ਰਹੀ ਹੈ ਅਗਸਤ 16, 2026 ਦੇ ਦਿਨ।

ਸਾਰੇ ਹੀ ਪੰਜਾਬੀਆਂ ਨੂੰ, ਜਿਹਨਾਂ ਦੀਆਂ ਵੀ ਵੋਟਾਂ ਬਣੀਆਂ ਹੋਈਆਂ ਹਨ, ਉਹਨਾਂ ਨੂੰ ਡਾ. ਆਇਸ਼ਾ ਵਹਾਬ ਵੱਲੋਂ ਅਪੀਲ ਕੀਤੀ ਗਈ ਹੈ ਕਿ ਇਨ੍ਹਾਂ ਨੂੰ ਵੋਟ ਪਾ ਕੇ ਪੰਜਾਬੀਆਂ ਦੀ ਆਵਾਜ਼ ਮੁਲਕ ਦੀ ਪਾਰਲੀਮੈਂਟ ਤੱਕ ਪਹੁੰਚਾਈ ਜਾਵੇ।

ਵੱਖ^ਵੱਖ ਅਦਾਰਿਆਂ ਵੱਲੋਂ, ਜਿਨ੍ਹਾਂ 'ਚ *ਬਾਸਾ* ਵੱਲੋਂ ਅਹੁਦੇਦਾਰਾਂ ਤੇ ਐਨ. ਆਰ. ਆਈ-ਪੰਜਾਬ (ਫੁਟਬਾਲ) ਅਤੇ ਸਾਧ ਸੰਗਤ ਸਲੇਟ ਵੱਲੋਂ ਵੀ ਪਿਛਲੇ ਹਫਤੇ ਡਾ. ਆਇਸ਼ਾ ਵਹਾਬ ਦੀ ਚੋਣ ਨੂੰ ਪੰਜਾਬੀਆਂ ਤੱਕ ਪਹੁੰਚਾਉਣ ਲਈ ਵੱਖ^ਵੱਖ ਪ੍ਰੋਗਰਾਮ ਕਰਵਾ ਕੇ ਭਰੋਸਾ ਦਿੱਤਾ ਗਿਆ ਤਾਂ ਕਿ ਜਿੱਤ ਯਕੀਨੀ ਹੋ ਸਕੇ।

ਅਗਸਤ 16 ਨੂੰ ਵੋਟ ਜ਼ਰੂਰ ਪਾਉਣੀ ਹੈ ਤੇ ਆਪਣੇ ਸਾਰੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਵੀ ਬੇਨਤੀ ਕਰਕੇ ਵੋਟ ਪਾਉਣ ਦੀ ਤਾਕੀਦ ਕਰਨਾ। ਪਿਛਲੇ ਹਫਤੇ ਮਾਉਂਟੇਨ ਮਾਈਕ ਪੀਜ਼ਾ (ਮਿਸ਼ਨ ਬੁਲੇਵਾਰਡ-ਹੇਵਰਡ ਤੇ ਵੀ ਭਰਵੇਂ ਇਕੱਠ *ਚ ਹਿੱਸਾ ਲੈ ਕੇ ਡਾ. ਆਇਸ਼ਾ ਵਹਾਬ ਨੇ ਵੋਟਾਂ ਪਾਉਣ ਦੀ ਬੇਨਤੀ ਕੀਤੀ ਤਾਂ ਕਿ ਉਹ ਜਿੱਤ ਕੇ ਸਾਡੇ ਸਮਾਜ ਲਈ ਕੁਝ ਚੰਗਾ ਕੰਮ ਕਰ ਸਕੇ।

ਆਇਸ਼ਾ ਵਹਾਬ ਵੱਲੋਂ
* ਹੈਲਥਕੇਅਰ ਦੀਆਂ ਦਰਾਂ ਘੱਟ ਕਰਾਉਣ ਲਈ ਕੰਮ ਕੀਤਾ।
* ਲੋਕਾਂ ਦੀ ਜਾਨ-ਮਾਲ ਦੇ ਬਚਾਅ ਲਈ ਕੰਮ ਕਰਨਾ।
* ਛੋਟੇ ਕਾਰੋਬਾਰੀ ਲੋਕਾਂ ਲਈ ਕੰਮ ਦੇ ਮੌਕੇ ਹੋਰ ਲੱਭਣੇ ਆਦਿ ਵਰਗੇ ਮੁੱਦਿਆ 'ਤੇ ਆਵਾਜ਼ ਉਠਾਈ।

ਇਸ ਤਰ੍ਹਾਂ ਦੇ ਕੰਮਾਂ ਨੂੰ ਕਰਾਉਣ ਲਈ ਡਾ. ਆਇਸ਼ਾ ਨੂੰ ਵੋਟ ਪਾ ਕੇ ਕਾਮਯਾਬ ਕਰਨਾ ਚਾਹੀਦਾ ਹੈ।

## ਅਮਰੀਕੀ ਸੈਨੇਟ 'ਚ ਭਾਰਤ 'ਤੇ ਟੈਰਿਫ ਲਗਾਉਣ ਵਾਲਾ ਬਿੱਲ ਪਾਸ



ਵਾਸ਼ਿੰਗਟਨ- ਅਮਰੀਕਾ 'ਚ ਸੈਨੇਟ ਨੇ ਰੂਸ ਦੀ ਤੇਲ ਅਤੇ ਗੈਸ ਦੀ ਵਿਕਰੀ 'ਤੇ ਪਾਬੰਦੀਆਂ ਨਾਲ ਜੁੜੇ ਲੰਬੇ ਸਮੇਂ ਤੋਂ ਲਟਕ ਰਹੇ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਿੱਲ ਨਾਲ ਸਬੰਧਤ ਕਾਨੂੰਨ ਦੇ ਲਾਗੂ ਹੋਣ ਦਾ ਸਭ ਤੋਂ ਵੱਧ ਅਸਰ ਭਾਰਤ, ਚੀਨ, ਜਾਪਾਨ ਅਤੇ ਯੂਰਪ ਦੇ ਕੁਝ ਦੇਸ਼ਾਂ 'ਤੇ ਪੈ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਨ੍ਹਾਂ ਦੇਸ਼ਾਂ ਦੇ ਸਾਮਾਨ 'ਤੇ 100 ਫੀਸਦੀ ਤੱਕ ਟੈਰਿਫ (ਇੰਪੋਰਟ ਡਿਊਟੀ) ਲਗਾਉਣ ਦੇ ਯੋਗ ਹੋਣਗੇ। ਇਸ ਬਿੱਲ ਦੇ ਸਮਰਥਕਾਂ ਵਿੱਚ ਰਿਪਬਲਿਕਨ ਪਾਰਟੀ ਦੇ ਮਰਹੂਮ ਸੰਸਦ ਮੈਂਬਰ ਲਿੰਡਸੇ ਗ੍ਰਾਹਮ ਵੀ ਸ਼ਾਮਲ ਸਨ। ਇਹ ਬਿੱਲ ਸਤੰਬਰ ਵਿੱਚ ਪ੍ਰਤੀਨਿਧੀ ਸਭਾ ਵਿੱਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਉਥੋਂ ਪਾਸ ਹੋਣ ਤੋਂ ਬਾਅਦ ਇਹ ਬਿੱਲ ਰਾਸ਼ਟਰਪਤੀ ਕੋਲ ਜਾਵੇਗਾ ਅਤੇ ਉਨ੍ਹਾਂ ਦੇ ਦਸਤਖਤ ਤੋਂ ਬਾਅਦ ਇਹ ਪਾਬੰਦੀਆਂ ਲਾਗੂ ਹੋ ਜਾਣਗੀਆਂ। ਗ੍ਰਾਹਮ ਇੱਕ ਕੱਟੜ ਯੂਕਰੇਨ ਪੱਖੀ ਅਮਰੀਕੀ ਨੇਤਾ ਸੀ। ਇਸ ਬਿੱਲ ਰਾਹੀਂ ਰੂਸ 'ਤੇ ਪਾਬੰਦੀਆਂ ਲਗਾਉਣ ਦਾ ਮਕਸਦ ਸਾਢੇ ਚਾਰ ਸਾਲਾਂ ਤੋਂ ਯੂਕਰੇਨ ਨਾਲ ਜੰਗ ਲੜ ਰਹੇ ਰੂਸ 'ਤੇ ਆਰਥਿਕ ਦਬਾਅ ਵਧਾਉਣਾ ਹੈ, ਤਾਂ ਜੋ ਉਹ ਸਮਝੌਤਾ ਕਰਨ ਲਈ ਮਜਬੂਰ ਹੋਵੇ। ਰੂਸ 'ਤੇ ਪਾਬੰਦੀਆਂ ਦੇ ਸਮਰਥਨ 'ਚ 86 ਅਤੇ ਇਸ ਦੇ ਖਿਲਾਫ 11 ਵੋਟਾਂ ਪਈਆਂ। ਇਸ ਪਾਬੰਦੀ ਦੇ ਲਾਗੂ ਹੋਣ ਨਾਲ ਰੂਸ ਦੇ ਨਾਲ-ਨਾਲ ਭਾਰਤ ਅਤੇ ਚੀਨ 'ਤੇ ਵੀ ਵਿਆਪਕ ਪ੍ਰਭਾਵ ਪਵੇਗਾ। ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਤੋਂ ਹੀ ਭਾਰਤ ਰੂਸ ਤੋਂ ਵੱਡੀ ਮਾਤਰਾ ਵਿੱਚ ਕੱਚੇ ਤੇਲ ਦੀ ਦਰਾਮਦ ਕਰ ਰਿਹਾ ਹੈ। ਇਹ ਦਰਾਮਦ ਪ੍ਰਤੀ ਦਿਨ 20 ਲੱਖ ਬੈਰਲ ਤੇਲ ਤੋਂ ਵੱਧ ਹੈ। ਈਰਾਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਭਾਰਤ ਰੂਸ ਤੋਂ ਵੀ ਗੈਸ ਦੀ ਦਰਾਮਦ ਕਰ ਰਿਹਾ ਹੈ।

### ਜਨਮ ਆਧਾਰਿਤ ਨਾਗਰਿਕਤਾ 'ਤੇ ਟਰੰਪ ਦੀ ਸਖ਼ਤੀ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਨਮ ਦੇ ਆਧਾਰ 'ਤੇ ਮਿਲਣ ਵਾਲੀ ਨਾਗਰਿਕਤਾ (ਬਰਥਰਾਈਟ ਸਿਟੀਜ਼ਨਸ਼ਿਪ) ਦੇ ਅਧਿਕਾਰ 'ਤੇ ਰੋਕ ਲਗਾਉਣ ਲਈ ਨਵੇਂ ਕਦਮ ਚੁੱਕੇ ਹਨ। ਉਨ੍ਹਾਂ ਨੇ ਅਮਰੀਕਾ 'ਚ 'ਬਰਥ ਟੂਰਿਜ਼ਮ' 'ਤੇ ਸਖ਼ਤੀ ਕਰਨ ਤੇ ਜਨਮ ਦੇ ਆਧਾਰ 'ਤੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੇ ਯੋਗ ਲੋਕਾਂ ਦੀ ਗਿਣਤੀ ਸੀਮਤ ਕਰਨ ਲਈ ਦੋ ਨਵੇਂ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕੀਤੇ ਹਨ। ਟਰੰਪ ਨੇ ਇਹ ਕਦਮ ਉਸ ਵੇਲੇ ਚੁੱਕਿਆ ਹੈ, ਜਦੋਂ ਕੁਝ ਹਫ਼ਤੇ ਪਹਿਲਾਂ ਹੀ ਅਮਰੀਕੀ ਸੁਪਰੀਮ ਕੋਰਟ ਨੇ ਇਸ ਸਬੰਧੀ ਉਨ੍ਹਾਂ ਦੇ ਪਹਿਲਾਂ ਜਾਰੀ ਕੀਤੇ ਕਾਰਜਕਾਰੀ ਹੁਕਮ ਨੂੰ ਰੱਦ ਕਰ ਦਿੱਤਾ ਸੀ। ਟਰੰਪ ਨੇ ਵੀਰਵਾਰ ਨੂੰ ਇਨ੍ਹਾਂ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕੀਤੇ। ਇਨ੍ਹਾਂ 'ਚੋਂ ਇੱਕ ਹੁਕਮ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਜੋ ਵਪਾਰਕ ਤੌਰ 'ਤੇ 'ਬਰਥ ਟੂਰਿਜ਼ਮ' ਦਾ ਸਹਾਰਾ ਲੈਂਦੇ ਹਨ ਤੇ ਆਪਣੇ ਬੱਚੇ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਦੇ ਮਕਸਦ ਨਾਲ ਅਮਰੀਕਾ ਆਉਂਦੇ ਹਨ। ਇਸ ਹੁਕਮ ਦਾ ਉਦੇਸ਼ ਅਜਿਹੇ ਲੋਕਾਂ ਦੇ ਅਮਰੀਕਾ 'ਚ ਦਾਖ਼ਲੇ ਨੂੰ ਸੀਮਤ ਕਰਨਾ ਹੈ।

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
ਬੈਂਕਰਪਸੀ ਚੈਪਟਰ 7 ਅਤੇ ਚੈਪਟਰ 13 ਵਿਚ ਲੈਣਦਾਰ ਦੇ ਅਧਿਕਾਰ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

UNITED ALL SERVICES
DMV Services, TAX, Insurance, Real Estate
Prachee Rajvanshi
Director
DRE#02163985
uallss@uallss.com
510-400-6811
32210 Alvarado Blvd. Union city, CA 94587

SURYA INDIAN CUISINE
SWEETS & SNACKS

ਮਠਿਆਈਆਂ ਤੇ ਖਾਣਿਆਂ ਲਈ ਮਸ਼ਹੂਰ, ਵਿਆਹ ਤੇ ਹੋਰ ਖੁਸ਼ੀਆਂ ਦੇ ਮੌਕੇ ਲਈ, ਵੱਡੀ ਤੋਂ ਵੱਡੀ ਪਾਰਟੀ ਲਈ ਜਾਂ ਕੇਟਰਿੰਗ ਵਾਸਤੇ ਇਕ ਵਾਰ ਸੇਵਾ ਦਾ ਮੌਕਾ ਦਿਓ
ਸੰਪਰਕ ਕਰੋ:
669-275-2262, 408-892-2810
Meena Fashion
ਵਿਆਹ ਸ਼ਾਦੀ ਲਈ ਅਤੇ ਜਿਊਲਰੀ ਲਈ ਇਕ ਵਾਰ ਜਰੂਰ ਆਓ
408-905-3779


Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

RAMANDEEP KAUR SOHAL
ATTORNEY
IMMIGRATION LAW, TRAFFIC LAW
JUSTICE, INTEGRITY, RESULTS
IMMIGRATION LAW
- ASYLUM CASES
- GREEN CARD APPLICATIONS
- FAMILY PETITIONS
- U VISA
- VAWA
- PASSPORT SERVICES
TRAFFIC LAWS
TRAFFIC LAW
- DUI & DWI DEFENSE
- SPEEDING & RECKLESS DRIVING
- DRIVING WITH A SUSPENDED LICENSE
- TRAFFIC TICKETS & POINT REDUCTION
- CDL (COMMERCIAL DRIVER) VIOLATIONS
- DMV ADMINISTRATIVE HEARINGS
+1 (650) 866-9084

# ਪੰਜਾਬ ਵਿਚ ਹੜ੍ਹਾਂ ਨੂੰ ਸੱਦਾ ਦੇ ਰਹੇ ਨੇ ਸਿਲਟ ਨਾਲ ਭਰੇ ਦਰਿਆ

**ਸਤਨਾਮ ਸਿੰਘ ਸੰਧੂ, ਐਮ.ਪੀ**

ਮੌਨਸੂਨ ਦਾ ਮੌਸਮ ਪੰਜਾਬ ਵਿੱਚ ਹਰ ਸਾਲ ਇੱਕ ਤ੍ਰਾਸਦੀ ਲੈ ਕੇ ਆਉਂਦਾ ਹੈ। ਇੱਕ ਪਾਸੇ ਅਸੀਂ ਮੀਂਹ ਲਈ ਅਰਦਾਸਾਂ ਕਰਦੇ ਹਾਂ ਤਾਂ ਜੋ ਸਾਡੀਆਂ ਫ਼ਸਲਾਂ ਹਰੀਆਂ-ਭਰੀਆਂ ਰਹਿਣ, ਧਰਤੀ ਹੇਠਲੇ ਪਾਣੀ ਦੇ ਭੰਡਾਰ ਭਰੇ ਰਹਿਣ ਅਤੇ ਸੂਬੇ ਦੀ ਖੇਤੀਬਾੜੀ ਅਰਥਵਿਵਸਥਾ ਦਾ ਪਹੀਆ ਘੁੰਮਦਾ ਰਹੇ ਅਤੇ ਦੂਜੇ ਪਾਸੇ ਹੁਣ ਵਰਖਾ ਕਾਰਨ ਹੋਣ ਵਾਲੀ ਤਬਾਹੀ ਤੇ ਅਨਿਸ਼ਚਿਤਤਾ ਦਾ ਡਰ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਦਰਿਆਵਾਂ ਦੇ ਕੰਢਿਆਂ 'ਤੇ ਵਸੇ ਪਿੰਡ ਪਾਣੀ ਦੇ ਵਧਦੇ ਪੱਧਰ ਨੂੰ ਸਹਿਮ ਨਾਲ ਤੱਕਦੇ ਹਨ, ਸ਼ਹਿਰੀ ਬਸਤੀਆਂ ਜਲ-ਥਲ (ਵਾਟਰ ਲੌਗਿੰਗ) ਦੇ ਖ਼ੌਫ਼ ਦੇ ਸਾਏ ਹੇਠ ਜਿਊਂਦੀਆਂ ਹਨ ਅਤੇ ਸਰਕਾਰਾਂ ਹੜ੍ਹ ਦੀਆਂ ਚਿਤਾਵਨੀਆਂ ਦਾ ਜਵਾਬ ਦੇਣ ਵਿੱਚ ਰੁੱਝੀਆਂ ਰਹਿੰਦੀਆਂ ਹਨ। ਪੰਜਾਬ ਸਾਹਮਣੇ ਹੁਣ ਸਿਰਫ਼ ਹੜ੍ਹ ਪ੍ਰਬੰਧਨ ਦੀ ਹੀ ਚੁਣੌਤੀ ਨਹੀਂ ਹੈ ਸਗੋਂ ਬਦਲਦੇ ਜਲਵਾਯੂ, ਘਟਦੀ ਦਰਿਆਈ ਸਮਰੱਥਾ ਅਤੇ ਦਹਾਕਿਆਂ ਦੀ ਵਾਤਾਵਰਣਕ ਅਣਦੇਖੀ ਦੇ ਮੱਦੇਨਜ਼ਰ ਮੌਨਸੂਨ ਲਈ ਤਿਆਰੀ ਵੀ ਵੱਡਾ ਸਵਾਲ ਬਣ ਗਈ ਹੈ। ਸੂਬੇ ਦੇ ਦਰਿਆ, ਖ਼ਾਸਕਰ ਸਤਲੁਜ ਅਤੇ ਬਿਆਸ, ਅੱਜ ਉਸ ਵਾਧੂ ਬੋਝ ਹੇਠ ਦੱਬੇ ਹੋਏ ਹਨ, ਜਿਸ ਦੀ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਗਈ। ਸਾਲਾਂ ਤੋਂ ਨਿਰੰਤਰ ਜਮ੍ਹਾਂ ਹੋ ਰਹੀ ਗਾਦ (ਸਿਲਟ), ਦਰਿਆਈ ਜ਼ਮੀਨ 'ਤੇ ਨਾਜਾਇਜ਼ ਕਬਜ਼ਿਆਂ ਅਤੇ ਗ਼ੈਰ-ਵਿਗਿਆਨਕ ਦਰਿਆਈ ਪ੍ਰਬੰਧਨ ਨੇ ਮੌਨਸੂਨ ਦੇ ਪਾਣੀ ਨੂੰ ਸੁਰੱਖਿਅਤ ਢੰਗ ਨਾਲ ਲੰਘਾਉਣ ਦੀ ਦਰਿਆਵਾਂ ਦੀ ਸਮਰੱਥਾ ਨੂੰ ਬਹੁਤ ਘਟਾ ਦਿੱਤਾ ਹੈ। ਨਤੀਜੇ ਵਜੋਂ, ਅੱਜ ਸਾਧਾਰਨ ਜਾਂ ਦਰਮਿਆਨੀ ਮਾਤਰਾ ਵਿੱਚ ਛੱਡਿਆ ਗਿਆ ਪਾਣੀ ਵੀ ਉਨ੍ਹਾਂ ਇਲਾਕਿਆਂ ਵਿੱਚ ਤਬਾਹੀ ਮਚਾ ਦਿੰਦਾ ਹੈ, ਜੋ ਕਦੇ ਪੂਰੀ ਤਰ੍ਹਾਂ ਸੁਰੱਖਿਅਤ ਮੰਨੇ ਜਾਂਦੇ ਸਨ। ਪੰਜਾਬ ਵਿੱਚ ਹੜ੍ਹਾਂ ਦੀ ਦੁਖਾਂਤਕ ਕਹਾਣੀ ਉਪਰਲੇ ਪਹਾੜੀ ਖੇਤਰਾਂ ਤੋਂ ਸ਼ੁਰੂ ਹੁੰਦੀ ਹੈ। ਸਤਲੁਜ ਤੇ ਬਿਆਸ ਦਰਿਆ ਹਿਮਾਲਿਆ ਦੇ ਨਾਜ਼ੁਕ ਪਹਾੜੀ ਸਰੋਤਾਂ ਤੋਂ ਆਪਣੇ ਨਾਲ ਭਾਰੀ ਮਾਤਰਾ ਵਿੱਚ ਮਿੱਟੀ ਤੇ ਗਾਦ ਵਹਾ ਕੇ ਲਿਆਉਂਦੇ ਹਨ। ਰਵਾਇਤੀ ਤੌਰ 'ਤੇ ਦਰਿਆਵਾਂ ਕੋਲ ਇਸ ਮਿੱਟੀ ਨੂੰ ਅੱਗੇ ਲਿਜਾਣ ਲਈ ਕਾਫ਼ੀ ਚੌੜਾਈ ਤੇ ਡੂੰਘਾਈ ਹੁੰਦੀ ਸੀ, ਪਰ ਦਹਾਕਿਆਂ ਤੋਂ ਜਮ੍ਹਾਂ ਹੋ ਰਹੀ ਸਿਲਟ ਨੇ ਦਰਿਆਵਾਂ ਦੇ ਹੇਠਲੇ ਤਲ ਨੂੰ ਉੱਚਾ ਕਰ ਦਿੱਤਾ ਹੈ, ਜਿਸ ਕਾਰਨ ਇਨ੍ਹਾਂ ਦੇ ਕੁਦਰਤੀ ਪ੍ਰਵਾਹ ਮਾਰਗ ਤੰਗ ਹੋ ਗਏ ਹਨ। ਇਸ ਦੇ ਨਾਲ ਹੀ ਦਰਿਆਈ ਖੇਤਰਾਂ ਵਿੱਚੋਂ ਅੰਨ੍ਹੇਵਾਹ ਹੋ ਰਹੇ ਰੇਤ ਅਤੇ ਬੱਜਰੀ ਦੇ ਗ਼ੈਰ-ਕਾਨੂੰਨੀ ਖਣਨ ਨੇ ਇਸ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ।



ਮਾਹਿਰਾਂ ਅਨੁਸਾਰ ਪੰਜਾਬ ਵਿੱਚ ਕਈ ਥਾਵਾਂ 'ਤੇ ਗਾਦ (ਸਿਲਟ) ਜਮ੍ਹਾਂ ਹੋਣ ਕਾਰਨ ਦਰਿਆਵਾਂ ਦੇ ਹੇਠਲੇ ਹਿੱਸੇ 5 ਤੋਂ 12 ਫ਼ੁੱਟ ਤੱਕ ਉੱਚੇ ਹੋ ਗਏ ਹਨ। ਇਸ ਕਾਰਨ ਦਰਿਆਵਾਂ ਅਤੇ ਨਿਕਾਸ ਚੈਨਲਾਂ ਦੀ ਪਾਣੀ ਲਿਜਾਣ ਦੀ ਸਮਰੱਥਾ ਵਿੱਚ ਭਾਰੀ ਕਮੀ ਆਈ ਹੈ। ਕੁਝ ਹਿੱਸਿਆਂ ਵਿੱਚ ਤਾਂ ਇਹ ਸਮਰੱਥਾ ਪਹਿਲਾਂ ਦੇ ਮੁਕਾਬਲੇ ਮਹਿਜ਼ ਇੱਕ-ਤਿਹਾਈ ਰਹਿ ਗਈ ਹੈ। ਇਸ ਦੇ ਨਤੀਜੇ ਹੁਣ ਸਾਫ਼ ਦਿਖਾਈ ਦੇਣ ਲੱਗੇ ਹਨ; ਜੋ ਪਾਣੀ ਪਹਿਲਾਂ ਦਰਿਆ ਦੇ ਕੰਢਿਆਂ ਦੇ ਅੰਦਰ-ਅੰਦਰ ਵਹਿੰਦਾ ਸੀ, ਉਹ ਹੁਣ ਬੰਨ੍ਹਾਂ ਨੂੰ ਤੋੜ ਜਾਂ ਟੱਪ ਕੇ ਰਿਹਾਇਸ਼ੀ ਇਲਾਕਿਆਂ ਵਿੱਚ ਵੜ ਜਾਂਦਾ ਹੈ। ਨਤੀਜੇ ਵਜੋਂ, ਕਿਸੇ ਵੇਲੇ ਆਮ ਮੰਨਿਆ ਜਾਂਦਾ ਮੌਨਸੂਨੀ ਵਹਾਅ ਵੀ ਵਿਗਿਆਨਕ ਤਿਆਰੀ ਦੀ ਘਾਟ ਕਾਰਨ ਹੁਣ ਹੜ੍ਹ ਦੀ ਆਫ਼ਤ ਵਿੱਚ ਬਦਲ ਜਾਂਦਾ ਹੈ।

ਮਾਹਿਰਾਂ ਵੱਲੋਂ ਵਾਰ-ਵਾਰ ਦਿੱਤੀਆਂ ਜਾਂਦੀਆਂ ਚਿਤਾਵਨੀਆਂ ਦੇ ਬਾਵਜੂਦ ਦਰਿਆਵਾਂ ਵਿੱਚੋਂ ਗਾਦ ਕੱਢਣ ਦਾ ਕੰਮ ਹਮੇਸ਼ਾ ਖਿੰਡਿਆ-ਪੁੰਡਿਆ ਅਤੇ ਅਣਗੌਲਿਆ ਰਿਹਾ ਹੈ। ਵੱਖ-ਵੱਖ ਥਾਵਾਂ 'ਤੇ ਮਸ਼ੀਨੀ ਢੰਗ ਨਾਲ ਗਾਦ ਕੱਢਣਾ ਸਮੁੱਚੇ ਵਹਾਅ ਖੇਤਰ (ਬੇਸਿਨ) ਦੀ ਰਣਨੀਤੀ ਦਾ ਬਦਲ ਨਹੀਂ ਹੋ ਸਕਦਾ। ਸੂਬੇ ਨੂੰ ਲੰਮੇ ਸਮੇਂ ਦੇ ਅੰਕੜੇ ਇਕੱਠੇ ਕਰਨ, ਵਹਾਅ ਅਧਿਐਨ ਅਤੇ ਦਰਿਆਈ ਬਣਤਰ ਦੀ ਸਮਝ 'ਤੇ ਆਧਾਰਿਤ ਵਿਗਿਆਨਕ ਮਿੱਟੀ ਤੇ ਗਾਦ ਪ੍ਰਬੰਧਨ ਯੋਜਨਾ ਦੀ ਲੋੜ ਹੈ। ਇਹ ਮਸਲਾ ਇਸ ਲਈ ਵੀ ਹੋਰ ਗੰਭੀਰ ਹੋ ਜਾਂਦਾ ਹੈ ਕਿਉਂਕਿ ਦਰਿਆਵਾਂ ਦੇ ਅੰਦਰਲੇ ਹਿੱਸਿਆਂ ਅਤੇ ਹੜ੍ਹ ਮੈਦਾਨਾਂ (ਖੱਡਿਆਂ/ਮੰਡ ਖੇਤਰਾਂ) 'ਤੇ ਲਗਾਤਾਰ ਨਾਜਾਇਜ਼ ਕਬਜ਼ੇ ਹੋ ਰਹੇ ਹਨ। ਅਜਿਹੇ ਇਲਾਕਿਆਂ ਵਿੱਚ ਪੱਕੀਆਂ ਬਸਤੀਆਂ ਉਸਰ ਚੁੱਕੀਆਂ ਹਨ, ਜੋ ਇਲਾਕੇ ਇਤਿਹਾਸਕ ਤੌਰ 'ਤੇ ਕੁਦਰਤੀ ਹੜ੍ਹ-ਰੋਕੂ ਬਫ਼ਰ ਜ਼ੋਨ ਦਾ ਕੰਮ ਕਰਦੇ ਸਨ। ਜਦੋਂ ਦਰਿਆ ਡੂੰਘਾਈ ਅਤੇ ਚੌੜਾਈ ਦੋਵੇਂ ਹੀ ਗੁਆ ਲੈਂਦੇ ਹਨ ਤਾਂ ਹੜ੍ਹ ਆਉਣਾ ਅਟੱਲ ਹੋ ਜਾਂਦਾ ਹੈ।

ਪੰਜਾਬ ਦੀ ਹੜ੍ਹਾਂ ਪ੍ਰਤੀ ਸੰਵੇਦਨਸ਼ੀਲਤਾ ਦਾ ਸਿੱਧਾ ਸਬੰਧ ਗੋਬਿੰਦ ਸਾਗਰ ਜਲ ਭੰਡਾਰ (ਡੈਮ ਦੀ ਝੀਲ) ਦੀ ਸਥਿਤੀ ਨਾਲ ਵੀ ਜੁੜਿਆ ਹੋਇਆ ਹੈ, ਜੋ ਭਾਖੜਾ ਡੈਮ ਦੁਆਰਾ ਬਣਾਈ ਗਈ ਇੱਕ ਜੀਵਨ-ਰੇਖਾ ਹੈ। ਛੇ ਦਹਾਕਿਆਂ ਤੋਂ ਵੱਧ ਦੇ ਸੰਚਾਲਨ ਦੌਰਾਨ ਇਸ ਜਲ ਭੰਡਾਰ ਅੰਦਰ ਭਾਰੀ ਮਾਤਰਾ ਵਿੱਚ ਸਿਲਟ ਜਮ੍ਹਾਂ ਹੋ ਚੁੱਕੀ ਹੈ। ਹਾਲੀਆ ਅੰਦਾਜ਼ੇ ਦੱਸਦੇ ਹਨ ਕਿ ਜਲ ਭੰਡਾਰ ਦੀ ਅਸਲ ਭੰਡਾਰਨ ਸਮਰੱਥਾ ਦਾ ਲਗਪਗ ਇੱਕ-ਚੌਥਾਈ ਹਿੱਸਾ ਗਾਦ ਕਾਰਨ ਖ਼ਤਮ ਹੋ ਚੁੱਕਾ ਹੈ। ਅਨੁਮਾਨ ਹੈ ਕਿ 2.5 ਅਰਬ ਘਣ ਮੀਟਰ ਤੋਂ ਵੱਧ ਦੀ ਭੰਡਾਰਨ ਥਾਂ ਗਾਦ ਨਾਲ ਭਰ ਚੁੱਕੀ ਹੈ। ਇਹ ਕੋਈ ਮਾਮੂਲੀ ਤਕਨੀਕੀ ਮੁੱਦਾ ਨਹੀਂ ਹੈ। ਜਲ ਭੰਡਾਰ ਦੀ ਭੰਡਾਰਨ ਸਮਰੱਥਾ ਭਾਰੀ ਮੀਂਹ ਦੌਰਾਨ ਇੱਕ 'ਸੁਰੱਖਿਆ ਕਵਚ' ਵਜੋਂ ਕੰਮ ਕਰਦੀ ਹੈ। ਜਿਉਂ-ਜਿਉਂ ਇਹ ਸਮਰੱਥਾ ਘਟਦੀ ਹੈ, ਅਚਾਨਕ ਆਉਣ ਵਾਲੇ ਪਾਣੀ ਦੇ ਵਹਾਅ ਨੂੰ ਸੰਭਾਲਣ ਦੀ ਸ਼ਕਤੀ ਵੀ ਘਟਦੀ ਜਾਂਦੀ ਹੈ। ਇਸ ਨਾਲ ਡੈਮ ਦੇ ਸੰਚਾਲਨ ਅਤੇ ਹੇਠਲੇ ਇਲਾਕਿਆਂ ਵਿੱਚ ਹੜ੍ਹ ਪ੍ਰਬੰਧਨ 'ਤੇ ਦਬਾਅ ਬਹੁਤ ਵਧ ਜਾਂਦਾ ਹੈ। ਇਹ ਚੁਣੌਤੀ ਇਸ ਤੱਥ ਕਾਰਨ ਹੋਰ ਵੀ ਪੇਚੀਦਾ ਹੋ ਜਾਂਦੀ ਹੈ ਕਿ ਵੱਡੇ ਜਲ ਭੰਡਾਰਾਂ ਵਿੱਚੋਂ ਵਿਗਿਆਨਕ ਤਰੀਕੇ ਨਾਲ ਗਾਦ ਕੱਢਣ ਦੀ ਪ੍ਰਕਿਰਿਆ ਤਕਨੀਕੀ ਤੌਰ 'ਤੇ ਬੇਹੱਦ ਗੁੰਝਲਦਾਰ ਅਤੇ ਆਰਥਿਕ ਤੌਰ 'ਤੇ ਬਹੁਤ ਮਹਿੰਗੀ ਹੈ। ਸਰਕਾਰਾਂ ਇਸ ਮੁੱਦੇ 'ਤੇ ਚਰਚਾ ਕਰਦੀਆਂ ਰਹੀਆਂ ਹਨ, ਕਮੇਟੀਆਂ ਵੀ ਬਣਾਈਆਂ ਗਈਆਂ ਅਤੇ ਪਾਇਲਟ ਪ੍ਰੋਜੈਕਟ ਵੀ ਉਲੀਕੇ ਗਏ, ਪਰ ਵਿਆਪਕ ਪੈਮਾਨੇ 'ਤੇ ਲੋੜੀਂਦੀ ਠੋਸ ਕਾਰਵਾਈ ਹਾਲੇ ਤੱਕ ਹਕੀਕੀ ਪੱਧਰ 'ਤੇ ਨਜ਼ਰ ਨਹੀਂ ਆਈ। ਅਸਲੀਅਤ ਇਹ ਹੈ ਕਿ ਗਾਦ ਦਾ ਲਗਾਤਾਰ ਜਮ੍ਹਾਂ ਹੋਣਾ ਹੁਣ ਸਿਰਫ਼ ਜਲ ਭੰਡਾਰ ਪ੍ਰਬੰਧਨ ਦਾ ਮਸਲਾ ਨਹੀਂ ਰਿਹਾ ਸਗੋਂ ਇਹ ਇੱਕ ਅਜਿਹਾ ਹੜ੍ਹ ਸੰਕਟ ਬਣ ਚੁੱਕਾ ਹੈ, ਜੋ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ।

ਇਸ ਸਾਲ ਦਾ ਮੌਨਸੂਨ ਜਲਵਾਯੂ ਪਰਿਵਰਤਨ ਅਤੇ ਐਲ ਨੀਨੋ ਵਰਗੀਆਂ ਮੌਸਮੀ ਤਬਦੀਲੀਆਂ ਦੇ ਵਧ ਰਹੇ ਵਿਸ਼ਵ-ਵਿਆਪੀ ਪ੍ਰਭਾਵ ਹੇਠ ਆਇਆ ਹੈ। ਮੌਸਮ ਦਾ ਮਿਜਾਜ਼ ਤੇਜ਼ੀ ਨਾਲ ਗ਼ੈਰ-ਭਰੋਸੇਯੋਗ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਲੰਮੇ ਸੋਕੇ ਤੋਂ ਬਾਅਦ ਅਚਾਨਕ ਭਾਰੀ ਮੀਂਹ ਪੈਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇਹ ਅਸਥਿਰਤਾ ਪਾਣੀ ਦੇ ਪ੍ਰਬੰਧਨ ਨਾਲ ਜੁੜੇ ਬੁਨਿਆਦੀ ਢਾਂਚੇ 'ਤੇ ਵਾਧੂ ਦਬਾਅ ਪਾਉਂਦੀ ਹੈ। ਭਾਖੜਾ ਡੈਮ ਦਾ ਜਲ ਗ੍ਰਹਿਣ ਖੇਤਰ ਹਿਮਾਲਿਆ ਵਿੱਚ ਲਗਪਗ 68,000 ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ ਜਦੋਂਕਿ ਗੋਬਿੰਦ ਸਾਗਰ ਝੀਲ ਦਾ ਘੇਰਾ ਲਗਪਗ 164 ਵਰਗ ਕਿਲੋਮੀਟਰ ਹੈ। ਇਸ ਵਿਸ਼ਾਲ ਜਲ ਗ੍ਰਹਿਣ ਖੇਤਰ ਵਿੱਚ ਰਿਕਾਰਡਤੋੜ ਮੀਂਹ ਪੈਣ ਜਾਂ ਬੱਦਲ ਫਟਣ ਦੀ ਕੋਈ ਵੀ ਘਟਨਾ ਥੋੜ੍ਹੇ ਹੀ ਸਮੇਂ ਵਿੱਚ ਬਹੁਤ ਜ਼ਿਆਦਾ ਪਾਣੀ ਦਾ ਵਹਾਅ ਪੈਦਾ ਕਰ ਸਕਦੀ ਹੈ, ਜੋ ਡੈਮ ਦੇ ਹੇਠਲੇ ਇਲਾਕਿਆਂ ਵਿੱਚ ਭਿਆਨਕ ਤਬਾਹੀ ਦਾ ਕਾਰਨ ਬਣ ਸਕਦੀ ਹੈ।

ਰਿਪੋਰਟਾਂ ਮੁਤਾਬਿਕ ਇਸ ਸੀਜ਼ਨ ਵਿੱਚ ਜਲ ਭੰਡਾਰ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ ਕਾਫ਼ੀ ਉੱਚਾ ਹੈ। ਸਿੰਚਾਈ ਅਤੇ ਬਿਜਲੀ ਉਤਪਾਦਨ ਲਈ ਜਲ ਭੰਡਾਰ ਵਿੱਚ ਲੋੜੀਂਦਾ ਪਾਣੀ ਹੋਣਾ ਚੰਗੀ ਗੱਲ ਹੈ, ਪਰ ਇਹ ਸਾਨੂੰ ਇਸ ਗੱਲ ਦੀ ਵੀ ਯਾਦ ਦਿਵਾਉਂਦਾ ਹੈ ਕਿ ਮੌਨਸੂਨ ਦੇ ਸਿਖਰਲੇ ਵਹਾਅ ਤੋਂ ਪਹਿਲਾਂ ਡੈਮ ਵਿੱਚ ਹੜ੍ਹ ਰੋਕੂ ਸੁਰੱਖਿਆ ਕੁਸ਼ਨ (ਖਾਲੀ ਥਾਂ) ਬਣਾਈ ਰੱਖਣਾ ਕਿੰਨਾ ਜ਼ਰੂਰੀ ਹੈ। ਪੰਜਾਬ ਹੁਣ ਇਹ ਮੰਨ ਕੇ ਨਹੀਂ ਬੈਠ ਸਕਦਾ ਕਿ ਹੜ੍ਹ ਸਿਰਫ਼ ਇੱਕ ਮੌਸਮੀ ਆਫ਼ਤ ਹੈ, ਜਿਸ ਵੱਲ ਧਿਆਨ ਉਦੋਂ ਹੀ ਦੇਣਾ ਹੈ ਜਦੋਂ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ ਜਾਵੇ। ਹੜ੍ਹਾਂ ਦੇ ਟਾਕਰੇ ਦੀ ਤਿਆਰੀ ਸਾਲ ਭਰ ਸਰਕਾਰ ਦੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ।

ਇਸ ਲਈ ਦਰਿਆਵਾਂ ਅਤੇ ਜਲ ਭੰਡਾਰਾਂ ਵਿੱਚੋਂ ਵਿਗਿਆਨਕ ਤਰੀਕੇ ਨਾਲ ਗਾਦ (ਸਿਲਟ) ਕੱਢਣ, ਹੜ੍ਹ ਮੈਦਾਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਸਖ਼ਤੀ ਨਾਲ ਮੁਕਤ ਕਰਵਾਉਣ, ਬੰਨ੍ਹਾਂ ਨੂੰ ਮਜ਼ਬੂਤ ਕਰਨ, ਕੁਦਰਤੀ ਨਿਕਾਸ ਪ੍ਰਣਾਲੀਆਂ ਨੂੰ ਬਹਾਲ ਕਰਨ, ਅਸਲ ਸਮੇਂ ਵਿੱਚ ਪਾਣੀ ਦੇ ਪੱਧਰ ਦੀ ਨਿਗਰਾਨੀ ਅਤੇ ਦਰਿਆਈ ਬੇਸਿਨ ਸਾਂਝੇ ਕਰਨ ਵਾਲੇ ਗੁਆਂਢੀ ਸੂਬਿਆਂ ਵਿੱਚ ਬਿਹਤਰ ਤਾਲਮੇਲ ਦੀ ਸਖ਼ਤ ਲੋੜ ਹੈ।

ਪੰਜਾਬ ਨੇ ਹਮੇਸ਼ਾ ਵੱਡੀਆਂ ਮੁਸ਼ਕਿਲਾਂ ਵਿੱਚ ਆਪਣੀ ਦ੍ਰਿੜ੍ਹਤਾ ਅਤੇ ਜੁਝਾਰੂ ਜਜ਼ਬੇ ਦਾ ਸਬੂਤ ਦਿੱਤਾ ਹੈ, ਪਰ ਇਹ ਜਜ਼ਬਾ ਅਗਾਊਂ ਤਿਆਰੀ ਦਾ ਬਦਲ ਨਹੀਂ ਹੋ ਸਕਦਾ। ਜਿਉਂ-ਜਿਉਂ ਜਲਵਾਯੂ ਪਰਿਵਰਤਨ ਦੇ ਖ਼ਤਰੇ ਵਧ ਰਹੇ ਹਨ ਅਤੇ ਦਰਿਆਈ ਪ੍ਰਣਾਲੀਆਂ ਕਮਜ਼ੋਰ ਹੋ ਰਹੀਆਂ ਹਨ, ਸੂਬੇ ਨੂੰ ਹੜ੍ਹ ਆਉਣ ਤੋਂ ਬਾਅਦ ਰਾਹਤ ਕਾਰਜ ਚਲਾਉਣ ਦੀ ਪੁਰਾਣੀ ਪਹੁੰਚ ਛੱਡ ਕੇ ਹੜ੍ਹ ਰੋਕਣ ਦੀ ਅਗਾਊਂ ਰਣਨੀਤੀ ਵੱਲ ਵਧਣਾ ਹੋਵੇਗਾ। ਮੌਨਸੂਨ ਦਾ ਮੌਸਮ ਹਰ ਸਾਲ ਪੰਜਾਬ ਦੀ ਪ੍ਰੀਖਿਆ ਲੈਂਦਾ ਰਹੇਗਾ; ਸਵਾਲ ਇਹ ਹੈ ਕਿ ਕੀ ਅਸੀਂ ਆਫ਼ਤਾਂ ਆਉਣ ਤੋਂ ਬਾਅਦ ਜਾਗਾਂਗੇ ਜਾਂ ਫਿਰ ਉਨ੍ਹਾਂ ਨੂੰ ਰੋਕਣ ਲਈ ਪਹਿਲਾਂ ਹੀ ਠੋਸ ਕਦਮ ਚੁੱਕਾਂਗੇ?

# ਪੰਜਾਬ ਦੀ ਪੰਥਕ ਤੇ ਸਿੱਖ ਸਿਆਸਤ



**ਜਗਤਾਰ ਸਿੰਘ**

'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਪਹਿਲੀ ਵਾਰ ਜਨਤਕ ਤੌਰ 'ਤੇ ਆਪਣੀ ਤਾਕਤ ਦਾ ਵੱਡੇ ਪੱਧਰ 'ਤੇ ਵਿਖਾਵਾ ਯਕੀਨੀ ਤੌਰ 'ਤੇ ਖ਼ਾਲੀ ਪਏ ਪੰਥਕ ਖੇਤਰ 'ਤੇ ਆਪਣਾ ਦਾਅਵਾ ਜਤਾਉਣ ਵੱਲ ਇਕ ਜ਼ੋਰਦਾਰ ਕਦਮ ਵਜੋਂ ਦੇਖਿਆ ਜਾ ਸਕਦਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਸਿਆਸਤ ਦੇ ਕੇਂਦਰ ਤੋਂ ਅਣਇੱਛਤ ਤੌਰ 'ਤੇ ਹਾਸ਼ੀਏ ਵੱਲ ਧੱਕੇ ਜਾਣ ਤੋਂ ਬਾਅਦ ਇਹ ਥਾਂ ਵੱਡੇ ਪੱਧਰ 'ਤੇ ਖ਼ਾਲੀ ਪਈ ਹੈ। 29 ਜੁਲਾਈ ਨੂੰ ਪਾਰਟੀ ਨੇ ਆਪਣੇ ਆਗੂ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਚੰਡੀਗੜ੍ਹ ਵਿਚ ਇਕ ਵਿਸ਼ਾਲ ਰੋਸ ਮਾਰਚ ਕੀਤਾ। ਅੰਮ੍ਰਿਤਪਾਲ ਸਿੰਘ ਇਸ ਵੇਲੇ ਦੂਰ-ਦੁਰਾਡੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਹਨ। ਇਸ ਧੜੇ ਦੀ ਅਗਵਾਈ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਕਰ ਰਹੇ ਹਨ ਜਿਨ੍ਹਾਂ ਨੇ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਲੋਕ ਸਭਾ ਚੋਣ ਜਿੱਤੀ ਸੀ। ਉਹ ਇਕ ਹੋਰ ਮਾਮਲੇ ਦੇ ਸਬੰਧ ਵਿਚ ਅਜੇ ਵੀ ਉੱਥੇ ਹੀ ਬੰਦ ਹਨ। ਇਸ ਪਾਰਟੀ ਦੀ ਵਿਚਾਰਧਾਰਾ ਨਾਲ ਜੁੜੇ ਇਕ ਹੋਰ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਹਨ ਜੋ ਬੇਅੰਤ ਸਿੰਘ ਦੇ ਪੁੱਤਰ ਹਨ ਜੋ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰਨ ਵਾਲੇ ਦੋਸ਼ੀਆਂ ਵਿੱਚੋਂ ਇਕ ਸੀ।

29 ਜੁਲਾਈ ਦੀ ਲਾਮਬੰਦੀ ਇਸ ਦੇ ਬਿਲਕੁਲ ਉਲਟ ਤਸਵੀਰ ਪੇਸ਼ ਕਰ ਰਹੀ ਸੀ। ਪੁਲਿਸ ਵੱਲੋਂ ਲਗਾਈਆਂ ਰੋਕਾਂ ਅਤੇ ਬੈਰੀਕੇਡਾਂ ਦੇ ਬਾਵਜੂਦ ਜਿਨ੍ਹਾਂ ਲੋਕਾਂ ਨੇ ਲਗਪਗ ਅੱਧੇ ਚੰਡੀਗੜ੍ਹ 'ਤੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ, ਉਹ ਪੁਰਾਣੀਆਂ ਪੰਥਕ ਲਾਮਬੰਦੀਆਂ ਦੀ ਯਾਦ ਦਿਵਾ ਰਹੇ ਸਨ, ਜਿਹੜੀਆਂ ਲੰਮੇ ਸਮੇਂ ਤੱਕ ਅਕਾਲੀ ਸਿਆਸਤ ਦੀ



ਪਛਾਣ ਰਹੀਆਂ ਹਨ।

ਮੰਗਾਂ ਦਾ ਕੇਂਦਰ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੇ ਨਾਲ-ਨਾਲ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਮੰਗ ਸੀ। ਪ੍ਰਦਰਸ਼ਨਕਾਰੀਆਂ ਨੂੰ ਚੰਡੀਗੜ੍ਹ ਦੇ ਸੈਕਟਰ-2 ਸਥਿਤ ਪੰਜਾਬ ਦੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਦਾ ਘਿਰਾਓ ਕਰਨ ਦਾ ਸੱਦਾ ਦਿੱਤਾ ਗਿਆ ਸੀ। ਇਸ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ।

ਪ੍ਰਦਰਸ਼ਨਕਾਰੀ ਸਵੇਰੇ ਗੁਰਦੁਆਰਾ ਅੰਬ ਸਾਹਿਬ ਵਿਖੇ ਇਕੱਠੇ ਹੋਏ ਅਤੇ ਉੱਥੋਂ ਚੰਡੀਗੜ੍ਹ ਵੱਲ ਵਧੇ, ਜਿੱਥੇ ਉਨ੍ਹਾਂ ਨੂੰ ਪੁਲਿਸ ਦੇ ਬੈਰੀਕੇਡਾਂ ਅਤੇ ਪਾਣੀ ਦੀਆਂ ਤੋਪਾਂ ਦਾ ਸਾਹਮਣਾ ਕਰਨਾ ਪਿਆ। ਨੌਜਵਾਨ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੀ ਇਕ ਵਾਟਰ ਕੈਨਨ ਗੱਡੀ 'ਤੇ ਵੀ ਕਬਜ਼ਾ ਕਰ ਲਿਆ। ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਅਤੇ ਪੰਜਾਬ ਸਕੱਤਰੇਤ ਵੱਲ ਜਾਂਦੀ ਸੜਕ 'ਤੇ ਪੁਲਿਸ ਵੱਲੋਂ ਦੂਜਾ ਵੱਡਾ ਬੈਰੀਕੇਡ ਵੀ ਲਗਾਇਆ ਗਿਆ ਸੀ। ਕੁਝ ਜੋਸ਼ੀਲੇ ਪ੍ਰਦਰਸ਼ਨਕਾਰੀਆਂ ਵੱਲੋਂ ਟਕਰਾਅ ਵੱਲ ਵਧਣ ਦੀ ਕੋਸ਼ਿਸ਼ ਦੇ ਬਾਵਜੂਦ, ਲੀਡਰਸ਼ਿਪ ਨੇ ਸਿਆਣਪ ਨਾਲ ਸਥਿਤੀ ਨੂੰ ਹੋਰ ਤਣਾਅਪੂਰਨ ਬਣਾਉਣ ਤੋਂ ਗੁਰੇਜ਼ ਕੀਤਾ। ਮੁੱਖ ਮੰਤਰੀ ਦਫ਼ਤਰ ਵੱਲੋਂ ਇਕ ਵਿਸ਼ੇਸ਼ ਡਿਊਟੀ ਅਫ਼ਸਰ ਮੰਗ-ਪੱਤਰ ਲੈਣ ਲਈ ਮੌਕੇ 'ਤੇ ਪਹੁੰਚਿਆ। ਇਹ ਮੰਗ-ਪੱਤਰ ਕਾਰਜਕਾਰੀ ਪਾਰਟੀ ਪ੍ਰਧਾਨ ਤਰਸੇਮ ਸਿੰਘ, ਸੀਨੀਅਰ ਆਗੂ ਮਨਪ੍ਰੀਤ ਸਿੰਘ ਇਆਲੀ ਅਤੇ ਹੋਰਨਾਂ ਵੱਲੋਂ ਸੌਂਪਿਆ ਗਿਆ। ਇਹ ਲਾਮਬੰਦੀ ਆਪਣੇ-ਆਪ ਵਿਚ ਕਿਸੇ ਨਵੀਂ ਪੰਥਕ ਤਾਕਤ ਦੇ ਉਭਾਰ ਨੂੰ ਸਥਾਪਤ ਕਰਨ ਲਈ ਸ਼ਾਇਦ ਕਾਫ਼ੀ ਨਾ ਹੋਵੇ। ਪਰ ਇਸ ਨੇ ਨਿਰਵਿਵਾਦ ਤੌਰ 'ਤੇ ਇਹ ਸੰਕੇਤ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਖ਼ਾਲੀ ਕੀਤੀ ਗਈ ਸਿਆਸੀ ਥਾਂ ਹੁਣ ਖ਼ਾਲੀ ਨਹੀਂ ਰਹੀ।

ਬੁੱਧਵਾਰ ਦੇ ਪ੍ਰਦਰਸ਼ਨ ਵਿਚ ਸ਼ਾਮਲ ਕੁਝ ਲੋਕ ਆਖ਼ਰੀ ਬੈਰੀਕੇਡ ਤੋੜ ਕੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ 'ਤੇ ਜ਼ੋਰ ਦੇ ਰਹੇ ਸਨ। ਪਰ ਲੀਡਰਸ਼ਿਪ ਨੇ ਸਥਿਤੀ 'ਤੇ ਕਾਬੂ ਰੱਖਿਆ ਅਤੇ ਬੇਲੋੜੇ ਟਕਰਾਅ ਤੋਂ ਸਿਆਣਪ ਨਾਲ ਬਚਾਅ ਕੀਤਾ। ਪਿਛਲੇ ਤਜਰਬਿਆਂ ਤੋਂ ਸਬਕ ਸਿੱਖਣ ਦੀ ਲੋੜ ਹੈ। ਮਕਸਦ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਾ ਸੀ ਅਤੇ ਇਹ ਸੰਦੇਸ਼ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾ ਦਿੱਤਾ ਗਿਆ।

ਇਹ ਵੀ ਇਕ ਗ਼ਲਤ ਧਾਰਨਾ ਹੈ ਕਿ ਇਨ੍ਹਾਂ ਸਿੱਖ ਕੈਦੀਆਂ ਨੂੰ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲੈਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਰੱਖਿਆ ਜਾ ਰਿਹਾ ਹੈ। ਕਈ ਮਾਮਲਿਆਂ ਵਿਚ ਉਹ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਅਜਿਹੇ ਹਾਲਾਤ ਵਿਚ ਸਿਆਸੀ ਕੈਦੀਆਂ ਦੀ ਰਿਹਾਈ ਇਤਿਹਾਸਕ ਤੌਰ 'ਤੇ ਸਿਆਸੀ ਸਮਝੌਤਿਆਂ ਨਾਲ ਜੁੜੀ ਰਹੀ ਹੈ। ਇਸ ਮੰਗ ਨਾਲ ਇਸ ਵੇਲੇ ਜੁੜੇ ਜ਼ਿਆਦਾਤਰ ਲੋਕ ਪੰਥਕ ਸਿਆਸਤ ਦੀ ਰੈਡੀਕਲ ਧਾਰਾ ਨਾਲ ਸਬੰਧਤ ਹਨ।

ਮੌਜੂਦਾ ਦੌਰ ਦੀ ਅਹਿਮੀਅਤ ਇਸ ਗੱਲ ਵਿਚ ਹੈ ਕਿ 1989 ਤੋਂ ਬਾਅਦ ਪੰਥਕ ਸਿਆਸਤ ਦੀ ਇਸ ਧਾਰਾ ਨੇ ਚੋਣਤੰਤਰ ਦੇ ਜਮਹੂਰੀ ਮੰਚ ਰਾਹੀਂ ਆਪਣਾ ਸਿਆਸੀ ਦਾਅਵਾ ਪੇਸ਼ ਕੀਤਾ ਹੈ ਤੇ ਹੁਣ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਨੂੰ ਲੋਕ ਸਭਾ ਵਿਚ ਭੇਜਣ ਵਿਚ ਕਾਮਯਾਬ ਹੋਈ ਹੈ। ਜਿਹੜੀ ਧਾਰਾ ਪਹਿਲਾਂ ਮੁੱਖ ਤੌਰ 'ਤੇ ਸੰਘਰਸ਼ ਅਤੇ ਵਿਰੋਧ ਦੀ ਸਿਆਸਤ ਨਾਲ ਪਛਾਣੀ ਜਾਂਦੀ ਸੀ, ਉਹ ਹੁਣ ਜਮਹੂਰੀ ਖੇਤਰ ਅੰਦਰ ਆਪਣੀ ਨੁਮਾਇੰਦਗੀ ਅਤੇ ਸਿਆਸੀ ਪ੍ਰਵਾਨਗੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪੰਜਾਬ ਦੀ ਸਿਆਸੀ ਗਤੀਸ਼ੀਲਤਾ ਦੇਸ਼ ਦੇ ਬਹੁਤੇ ਹੋਰ ਹਿੱਸਿਆਂ ਨਾਲੋਂ ਵੱਖਰੀ ਹੈ।

(ਬਾਕੀ ਸਫ਼ਾ 6 'ਤੇ)

## ਸਾਰੇ ਵੀਰਾਂ/ਭੈਣਾਂ ਨੂੰ ਬੇਨਤੀ

ਤੁਸੀਂ ਸਭ ਜਾਣਦੇ ਹੋ ਕਿ ਇਸ ਸਮੇਂ ਅਖਬਾਰ ਪ੍ਰਕਾਸ਼ਿਤ ਕਰਨੀ ਬਹੁਤ ਮਹਿੰਗੀ ਹੋ ਗਈ ਹੈ। ਪ੍ਰਿੰਟਿੰਗ ਅਤੇ ਕਾਗਜ਼ ਦੇ ਖਰਚੇ ਬਹੁਤ ਵੱਧ ਗਏ ਹਨ। ਇਸ ਕਰਕੇ ਸਾਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ ਤਾਂ ਜੋ ਪੰਜਾਬੀ ਮਾਂ-ਬੋਲੀ ਦੀ ਸੇਵਾ ਦਾ ਸ਼ੁਭ ਕੰਮ ਚਲਦਾ ਰਹੇ। ਗੁਰਦੁਆਰਾ ਸਾਹਿਬ ਵਿਖੇ ਜੋ ਅਖਬਾਰ ਪਹੁੰਚਦੀ ਕਰਦੇ ਹਾਂ, ਉਸ ਦਾ ਵੀ ਬਹੁਤ ਖਰਚਾ ਵੱਧ ਗਿਆ ਹੈ। ਸਾਡੇ ਇਸ਼ਤਿਹਾਰਾਂ ਦੇ ਬਹੁਤ ਹੀ ਵਾਜਬ ਰੇਟ ਹਨ। ਅਸੀਂ ਸਿਰਫ ਮਾਂ-ਬੋਲੀ ਦੀ ਸੇਵਾ ਕਰਨ ਦੇ ਮਕਸਦ ਨਾਲ ਅਖਬਾਰ ਪ੍ਰਕਾਸ਼ਿਤ ਕਰਦੇ ਹਾਂ। ਸਾਨੂੰ ਆਸ ਹੈ ਕਿ ਤੁਸੀਂ ਸਾਨੂੰ ਜ਼ਰੂਰ ਸਹਿਯੋਗ ਦੇਵੋਗੇ ਤਾਂ ਜੋ ਆਪਣੀ ਬੋਲੀ ਨੂੰ ਬਚਾਉਣ ਅਤੇ ਪ੍ਰਫੁੱਲਿਤ ਕਰਨ ਦੀ ਲਹਿਰ ਨਿਰੰਤਰ ਚਲਦੀ ਰਹੇ।

*– ਸੰਪਾਦਕ 510-938-7771*

# ਵਿਦੇਸ਼ੀ ਪੇਸ਼ੇਵਰਾਂ ਲਈ ਚਿੰਤਾ ਵਧਾਉਂਦਾ 'ਨੌਕਰੀ ਜਾਣ 'ਤੇ ਅਮਰੀਕਾ ਛੱਡਣ' ਦਾ ਪ੍ਰਸਤਾਵ

ਵਾਸ਼ਿੰਗਟਨ- ਅਮਰੀਕਾ ਵਿਚ ਟਰੰਪ ਸਰਕਾਰ ਹੁਣ ਵਿਦੇਸ਼ੀ ਕਾਮਿਆਂ ਨੂੰ ਨਵੀਂ ਨੌਕਰੀ ਲੱਭਣ ਲਈ ਮਿਲਣ ਵਾਲੀ 60 ਦਿਨਾਂ ਦੀ ਮੋਹਲਤ ਖ਼ਤਮ ਕਰਨ ਦੇ ਪ੍ਰਸਤਾਵ 'ਤੇ ਵਿਚਾਰ ਕਰ ਰਿਹਾ ਹੈ। ਦਰਅਸਲ, ਅਮਰੀਕਾ ਵਿਚ ਭਾਰਤੀ ਪੇਸ਼ੇਵਰਾਂ ਅਤੇ ਕਾਮਿਆਂ ਦੀ ਵੱਡੀ ਗਿਣਤੀ ਹੈ, ਇਸ ਲਈ ਟਰੰਪ ਸਰਕਾਰ ਦੇ ਇਹੋ-ਜਿਹੇ ਕਿਸੇ ਵੀ ਫ਼ੈਸਲੇ ਦਾ ਭਾਰਤੀਆਂ 'ਤੇ ਵੱਡਾ ਅਸਰ ਪੈਣ ਦਾ ਖ਼ਦਸ਼ਾ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਹੁਨਰਮੰਦ ਪੇਸ਼ੇਵਰਾਂ ਨੂੰ ਮਿਲਣ ਵਾਲੇ ਐੈਚ-1 ਬੀ ਵੀਜ਼ੇ ਦਾ ਫ਼ਾਇਦਾ ਲੈਣ ਵਾਲੇ ਵਿਦੇਸ਼ੀਆਂ ਵਿਚ ਸਭ ਤੋਂ ਵੱਡੀ ਗਿਣਤੀ ਭਾਰਤੀ ਨਾਗਰਿਕਾਂ ਦੀ ਹੈ। ਅਮਰੀਕਾ ਵਿਚ ਵਰਕ ਵੀਜ਼ਾ ਵਰਗੇ ਨਾਨ-ਇਮੀਗ੍ਰਾਂਟ ਵੀਜ਼ੇ 'ਤੇ ਆ ਕੇ ਵਿਦੇਸ਼ੀ ਨਾਗਰਿਕ ਵੱਖ-ਵੱਖ ਤਰ੍ਹਾਂ ਦੇ ਕੰਮ ਕਰਦੇ ਹਨ, ਜਿਨ੍ਹਾਂ ਵਿਚ ਭਾਰਤੀ ਨਾਗਰਿਕਾਂ ਦੀ ਗਿਣਤੀ ਵੱਡੀ ਹੈ। ਕਿਸੇ ਕਾਰਨ ਉਨ੍ਹਾਂ ਦੀ ਨੌਕਰੀ ਚਲੀ ਜਾਣ 'ਤੇ ਉਨ੍ਹਾਂ ਨੂੰ ਇਕਰਾਰਨਾਮੇ 'ਤੇ ਅਧਾਰਤ ਹੋਰ ਕੰਮ ਲੱਭਣ ਲਈ 60 ਦਿਨਾਂ ਦੀ ਮੋਹਲਤ ਮਿਲਦੀ ਹੈ ਪਰ ਟਰੰਪ ਹਕੂਮਤ ਇਸ ਮੋਹਲਤ ਨੂੰ ਖ਼ਤਮ ਕਰਨ ਬਾਰੇ ਵਿਚਾਰ ਕਰ ਰਹੀ ਹੈ। ਇਸ ਦਾ ਮਤਲਬ ਇਹ ਹੋਵੇਗਾ ਕਿ ਨੌਕਰੀ ਦਾ ਇਕਰਾਰਨਾਮਾ ਖ਼ਤਮ ਹੋਣ ਜਾਂ ਕਿਸੇ ਹੋਰ ਕਾਰਨ ਨੌਕਰੀ ਚਲੀ ਜਾਣ 'ਤੇ ਵਿਦੇਸ਼ੀ ਕਾਮੇ ਅਤੇ ਉਸ ਦੇ ਪਰਿਵਾਰ ਨੂੰ ਤੁਰੰਤ ਅਮਰੀਕਾ ਛੱਡਣਾ ਪਵੇਗਾ। ਇਸ ਸਬੰਧੀ ਜਾਣਕਾਰੀ ਮੈਨੇਜਮੈਂਟ ਐਂਡ ਬਜਟ ਦੇ ਫੈਡਰਲ ਦਫ਼ਤਰ ਦੀ ਵੈੱਬਸਾਈਟ 'ਤੇ ਦਿੱਤੀ ਗਈ ਹੈ। ਪ੍ਰਸਤਾਵ ਦੇ ਹੋਰ ਇੰਤਜ਼ਾਮਾਂ ਨੂੰ ਹਾਲੇ ਤੱਕ ਜਨਤਕ ਨਹੀਂ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਨੌਕਰੀ ਚਲੀ ਜਾਣ ਦੀ ਸਥਿਤੀ ਵਿਚ ਵਿਦੇਸ਼ੀ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ 60 ਦਿਨਾਂ ਤੱਕ ਅਮਰੀਕਾ ਵਿੱਚ ਰਹਿ ਕੇ ਨਵੀਂ ਨੌਕਰੀ ਲੱਭਣ ਦੀ ਸਹੂਲਤ 2017 ਵਿਚ ਦਿੱਤੀ ਗਈ ਸੀ। ਇਸ ਸਹੂਲਤ ਦਾ ਲਾਭ ਈ-1, ਈ-2, ਈ-3, ਐੈਚ-1 ਬੀ, ਐੈਚ-1 ਬੀ 1, ਐੈਲ-1, ਓ-1 ਅਤੇ ਟੀਐੈਨ ਵਰਗੇ ਨਾਨ-ਇਮੀਗ੍ਰੈਂਟ ਵੀਜ਼ਾ ਧਾਰਕਾਂ ਨੂੰ ਮਿਲਦਾ ਹੈ। ਜੇ ਟਰੰਪ ਸਰਕਾਰ ਨੇ ਵਿਦੇਸ਼ੀ ਕਾਮਿਆਂ ਨਾਲ ਸਬੰਧਤ ਪ੍ਰਸਤਾਵ ਨੂੰ ਮਨਜ਼ੂਰ ਕਰ ਲਿਆ ਤਾਂ ਹਰ ਤਰ੍ਹਾਂ ਦੀ ਸ਼੍ਰੇਣੀ ਦੇ ਪੇਸ਼ੇਵਰਾਂ-ਕਾਮਿਆਂ ਲਈ ਵੱਡੀ ਮੁਸ਼ਕਲ ਖੜ੍ਹੀ ਹੋ ਜਾਵੇਗੀ। ਅਮਰੀਕਾ ਛੱਡਣ ਲਈ ਜ਼ਰੂਰੀ ਪ੍ਰਬੰਧ ਕਰਨ ਵਾਸਤੇ ਉਨ੍ਹਾਂ ਨੂੰ ਕਿੰਨੇ ਦਿਨਾਂ ਦਾ ਸਮਾਂ ਮਿਲੇਗਾ, ਇਹ ਅਜੇ ਸਪੱਸ਼ਟ ਨਹੀਂ ਹੈ। ਯਾਦ ਰਹੇ, ਅਮਰੀਕਾ ਵਿਚ ਹੁਨਰਮੰਦ ਪੇਸ਼ੇਵਰਾਂ ਨੂੰ ਮਿਲਣ ਵਾਲੇ ਐੈਚ-1 ਬੀ ਵੀਜ਼ੇ ਦਾ ਲਾਭ ਲੈਣ ਵਾਲਿਆਂ ਵਿਚ ਭਾਰਤੀ ਨਾਗਰਿਕਾਂ ਦੀ ਗਿਣਤੀ ਸਭ ਤੋਂ ਵੱਧ ਹੈ। ਸਾਲ 2024 ਵਿਚ ਹੀ ਇਸ ਸ਼੍ਰੇਣੀ ਦਾ ਵੀਜ਼ਾ ਹਾਸਲ ਕਰਨ ਵਾਲਿਆਂ ਵਿਚ 71 ਫ਼ੀਸਦੀ ਲੋਕ ਭਾਰਤੀ ਸਨ।

## 'ਪਰਦੇਸ ਟਾਇਮਜ਼' 'ਚ ਇਸ਼ਤਿਹਾਰ ਲਗਵਾਉਣ ਦੇ ਨਵੇਂ ਰੇਟ

**ਪਰਦੇਸ ਟਾਇਮਜ਼ 'ਚ ਮਸ਼ਹੂਰੀ ਜਾਂ ਇਸ਼ਤਿਹਾਰ ਲਗਵਾਉਣ ਲਈ ਸਾਡੇ ਰੇਟ ਇਕ ਵਾਰ ਲਈ ਅਤੇ ਸਾਲਾਨਾ ਰੇਟ ਇਸ ਪ੍ਰਕਾਰ ਹਨ:**

| | | |
|---|---|---|
| **1/4 B/W** | - $50<br>- $1000 | (ਇਕ ਵਾਰ ਲਈ)<br>(ਸਾਲਾਨਾ (ਇਕ ਸਾਲ ਲਈ) |
| **1/4 Colour** | - $75<br>- $1500 | (ਇਕ ਵਾਰ ਲਈ)<br>(ਸਾਲਾਨਾ) |
| **Full Page B/W**<br>ਹਰ ਵਾਰ ਸਿਰਫ | - $150<br>-$125 | (ਇਕ ਵਾਰ ਲਈ)<br>(ਇਕ ਤੋਂ ਵੱਧ ਵਾਰ ਛਾਪਣ ਲਈ) |
| **Full Page Colour**<br>ਇਕ ਤੋਂ ਵੱਧ ਵਾਰ | -$225<br>-$200 | (ਇਕ ਵਾਰ ਲਈ)<br>(ਹਰ ਵਾਰ ਛਪਣ ਲਈ) |
| ਕਾਰਡ ਸਾਈਜ਼<br>**Front Page Colour**<br>ਇਕ ਸਾਲ ਜਾਂ ਸਾਲਾਨਾ<br>ਛਪਣ ਲਈ (ਕਾਰਡ ਸਾਈਜ਼) | -$65<br>-$1500 | (ਇਕ ਵਾਰ ਲਈ)<br>(1/8 ਸਾਲਾਨਾ) |
| **Back Page Colour**<br>**Full page** | -$300<br>-$6000 | (ਇਕ ਵਾਰ ਲਈ)<br>(ਸਾਲਾਨਾ) |
| **1/8 B/W**<br>ਇਕ ਸਾਲ ਲਈ | -$30<br>-$500 | (ਇਕ ਵਾਰ ਲਈ)<br>(ਸਾਲਾਨਾ) |


AASAAN DRIVING SCHOOL

ਅਸਾਨ ਡਰਾਈਵਿੰਗ ਸਕੂਲ, ਫਰਿਜ਼ਨੋ-ਮਡੇਰਾ



ਤਜ਼ਰਬੇਕਾਰ ਅਧਿਆਪਕ, ਬਹੁਤ ਹੀ ਵਾਜ਼ਬ ਰੇਟ 'ਤੇ ਡਰਾਈਵਿੰਗ ਸਿੱਖਣ ਲਈ ਇਕ ਵਾਰ ਜ਼ਰੂਰ ਸੰਪਰਕ ਕਰੋ ਜੀ

Student driving
Please be patient

Contact Please :- 559-479-4676
408-890-8122, 408-314-2182



CALIFORNIA IMMIGRATION SERVICES INC.

Your Registered & Bonded 'Immigration-Consultants'



ROSY (Kanwal) KAUR

Immigration Consultant

408-422-8585
510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 2450 Peralta blvd unit 107 Fremont, CA 94536
Tracy Office: 1660 W Linnee Rd. Unit J 25, Tracy CA, 95377

# ਸੰਪਾਦਕੀ

## ਅਕਾਲੀ ਦਲ ਫਿਰ ਭਾਜਪਾ ਦੀਆਂ ਬਰੂਹਾਂ 'ਤੇ

ਪੰਜਾਬ ਦੀ ਇਕੱਲੀ ਖੇਤਰੀ ਪਾਰਟੀ, ਜਿਸ ਨੇ ਸੱਤਾ ਦਾ ਸੁਆਦ ਚੱਖਿਆ ਹੈ, ਉਹ ਹੈ ਅਕਾਲੀ ਦਲ ਜੋ ਬਾਅਦ ਵਿਚ ਅਕਾਲੀ ਦਲ (ਬਾਦਲ) ਬਣ ਗਿਆ। ਇਹ ਪਾਰਟੀ ਇਕੱਲਿਆਂ ਕਦੀ ਵੀ ਪੰਜਾਬ ਦੀ ਸੱਤਾ 'ਤੇ ਕਾਬਜ ਨਹੀਂ ਹੋ ਸਕੀ ਕਿਉਂਕਿ ਪੰਜਾਬ ਵਿਚ ਪੰਥਕ ਵੋਟ ਇੰਨੀ ਜ਼ਿਆਦਾ ਨਹੀਂ ਰਹਿ ਗਈ ਕਿ ਇਕੱਲਿਆਂ ਹੀ ਪੰਜਾਬ ਦੀ ਸੱਤਾ ਹਾਸਲ ਕਰ ਸਕੇ। ਇਸ ਕਰਕੇ ਇਹ ਪਾਰਟੀ ਕਦੀ ਜਨ ਸੰਘ, ਕਦੀ ਬਸਪਾ ਅਤੇ ਕਦੀ ਭਾਜਪਾ ਦੇ ਨਾਲ ਗੱਠਜੋੜ ਕਰਕੇ ਹੀ ਸੱਤਾ ਵਿਚ ਆਈ ਹੈ। ਪੰਜਾਬ ਦੀ ਧਾਰਮਿਕ ਧਰਾਤਲ 'ਤੇ ਸਥਿਤੀ ਕੁਝ ਅਜਿਹੀ ਹੈ ਕਿ ਪੰਥਕ, ਹਿੰਦੂ ਅਤੇ ਦਲਿਤ ਵੋਟ ਬੈਂਕ ਪੰਜਾਬ ਦੀ ਸੱਤਾ ਦਾ ਰਸਤਾ ਖੋਲ੍ਹਦੇ ਹਨ। ਸਿਰਫ ਕਾਂਗਰਸ ਪਾਰਟੀ ਇਕੱਲਿਆਂ ਹੀ ਆਪਣੇ ਦਮ 'ਤੇ ਸੱਤਾ ਵਿਚ ਆਉਂਦੀ ਰਹੀ ਹੈ।

ਇਸ ਵਕਤ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਮੁਫਤ ਦੀਆਂ ਰਿਓੜੀਆਂ ਵੰਡ ਕੇ ਸੱਤਾ ਵਿਚ ਆਈ ਇਹ ਪਾਰਟੀ ਮੁਫਤ ਦੀਆਂ ਸਹੂਲਤਾਂ ਦੇ ਸਹਾਰੇ ਹੀ ਖੜ੍ਹੀ ਹੈ। ਚਾਰ ਸਾਲਾਂ ਵਿਚ ਇਸ ਸਰਕਾਰ ਨੇ ਅਜਿਹਾ ਕੋਈ ਕਦਮ ਨਹੀਂ ਚੁੱਕਿਆ, ਜਿਸ ਤੋਂ ਮਹਿਸੂਸ ਹੋਵੇ ਕਿ ਇਹ ਪਾਰਟੀ ਪੰਜਾਬ ਦੀਆਂ ਜ਼ਮੀਨੀ ਮੁਸ਼ਕਿਲਾਂ ਦਾ ਹੱਲ ਕਰਨ ਦੇ ਯੋਗ ਹੈ। ਪੰਜਾਬ ਵਿਚ ਮੌਜੂਦਾ ਸਰਕਾਰ ਦੇ ਖਿਲਾਫ ਸਭ ਤੋਂ ਜ਼ਿਆਦਾ ਵਿਰੋਧ ਮੁਲਾਜ਼ਮ ਵਰਗ ਕਰ ਰਿਹਾ ਹੈ। 4 ਲੱਖ ਦੇ ਕਰੀਬ ਮੁਲਾਜ਼ਮਾਂ ਨੇ ਤਾਂ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਤੋਂ ਸਖਤ ਇਨਕਾਰ ਕਰ ਦਿੱਤਾ ਹੈ। ਮੁਲਾਜ਼ਮਾਂ ਦੇ ਇਸ ਵਕਤ ਸਖਤ ਵਿਰੋਧ ਕਾਰਨ ਆਮ ਆਦਮੀ ਪਾਰਟੀ ਦੀਆਂ ਮੁਸ਼ਕਿਲਾਂ ਵੱਧ ਗਈਆਂ ਹਨ, ਹਾਲਾਂਕਿ ਇਹ ਪਾਰਟੀ ਔਰਤਾਂ ਦੇ ਖਾਤਿਆਂ ਵਿਚ ਪੈਸੇ ਆਦਿ ਪਾ ਕੇ ਆਪਣੀ ਹਵਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਇਹ ਲਾਰੇ-ਲੱਪੇ ਇਕ ਵਾਰ ਚੱਲ ਜਾਂਦੇ ਹਨ, ਦੁਬਾਰਾ ਚੱਲਣੇ ਔਖੇ ਹੋ ਜਾਂਦੇ ਹਨ, ਅਗਲੀ ਵਾਰ ਹੋਰ ਲਾਰੇ ਲਾਉਣੇ ਪੈਂਦੇ ਹਨ। ਇਸ ਪਾਰਟੀ ਤੋਂ ਬਾਅਦ ਅਗਲੀ ਵੱਡੀ ਧਿਰ ਕਾਂਗਰਸ ਹੈ, ਜਿਸ ਨੇ ਲੋਕ ਸਭਾ ਵਿਚ ਚੰਗਾ ਪ੍ਰਦਰਸ਼ਨ ਕੀਤਾ ਸੀ ਪਰ ਜਿਉਂ-ਜਿਉਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆਈਆਂ ਤਾਂ ਇਸ ਪਾਰਟੀ ਵਿਚ ਮੁੱਖ ਮੰਤਰੀ ਦੀ ਕੁਰਸੀ ਵਿਚ ਬਹੁਤ ਸਾਰੇ ਖੇਤਰੀ ਲੀਡਰਾਂ ਦੇ ਸਿਰ ਫਸ ਗਏ। ਇਹ ਵੀ ਅਫਵਾਹਾਂ ਉਡਣ ਲੱਗੀਆਂ ਕਿ ਪੰਜਾਬ ਕਾਂਗਰਸ ਦੇ ਜਿੱਤਣ ਦੀ ਸੂਰਤ ਵਿਚ ਮੁੱਖ ਮੰਤਰੀ ਉਹੀ ਬਣੇਗਾ, ਜਿਹੜਾ ਮੋਟਾ ਪੈਸਾ ਚੜ੍ਹਾਵੇਗਾ। ਅਜਿਹੀਆਂ ਗੱਲਾਂ ਜਦੋਂ ਸਮਾਜ ਵਿਚ ਫੈਲਣ ਲੱਗ ਜਾਣ ਤਾਂ ਉਸ ਪਾਰਟੀ ਦਾ ਸੱਤਾ ਵੱਲ ਦਬਾਅ ਘਟ ਜਾਂਦਾ ਹੈ ਅਤੇ ਸਭ ਨੂੰ ਆਪੋ-ਧਾਪੀ ਪੈ ਜਾਂਦੀ ਹੈ। ਕਾਂਗਰਸ ਵਿਚ ਵੀ ਅਜਿਹਾ ਹੀ ਕੁਝ ਹੋ ਰਿਹਾ ਹੈ।

ਅਜਿਹੇ ਮੌਕੇ ਨੂੰ ਭਾਂਪਦਿਆਂ ਥੱਕੇ-ਹਾਰੇ ਅਕਾਲੀ ਦਲ ਨੂੰ ਆਪਣੀ ਜ਼ਮੀਨ ਮਿਲਣ ਦੀ ਸੰਭਾਵਨਾ ਮਿਲਦੀ ਨਜਰ ਆ ਰਹੀ ਹੈ ਪਰ ਇਸ ਪਾਰਟੀ ਮੂਹਰੇ ਚੁਣੌਤੀ ਇਹ ਹੈ ਕਿ ਇਹ ਇਕ ਨਕਾਰੀ ਹੋਈ ਪਾਰਟੀ ਵਾਂਗ ਪੰਜਾਬ ਵਿਚ ਵਿੱਚਰ ਰਹੀ ਹੈ। ਇਸ ਦੀ ਲੀਡਰਸ਼ਿਪ ਦੋਫਾੜ ਹੈ ਅਤੇ ਇੱਧਰ-ਉਧਰ ਭੱਜ ਰਹੀ ਹੈ। ਪਰ ਸੁਖਬੀਰ ਬਾਦਲ ਨੂੰ ਇਕ ਹੋਰ ਸੰਭਾਵਨਾ ਹੁਣ ਇਹ ਨਜਰ ਆ ਰਹੀ ਹੈ ਕਿ ਜੇਕਰ ਭਾਰਤੀ ਜਨਤਾ ਪਾਰਟੀ ਉਸ ਨਾਲ ਰਲ ਕੇ ਚੋਣ ਲੜਨ ਲਈ ਤਿਆਰ ਹੋ ਜਾਵੇ ਤਾਂ ਗੱਲ ਬਣ ਸਕਦੀ ਹੈ। ਹਾਲਾਂਕਿ ਭਾਜਪਾ ਨੂੰ ਪੰਜਾਬ ਦੀ ਸੱਤਾ ਹਾਸਲ ਕਰਨ ਦੀ ਕੋਈ ਕਾਹਲੀ ਨਜ਼ਰ ਨਹੀਂ ਆ ਰਹੀ ਪਰ ਅਕਾਲੀ ਦਲ ਦੇ ਵਜ਼ੂਦ ਦਾ ਸਵਾਲ ਬਣ ਚੁੱਕਾ ਹੈ। ਜੇਕਰ ਆਮ ਆਦਮੀ ਪਾਰਟੀ ਦੁਬਾਰਾ ਸੱਤਾ ਵਿਚ ਆਈ ਤਾਂ ਅਕਾਲੀ ਦਲ ਦਾ ਸਫਾਇਆ ਕਰ ਦੇਵੇਗੀ, ਇਹ ਗੱਲ ਸਭ ਜਾਣਦੇ ਹਨ। ਇਸ ਕਰਕੇ ਅਕਾਲੀ ਦਲ ਦੇ ਵਜ਼ੂਦ ਦਾ ਸਵਾਲ ਬਣ ਚੁੱਕਾ ਹੈ ਕਿ ਜੇਕਰ ਬਚਣਾ ਹੈ ਤਾਂ ਕਿਸੇ ਵੀ ਹਾਲਤ ਵਿਚ ਸੱਤਾ ਵਿਚ ਨਹੁੰ ਫਸਣਾ ਜ਼ਰੂਰੀ ਹੈ। ਇਸ ਕਰਕੇ ਅਕਾਲੀ ਦਲ ਨੇ ਆਪਣੀ ਇਕ ਹੀ ਸਾਂਸਦ ਜੋ ਕਿ ਸੁਖਬੀਰ ਬਾਦਲ ਦੀ ਧਰਮ ਪਤਨੀ ਹਰਸਿਮਰਤ ਕੌਰ ਬਾਦਲ ਹੈ, ਨੂੰ ਕੇਂਦਰ ਵਿਚ ਭਾਜਪਾ ਵੱਲ ਤੋਰ ਦਿੱਤਾ ਹੈ। ਭਾਜਪਾ ਨੂੰ ਫਿਲਹਾਲ ਇਕ-ਇਕ ਵੋਟ ਦੀ ਲੋੜ ਹੈ ਕਿਉਂਕਿ ਡੀਲਿਮੀਟੇਸ਼ਨ ਕਾਨੂੰਨ ਲਈ ਉਸ ਨੂੰ ਦੋ-ਤਿਹਾਈ ਬਹੁਮਤ ਦੀ ਲੋੜ ਹੈ, ਜਿਸ ਦੇ ਉਹ ਲੱਗਭੱਗ ਕਰੀਬ ਪਹੁੰਚ ਗਈ ਹੈ। ਹੁਣ ਦੇਖਣ ਵਾਲੀ ਗੱਲ ਹੋਵੇਗੀ ਕਿ ਭਾਜਪਾ ਕੀ ਰੁਖ ਅਪਣਾਉਂਦੀ ਹੈ ਕਿਉਂਕਿ ਅਕਾਲੀ ਦਲ ਤਾਂ ਭਾਜਪਾ ਅੱਗੇ ਆਤਮ-ਸਮਰਪਣ ਕਰ ਚੁੱਕਾ ਹੈ। ਜੇਕਰ ਵਿਧਾਨ ਸਭਾ ਚੋਣਾਂ ਵਿਚ ਦੋਵੇਂ ਪਾਰਟੀਆਂ ਅੱਧੋ-ਅੱਧ 'ਤੇ ਵੀ ਸਹਿਮਤ ਹੋ ਜਾਂਦੀਆਂ ਹਨ, ਤਾਂ ਅਕਾਲੀ ਦਲ ਲਈ ਇਹ ਪੁਨਰ ਜਨਮ ਵਾਲੀ ਗੱਲ ਹੋਵੇਗੀ ਅਤੇ ਅਜਿਹੀ ਸੂਰਤ ਵਿਚ ਪੰਜਾਬ ਵਿਚ ਇਹ ਕਨਸੋਆਂ ਆਰੰਭ ਵੀ ਹੋ ਗਈਆਂ ਹਨ ਕਿ ਜੇਕਰ ਇਹ ਦੋਵੇਂ ਪਾਰਟੀਆਂ ਇਕੱਠੀਆਂ ਹੋ ਗਈਆਂ ਤਾਂ ਆਰਾਮ ਨਾਲ ਸੱਤਾ ਹਾਸਲ ਕਰ ਸਕਦੀਆਂ ਹਨ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਮੁਕਾਬਲਾ ਪ੍ਰੀਖਿਆਵਾਂ ਵਿਚ ਹੇਰਾਫੇਰੀ ਕਿਉਂ ਹੁੰਦੀ ਹੈ?



**ਤਰਲੋਚਨ ਸਿੰਘ ਭੱਟੀ**

ਭਾਰਤ 'ਚ ਪ੍ਰੀਖਿਆਵਾਂ ਵਿਦਿਆਰਥੀਆਂ ਦੀ ਤਰੱਕੀ, ਚੋਣ ਅਤੇ ਮੂਲਾਂਕਣ ਲਈ ਬਹੁਤ ਮਹਤਵਪੂਰਨ ਹਨ। ਇਹ ਸਿੱਖਿਆ ਪ੍ਰਣਾਲੀ ਦਾ ਇਕ ਬੁਨਿਆਦੀ ਹਿੱਸਾ ਹਨ। ਭਾਰਤ 'ਚ ਪ੍ਰਚਲਤ ਪ੍ਰੀਖਿਆਵਾਂ ਦੇ ਵਰਗੀਕਰਨ 'ਚ ਬੋਰਡ ਪ੍ਰੀਖਿਆਵਾਂ (ਸਕੂਲ ਬੋਰਡ ਪ੍ਰੀਖਿਆਵਾਂ ਜਿਵੇਂ ਸੀਬੀਐਸਈ, ਆਈਸੀਐਸਈ, ਸਟੇਟ ਬੋਰਡ ਆਦਿ), ਸਕੂਲ ਸਿੱਖਿਆ ਦੇ ਮੂਲਾਂਕਣ ਲਈ ਦਾਖ਼ਲਾ/ਪ੍ਰਵੇਸ਼ ਪ੍ਰੀਖਿਆਵਾਂ (ਇੰਜ਼ੀਨਿਆਰਿੰਗ/ਜੇ.ਈ.ਈ.) ਮੈਡੀਕਲ (ਨੀਟ), ਲਾਅ (ਸੀਐਲਏਟੀ), ਮੈਨੇਜਮੈਂਟ (ਸੀਏਟੀ), ਯੂਨੀਵਰਸਿਟੀ ਲੈਵਲ (ਸੀਯੂਈਟੀ), ਨੌਕਰੀ/ਭਰਤੀ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ (ਯੂਪੀਐਸਸੀ ਦੀਆਂ ਸਿਵਲ ਸਰਵਿਸ ਸੇਵਾਵਾਂ ਪ੍ਰੀਖਿਆਵਾਂ, ਸਟੇਟ ਪਬਲਿਕ ਸਰਵਿਸ ਕਮਿਸ਼ਨ ਦੀਆਂ ਪ੍ਰੀਖਿਆਵਾਂ ਆਦਿ) ਬੈਂਕਿੰਗ, ਰੇਲਵੇ, ਡੀਫੈਂਸ (ਐਨਡੀਏ, ਸੀਡੀਐਸ), ਯੂਨੀਵਰਸਿਟੀ (ਵਿੱਦਿਅਕ ਸਮੈਸਟਰ/ਸਲਾਨਾਂ ਪ੍ਰੀਖਿਆਵਾਂ)। ਐਸੀਆਂ ਸਾਰੀਆਂ ਪ੍ਰੀਖਿਆਵਾਂ ਲਿਖਤੀ, ਜ਼ਬਾਨੀ, ਪ੍ਰੈਕਟੀਕਲ ਸੰਸਥਾਵਾਂ ਦੇ ਉਦੇਸ਼ਾਂ ਅਨੁਸਾਰ ਅਬਜੈਕਟਿਵ/ ਸਬਜੈਕਟਿਵ ਆਦਿ ਹੋ ਸਕਦੀਆਂ ਹਨ।

ਭਾਰਤੀ ਪ੍ਰੀਖਿਆ ਪ੍ਰਨਾਲੀ ਰੋਟ ਲਰਨਿੰਗ (ਯਾਦ ਸ਼ਕਤੀ) ਆਧਾਰਿਤ ਹੋਣ ਕਾਰਨ ਵਿਦਿਆਰਥੀਆਂ 'ਚ ਰਚਨਾਤਮਕਤਾ ਅਤੇ ਅਪਲਾਈ ਕਰਨ ਦੀ ਯੋਗਤਾ ਦਾ ਮੂਲਾਂਕਣ ਨਹੀਂ ਕਰਦੀਆਂ। ਵਿਦਿਆਰਥੀ ਅਤੇ ਪ੍ਰੀਖਿਆਰਥੀ ਬਹੁਤ ਜ਼ਿਆਦਾ ਦਬਾਅ ਤੇ ਤਣਾਅ 'ਚ ਰਹਿੰਦੇ ਹਨ। ਨੀਟ/ਜੇਈਈ ਵਰਗੀਆਂ ਪ੍ਰੀਖਿਆਵਾਂ 'ਚ ਪੇਪਰ ਲੀਕੇ-ਬੇਈਮਾਨੀ ਦੀਆਂ ਘਟਨਾਵਾਂ ਆਦਿ ਹੁੰਦੀਆਂ ਰਹਿੰਦੀਆਂ ਹਨ, ਜਿਸ ਕਾਰਨ ਪ੍ਰੀਖਿਆ ਪ੍ਰਨਾਲੀ ਅਤੇ ਪ੍ਰੀਖਿਆ ਸੰਚਾਲਕਾਂ 'ਚ ਲੋਕਾਂ ਦਾ ਵਿਸ਼ਵਾਸ ਘੱਟਦਾ ਜਾ ਰਿਹਾ ਹੈ। ਪ੍ਰੀਖਿਆਵਾਂ 'ਚ ਸੁਧਾਰ ਲਿਆਉਣਾ, ਐਨਟੀਲੀਕ ਤਕਨੀਕ (ਡੀਜ਼ਿਟਲ ਲਾਕਿੰਗ), ਬਿਹਤਰ ਨਿਗਰਾਨੀ ਅਤੇ ਪਾਰਦਰਸ਼ੀ ਮੂਲਾਂਕਣ ਨੂੰ ਅਪਨਾਉਣ ਦੀ ਲੋੜ ਹੈ। ਵਿਦਿਆਰਥੀਆਂ ਦੇ ਮਾਨਸਿਕ ਤਣਾਅ ਨੂੰ ਘਟਾਉਣ ਲਈ ਮਾਨਸਿਕ ਸਿਹਤ, ਖੇਡਾਂ ਅਤੇ ਐਕਸਟਰਾ ਕਾਰੀਕੂਲਰ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਗਰੇਡਿੰਗ ਸਿਸਟਮ 'ਚ ਸੁਧਾਰ, ਆਨਲਾਈਨ ਪ੍ਰੀਖਿਆਵਾਂ, ਏਆਈ ਮੂਲਾਂਕਣ ਲਈ ਬਿਹਤਰ ਟੂਲ ਦੀ ਜ਼ਰੂਰਤ ਹੈ। ਐਸੀਆਂ ਤਬਦੀਲੀਆਂ ਲਾਗੂ ਕਰਨ ਲਈ ਸਰਕਾਰ, ਸੰਸਥਾਵਾਂ ਅਤੇ ਸਮਾਜ ਨੂੰ ਸਾਂਝਾ ਹੰਭਲਾ ਮਾਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਵੱਖ-ਵੱਖ ਦੇਸ਼ਾਂ ਵਿਚਾਲੇ ਵਿਦਿਆਰਥੀਆਂ ਦੀ ਗੁਣਵੱਤਾ ਲਿਟਰੇਸੀ ਅਤੇ ਸਕਿੱਲਜ਼ ਦੀ ਤੁਲਨਾ ਕਰਨ ਲਈ ਕਈ ਮੂਲਾਂਕਣ ਪ੍ਰਣਾਲੀਆਂ ਵਰਤੀਆਂ ਜਾਂਦੀਆਂ ਹਨ, ਜੋ ਰੋਟ ਲਰਨਿੰਗ ਦੀ ਬਜਾਏ ਅਪਲਾਈਡ ਨਾਲੇਜ਼, ਸਮੱਸਿਆਂ ਦਾ ਹੱਲ ਅਤੇ ਰੀਅਲ ਲਾਈਫ਼ ਐਪਲੀਕੇਸ਼ਨ ਉੱਤੇ ਫੋਕਸ ਕਰਦੀਆਂ ਹਨ, ਜੋ ਵਿਦਿਆਰਥੀਆਂ ਦੇ ਮੂਲਾਂਕਣ ਲਈ ਸਹਾਈ ਹੋ ਸਕਦੀਆਂ ਹਨ।



ਭਾਰਤ 'ਚ ਸਮੇਂ-ਸਮੇਂ ਕਰਵਾਈਆਂ ਜਾ ਰਹੀਆਂ ਅਕਾਦਮਿਕ ਅਤੇ ਭਰਤੀ ਪ੍ਰੀਖਿਆਵਾਂ 'ਚ ਬੇਈਮਾਨੀ, ਭ੍ਰਿਸ਼ਟਾਚਾਰ ਅਤੇ ਪੇਪਰ ਲੀਕੇਜ਼/ਪੇਪਰ ਵਿਕਰੀ ਦੀਆਂ ਘੱਟਨਾਵਾਂ ਵੱਧਣ ਨਾਲ ਵਿਦਿਆਰਥੀਆਂ 'ਚ ਸਰਕਾਰ ਅਤੇ ਪ੍ਰਸ਼ਾਸਨ ਵਿੑਰੁਧ ਵਧਦਾ ਰੋਸ ਸੜਕਾਂ ਨੂੰ ਜਾਮ ਕਰ ਰਿਹਾ ਹੈ। ਤਾਜ਼ਾ ਮਿਸਾਲ ਜੰਤਰ-ਮੰਤਰ, ਦਿੱਲੀ ਅਤੇ ਹੋਰ ਥਾਵਾਂ ਤੇ ਵਿਦਿਆਥੀਆਂ ਅਤੇ ਹੋਰ ਜਥੇਬੰਦੀਆਂ ਵੱਲੋਂ ਲੱਗ ਰਹੇ ਧਰਨੇ ਹਨ। ਜ਼ਿਕਰਯੋਗ ਹੈ ਕਿ ਪ੍ਰੀਖਿਆ ਪੇਪਰ ਲੀਕੇਜ਼ ਨੂੰ ਰੋਕਣ ਅਤੇ ਪ੍ਰੀਖਿਆਵਾਂ 'ਚ ਸੁਧਾਰ ਲਿਆਉਣ ਲਈ ਕੇਂਦਰ ਸਰਕਾਰ ਵੱਲੋਂ ਸੰਸਦ 'ਚ ਪ੍ਰੀਖਿਆ ਸੋਧ ਬਿੱਲ ਪੇਸ਼ ਕਰਨ ਦੇ ਨਾਲ-ਨਾਲ ਕੇਂਦਰ ਸਰਕਾਰ ਵੱਲੋਂ ਉੱਚ-ਪੱਧਰੀ ਟਾਸਕ ਫੋਰਸ ਦਾ ਗੰਠਨ ਵੀ ਕੀਤਾ ਗਿਆ ਹੈ। ਦੇਸ਼ 'ਚ ਪ੍ਰੀਖਿਆ ਪ੍ਰਣਾਲੀ ਦੀ ਪਾਰਦਰਸ਼ਿਤਾ ਅਤੇ ਭਰੋਸੇਯੋਗਤਾ ਨੂੰ ਬਹਾਲ ਕਰਨ ਲਈ ਇਸ ਟਾਸਕ ਫੋਰਸ ਦੀ ਅਗੁਵਾਈ ਪ੍ਰਸਿੱਧ ਤਕਨਾਲੋਜੀ ਮਾਹਿਰ ਨੰਦਨ ਨੀਲੇਕਣੀ ਕਰਨਗੇ, ਜੋ ਇਸ ਵੇਲੇ ਪ੍ਰਸਿੱਧ ਆਈਟੀ ਕੰਪਨੀ ਇੰਨਫੋਰਸਿਸ ਦੇ ਸਹਿ-ਸੰਸਥਾਪਕ ਹਨ ਅਤੇ 2009 'ਚ ਯੂਪੀਏ ਸਰਕਾਰ ਦੌਰਾਨ ਭਾਰਤ ਦੀ ਆਧਾਰ (ਯੂਆਈਡੀਏਆਈ) ਯੋਜਨਾ ਦੇ ਮੁੱਖੀ ਸਨ ਇਸ ਕਮੇਟੀ 'ਚ ਤਕਨਾਲੋਜੀ, ਸੁੱਰਖਿਆਂ ਅਤੇ ਪ੍ਰਸ਼ਾਸਨਿਕ ਖੇਤਰ ਦੇ ਉੱਚ-ਮਾਹਿਰ ਐਸ।ਸੋਮਨਾਥ (ਇਸਰੋ ਦੇ ਸਾਬਕਾ ਮੁੱਖੀ), ਤਪਨ ਡੇਕਾ (ਆਈ।ਬੀ ਦੇ ਸਾਬਕਾ ਡਾਇਰੈਕਟਰ), ਵੀ. ਕਾਮਕੋਟੀ (ਡਾਇਰੈਕਟਰ ਆਈ।ਆਈ।ਟੀ ਮਦਰਾਸ), ਅਨੀਤਾ ਕਰਵਾਲ (ਸਾਬਕਾ ਸਿੱਖਿਆ ਸੱਕਤਰ) ਅਤੇ ਅੰਮ੍ਰਿਤ ਲਾਲ ਮੀਨਾ (ਲੋਜਿਸਟਿਕ ਮਾਹਿਰ) ਸ਼ਾਮਲ ਹਨ। ਇਹ ਟਾਸਕ ਫੋਰਸ ਪ੍ਰੀਖਿਆ 'ਚ ਆਧੁਨਿਕ ਤਕਨਾਲੋਜੀ ਦੀ ਵਰਤੋਂ ਦੇ ਨਾਲ-ਨਾਲ ਪ੍ਰੀਖਿਆ ਸੁਧਾਰਾਂ 'ਤੇ ਕੇਂਦਰਿਤ ਹੋਵੇਗੀ। ਸਰਕਾਰ ਨੇ ਦੋਸ਼ੀਆਂ ਵਿੑਰੁਧ ਸਖ਼ਤ ਕਾਰਵਾਈ ਕਰਨ ਲਈ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਅਤੇ ਨਵਾਂ ਕਾਨੂੰਨ ਲਿਆਉਣ ਦੀ ਵਚਨਬੱਧਤਾ ਦੋਹਰਾਈ ਹੈ, ਤਾਂ ਜੋ ਭੱਵਿਖ ਦੀਆਂ ਪ੍ਰੀਖਿਆਵਾਂ ਪਾਰਦਰਸ਼ੀ ਹੋ ਸਕਣ।

ਜੰਤਰ-ਮੰਤਰ, ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ 'ਚ ਵਿਦਿਆਰਥੀਆਂ ਵੱਲੋ ਲਗਾਤਾਰ ਕੀਤੇ ਜਾ ਰਹੇ ਰੋਸ-ਪ੍ਰਦਰਸ਼ਨ ਅਤੇ ਸੰਸਦੀ ਮਾਰਚ ਤੋਂ ਬਾਅਦ ਕੇਂਦਰੀ ਸਿੱਖਿਆ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਹੈ। ਜਿਸ ਤੋਂ ਬਾਅਦ ਸਰਕਾਰ ਨੇ ਵੀ ਨਵੇਂ ਸੁਧਾਰਾਤਮਕ ਕਦਮ ਚੁੱਕੇ ਹਨ। ਭਾਰਤ 'ਚ ਪ੍ਰੀਖਿਆ ਪੇਪਰ ਲੀਕ ਹੋਣ ਤੋਂ ਭਾਵ ਸਰਕਾਰੀ ਭਰਤੀ ਜਾਂ ਅਕਾਦਮਿਕ ਪ੍ਰੀਖਿਆਵਾਂ ਦੇ ਪੇਪਰ ਨੂੰ ਪ੍ਰੀਖਿਆ ਲੀਕ ਕਰਨ ਦਾ ਇਕ ਲੰਮਾ ਇਤਿਹਾਸ ਹੈ, ਜੋ ਸਮੇਂ ਦੇ ਗੇੜ ਨਾਲ ਸੰਗਠਤ ਅਪਰਾਧ/ਪ੍ਰੀਖਿਆ ਮਾਫ਼ੀਆਂ ਬਣ ਗਿਆ ਹੈ, ਜਿਸ 'ਚ ਅਕਸਰ ਵਿੱਤੀ ਲਾਭ ਲਈ ਪ੍ਰਸ਼ਨ-ਪੱਤਰਾ ਦਾ ਅਣ-ਅਧਿਕਾਰਤ ਖੁਲਾਸਾ, ਪੰਹੁਚ ਅਤੇ ਵੰਡ ਸ਼ਾਮਲ ਹੈ। ਇਹ ਵਰਤਾਰਾ ਇਕ ਅਜਿਹਾ ਸੰਕਟ ਬਣ ਗਿਆ ਹੈ, ਜੋ ਦੇਸ਼ ਦੀ ਸਿੱਖਿਆ ਅਤੇ ਜਨਤਕ ਰੋਜ਼ਗਾਰ ਪ੍ਰਣਾਲੀਆਂ ਦੀ ਅੰਖਡਤਾ ਨੂੰ ਕਮਜ਼ੋਰ ਕਰ ਰਿਹਾ ਹੈ, ਜਿਸ ਨਾਲ ਹਰ ਸਾਲ ਲੱਖਾਂ ਉਮੀਦਵਾਰ ਪ੍ਰਭਾਵਿਤ ਹੁੰਦੇ ਹਨ। ਇਸ ਗੁੰਝਲਦਾਰ ਸੰਗਠਤ ਅਪਰਾਧ 'ਚ ਭ੍ਰਿਸ਼ਟ ਅਧਿਕਾਰੀ, ਕੋਚਿੰਗ ਸੈਂਟਰ ਮਾਲਕ, ਪ੍ਰਿੰਟਿਗ ਪ੍ਰੈਸ ਸਟਾਫ਼ ਅਤੇ ਵਿਚੋਲਿਆਂ ਦਾ ਗਠਜੋੜ ਸ਼ਾਮਲ ਹੁੰਦਾ ਹੈ, ਜੋ ਵਿਦਿਆਰਥੀਆਂ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਪੇਪਰ ਦੇਣ ਵਾਲਿਆਂ ਨੂੰ ਮਹਿੰਗੇ ਭਾਅ ਪ੍ਰਸ਼ਨ ਪੱਤਰ ਵੇਚੇ ਜਾਂਦੇ ਹਨ। ਲੀਕ ਪੇਪਰ ਦੀ ਵੰਡ ਲਈ ਵਾਟਸਐਪ ਅਤੇ ਟੈਲੀਗ੍ਰਾਮ ਵਰਗੇ ਡਿਜ਼ੀਟਲ ਚੈਨਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਆਧੂਨਿਕ ਤਕਨਾਲੋਜੀ ਪ੍ਰੀਖਿਆ ਮਾਫ਼ੀਆਂ ਦੀ ਸਮਰਥਕ ਬਣ ਗਈ ਹੈ। ਸਮਾਰਟ ਫ਼ੋਨ ਅਤੇ ਇਨਕ੍ਰਿਪਟਡ ਮੈਸੇਜ਼ਿੰਗ ਨੇ ਲੀਕ ਪੇਪਰਾਂ ਦੀ ਤੇਜ਼ੀ ਨਾਲ ਵੰਡ ਨੂੰ ਪਹਿਲਾਂ ਨਾਲੋਂ ਜ਼ਿਆਦਾ ਆਸਾਨ ਬਣਾ ਦਿੱਤਾ ਹੈ। ਵਾਰ-ਵਾਰ ਪੇਪਰ ਲੀਕ ਯੋਗਤਾ ਦੇ ਸਿਧਾਂਤ ਨੂੰ ਕਮਜ਼ੋਰ ਕਰ ਰਹੇ ਹਨ ਅਤੇ ਲੋਕਾਂ ਦਾ ਸਬੰਧਿਤ ਸੰਸਥਾਵਾਂ 'ਚ ਵਿਸ਼ਵਾਸ ਘੱਟਦਾ ਜਾ ਰਿਹਾ ਹੈ, ਜੋ ਸਮਾਜ ਦੀਆਂ ਆਰਥਿਕ, ਨੈਤਿਕ ਅਤੇ ਪੇਸ਼ਾਵਰ ਨੀਹਾਂ ਨੂੰ ਕਮਜ਼ੋਰ ਕਰ ਰਿਹਾ ਹੈ। ਕੇਂਦਰੀ ਅਤੇ ਰਾਜ ਸਰਕਾਰਾਂ ਏਜੰਸੀਆਂ ਦੁਆਰਾ ਦੇਸ਼ ਵਿਆਪੀ ਵਿੱਦਿਅਕ ਦਾਖ਼ਲਿਆ ਅਤੇ ਭਰਤੀ ਲਈ ਕਰਵਾਈਆਂ ਜਾ ਰਹੀਆਂ ਪ੍ਰੀਖਿਆਵਾਂ ਵੀ ਪੇਪਰ ਲੀਕ ਅਪਰਾਧ ਦਾ ਸ਼ਿਕਾਰ ਬਣ ਰਹੀਆਂ ਹਨ। ਵਧਦੇ ਸੰਕਟ ਦੇ ਦਬਾਅ ਵਿੱਚ ਭਾਰਤ ਸਰਕਾਰ ਨੇ 2024 'ਚ ਇਕ ਸਮਰਪਿਤ ਕੇਂਦਰੀ ਕਾਨੂੰਨ 'ਜਨਤਕ ਪ੍ਰੀਖਿਆਵਾਂ (ਅਨਿਆਪੂਰਨ ਸਾਧਨਾਂ ਦੀ ਰੋਕਥਾਮ) ਐਕਟ 2024' ਭਾਰਤ ਦੀ ਸੰਸਦ ਵੱਲੋਂ ਪਾਸ ਕੀਤਾ ਗਿਆ ਹੈ। ਭਾਰਤ ਸਰਕਾਰ ਵੱਲੋਂ ਇਸ ਕਾਨੂੰਨ 'ਚ ਸੋਧ ਕਰਕੇ ਪੇਪਰ ਲੀਕ ਅਪਰਾਧ 'ਚ ਸ਼ਾਮਲ ਸਾਰੀਆਂ ਸੰਬਧਿਤ ਧਿਰਾਂ/ਵਿਅਕਤੀਆਂ/ਸੰਗਠਨਾਂ ਵਿੑਰੁਧ ਹੋਰ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਜਾ ਰਹੀ ਹੈ, ਜਿਸ ਅਧੀਨ 10 ਸਾਲ ਤੱਕ ਦੀ ਜੇਲ੍ਹ ਅਤੇ 10 ਕਰੋੜ ਰੁਪਏ ਤੱਕ ਦਾ ਜ਼ੁਰਮਾਨਾ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ 3 ਮਹੀਨੇ ਵਿੱਚ ਦੋਸ਼ੀਆਂ ਵਿੑਰੁਧ ਅਦਾਲਤ ਵਿੱਚ ਚਾਰਜ਼ਸ਼ੀਟ ਫ਼ਾਈਲ ਕਰਨਾ, ਪ੍ਰੀਖਿਆ ਕੇਂਦਰ ਅਤੇ ਡਿਜ਼ੀਟਲ ਸਿਸਟਮ ਦੀ ਜਨਤਕ ਪੜਚੋਲ ਕਰਨਾ ਜ਼ਰੂਰੀ ਹੈ। ਮੌਜੂਦਾ ਕਾਨੂੰਨ ਨੂੰ ਮਜ਼ਬੂਤ ਕਰਨ ਦੀ ਮੰਗ ਕਰਨ ਵਾਲੇ ਪ੍ਰੀਖਿਆ ਸੁਧਾਰ ਬਿੱਲ ਵਿੱਚ ਮੁਫ਼ਤ ਮੁੜ-ਪ੍ਰੀਖਿਆ, ਉਮਰ ਅਤੇ ਕੋਸ਼ਿਸ਼ਾਂ ਵਿੱਚ ਛੋਟ, ਅਦਾਲਤੀ ਨਿਗਰਾਨੀ ਹੇਠ ਜਾਂਚ ਦੋਸ਼ੀਆਂ ਦੀ ਜਾਇਦਾਦਾ ਦੀ ਕੁਰਕੀ, ਉਮੀਦਵਾਰਾਂ ਨੂੰ ਮੁਆਵਜ਼ਾ ਅਤੇ ਯਾਤਰਾ ਖਰਚਾ ਦੇਣਾ ਸ਼ਾਮਲ ਹੈ। ਪ੍ਰੀਖਿਆਵਾਂ ਵਿੱਚ ਵੱਧ ਰਹੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕੇਂਦਰੀ ਵਿਸ਼ੇਸ਼ ਟਾਸਕ ਫ਼ੋਰਸ ਵਾਂਗ ਰਾਜ ਸਰਕਾਰਾਂ ਵੱਲੋਂ ਵੀ ਐਸੀ ਵਿਸ਼ੇਸ਼ ਟਾਸਕ ਫ਼ੋਰਸ ਬਨਾਉਣੀ ਜ਼ਰੂਰੀ ਹੈ, ਜੋ ਰਾਜ 'ਚ ਚੱਲ ਰਹੀਆਂ ਪ੍ਰੀਖਿਆਵਾਂ 'ਚ ਸੁਧਾਰ ਲਿਆਵੇ ਅਤੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਸਮਰਥ ਹੋਵੇ। ਭਾਰਤ 'ਚ ਚੱਲ ਰਹੀਆਂ ਕੇਂਦਰੀ, ਰਾਜ ਸਰਕਾਰੀ ਅਤੇ ਹੋਰ ਜਨਤਕ ਸੰਗਠਨਾਂ ਵੱਲੋਂ ਸਮੇਂ ਸਮੇਂ ਕਰਵਾਈਆਂ ਪ੍ਰੀਖਿਆਵਾਂ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ ਭਾਰਤ ਦੀ ਨੌਜਵਾਨ ਪੀੜ੍ਹੀ ਦੇ ਉਜੱਲੇ ਭੱਵਿਖ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਬੇ-ਹੱਦ ਜ਼ਰੂਰੀ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਇੰਦਰਜੀਤ ਸਿੰਘ, ਹੇਵਰਡ
(3) ਜਸਵੀਰ ਸਿੰਘ ਕੁਲਾਰ
(4) ਗੁਰਚਰਨ ਸਿੰਘ ਮਾਨ
(5) ਡਾ. ਚਰਨਜੀਤ ਸਿੰਘ ਉਪਲ
(6) ਪਰਮਪਾਲ ਸਿੰਘ
(7) ਸ. ਮਹਿੰਗਾ ਸਿੰਘ ਸਰਪੰਚ
(8) ਕੁਲਦੀਪ ਸਿੰਘ ਅਟਵਾਲ
(9) ਸੁਰਜੀਤ ਸਿੰਘ ਅਟਵਾਲ
(10) ਭੁਪਿੰਦਰ ਸਿੰਘ ਪਦਮ
(11) ਸੁਰਿੰਦਰ ਸਿੰਘ ਧਨੋਆ
(11) ਕਸ਼ਮੀਰ ਸਿੰਘ ਧੁੱਗਾ
(13) ਬਲਦੇਵ ਸਿੰਘ ਮਾਨ
(14) ਰਾਜ ਬਡਵਾਲ
(15) ਪ੍ਰੋ. ਜਸਪਾਲ ਸਿੰਘ ਸੈਣੀ
(16) ਸੁਖਵਿੰਦਰ ਭੇਲਾ
(17) ਰਵਿੰਦਰ ਪਾਲ
(18) ਅਟਾਰਨੀ ਤਨਵੀਰ ਜੋਸ਼ੀ
(19) ਰੋਜ਼ੀ ਕਮਲ ਕੌਰ
(20) ਦਵਿੰਦਰ ਸਿੰਘ ਪਾਬਲਾ

# ਵਿਚੋਲਗੀ - ਵੱਲੋਂ 'ਪਰਦੇਸ ਟਾਇਮਜ਼'

ਪਰਦੇਸ ਟਾਇਮਜ਼ ਤੁਹਾਡੇ ਧੀਆਂ-ਪੁੱਤਰਾਂ ਨੂੰ ਚੰਗਾ ਵਰ ਲੱਭਣ 'ਚ ਤੁਹਾਡੀ ਮਦਦ ਕਰ ਸਕਦਾ ਹੈ। ਤੁਸੀਂ ਪੂਰੇ ਵੇਰਵੇ ਸਹਿਤ ਲਿਖ ਕੇ ਭੇਜੋ ਤੇ ਅਸੀਂ ਛਾਪ ਕੇ ਕੈਲੇਫੋਰਨੀਆ ਦੇ ਸਾਰੇ ਇਲਾਕਿਆਂ 'ਚ ਤੁਹਾਡਾ ਸੁਨੇਹਾ ਪਹੁੰਚਾਵਾਂਗੇ ਤੇ ਪਰਦੇਸ ਟਾਇਮਜ਼ ਦੀ website 'ਤੇ ਵੀ ਪਾਵਾਂਗੇ। ਫੀਸ- ਤਿੰਨ ਮਹੀਨੇ ਲਈ $ 300 ਜੋ ਪਹਿਲਾਂ ਭੇਜਣੇ ਹੋਣਗੇ।

**Pay-in-Advance** **ਸੰਪਰਕ- info@pardestimes ਜਾਂ 510-938-7771**

### ਵਰ ਦੀ ਲੋੜ

ਪੰਜਾਬੀ ਸਿੱਖ ਵੈਸ਼ਨੂੰ ਲੜਕੀ, ਵਰਕ ਪਰਮਿਟ ਤੇ ਕੈਲੇਫੋਰਨੀਆ 'ਚ ਆਰ. ਐਨ. ਨਰਸ (RN) ਦੇ ਤੌਰ 'ਤੇ ਕੰਮ ਕਰਦੀ, ਕੱਦ 5 ਫੁੱਟ 2 ਇੰਚ, ਉਮਰ 34 ਸਾਲ ਲਈ ਸਿਟੀਜ਼ਨ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦੇ ਪਰਿਵਾਰ ਵਿਚ ਮਾਤਾ ਤੇ ਭਰਾ ਵੀ ਹਨ ਜੋ ਇੱਥੇ ਹੀ ਚੰਗੀਆਂ ਨੌਕਰੀਆਂ ਕਰਦੇ ਹਨ।

**ਹੋਰ ਜਾਣਕਾਰੀ ਲਈ:**
916-579-1475

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

### ਲੜਕੀ ਦੀ ਲੋੜ

ਜੱਟ ਸਿੱਖ ਬੈਂਸ, 24 ਸਾਲਾ, 5 ਫੁੱਟ 10 ਇੰਚ ਕੱਦ, ਬਹੁਤ ਹੀ ਸੋਹਣਾ ਤੇ ਹਾਈ ਸਕੂਲ ਪਾਸ, ਜੋ ਅਮਰੀਕਾ ਵਿਚ ਪਿਛਲੇ 4 ਸਾਲਾਂ ਤੋਂ ਰਹਿ ਰਿਹਾ ਹੈ, ਕੰਮ ਕਰਦੇ ਲੜਕੇ ਲਈ ਯੋਗ ਸਿਟੀਜ਼ਨ ਲੜਕੀ ਦੀ ਲੋੜ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ
510-304-6982

### ਲੜਕੀ ਦੀ ਲੋੜ

ਜੱਟ ਸਿੱਖ, ਰਾਏ, ਲੜਕਾ, ਅਮਰੀਕਾ ਵਿਚ ਜਨਮਿਆ, ਕੱਦ 6 ਫੁੱਟ, ਸਾਫਟਵੇਅਰ ਇੰਜੀਨੀਅਰ ਅਤੇ ਫੈਮਲੀ ਬਿਜ਼ਨਸ, ਆਪਣਾ ਕਾਰੋਬਾਰ, ਲਈ ਅਮਰੀਕਾ ਵਿਚ ਰਹਿੰਦੀ ਪੜ੍ਹੀ-ਲਿਖੀ, ਕੁਆਲੀਫਾਈਡ ਲੜਕੀ ਦੀ ਲੋੜ ਹੈ।

ਸੰਪਰਕ ਕਰੋ 713-291-2102

# ਯੂਨਾਈਟਿਡ ਆਲ ਸਰਵਿਸਿਜ਼ ਐਲ. ਐਲ. ਸੀ. ਵੱਲੋਂ ਸੇਵਾਵਾਂ







ਯੂਨੀਅਨ ਸਿਟੀ- ਹੁਣ ਯੂਨੀਅਨ ਸਿਟੀ ਵਿਚ ਇਕੋ ਜਗ੍ਹਾ 'ਤੇ ਕਈ ਲੋੜਾਂ ਵਾਸਤੇ ਦਫਤਰ ਦਾ ਉਦਘਾਟਨ ਕੀਤਾ ਗਿਆ।

ਇੱਥੇ ਟੈਕਸ ਸਬੰਧੀ, ਕਿਸੇ ਵੀ ਪ੍ਰਕਾਰ ਦੀ ਇਸ਼ੋਰੈਂਸ ਲੈਣ ਲਈ ਅਤੇ ਰੀਅਲ ਅਸਟੇਟ ਦੀਆਂ ਲੋੜਾਂ ਤੇ ਡੀ. ਐਮ. ਵੀ. ਸਬੰਧੀ ਕੋਈ ਵੀ ਕੰਮ ਇੱਥੋਂ ਕਰਵਾ ਸਕਦੇ ਹੋ।

ਦਫਤਰ ਦਾ ਉਦਘਾਟਨ ਯੂਨੀਅਨ ਸਿਟੀ ਦੇ ਵਾਈਸ ਮੇਅਰ ਤੇ ਕਾਊਂਸਿਲ ਮੈਂਬਰ ਸਾਹਿਬਾਨ ਨੇ ਰਲ ਕੇ ਕੀਤਾ। ਚਾਹ-ਪਾਣੀ ਦਾ ਇੰਤਜ਼ਾਮ ਵੀ ਚੰਗੇ ਤਰੀਕੇ ਨਾਲ ਕੀਤਾ ਗਿਆ ਸੀ। ਇਸ ਦਫਤਰ ਨੂੰ ਚਲਾਉਣ ਵਾਲੇ ਹਨ: ਪਰਾਚੀ ਭੁੱਲਰ ਅਤੇ ਅਮਰ ਭੁੱਲਰ ਜੀ। ਤੁਸੀਂ ਹਿੰਦੀ, ਪੰਜਾਬੀ, ਗੁਜਰਾਤੀ ਵਿਚ ਵੀ ਗੱਲਬਾਤ ਕਰ ਸਕਦੇ ਹੋ। ਇਹਨਾਂ ਦਾ ਐਡਰੈਸ ਹੈ:

32210 Alvarado Blvd, Union City
Phone- 510-400-6811




ਮਾਊਂਟੇਨ ਮਾਈਕ ਪੀਜ਼ਾ ਵਿਖੇ ਬੀਬੀ ਆਇਸ਼ਾ ਵਹਾਬ ਦੇ ਸਮਰਥਨ ਵਿਚ ਹੋਏ ਇਕ ਪ੍ਰੋਗਰਾਮ ਦੌਰਾਨ ਪੰਜਾਬੀ ਭਾਈਚਾਰੇ ਦੇ ਮੋਹਤਬਰ ਸੱਜਣ।



# ਪੰਜਾਬ ਦੀ ਪੰਥਕ ਤੇ ਸਿੱਖ ਸਿਆਸਤ

(ਸਫਾ 2 ਦੀ ਬਾਕੀ)

ਇਹ ਇਕ ਸਿੱਖ-ਬਹੁ-ਗਿਣਤੀ ਵਾਲਾ ਸੂਬਾ ਹੋਣ ਦੇ ਨਾਲ-ਨਾਲ ਰਣਨੀਤਕ ਪੱਖੋਂ ਬੇਹੱਦ ਸੰਵੇਦਨਸ਼ੀਲ ਸਰਹੱਦੀ ਸੂਬਾ ਵੀ ਹੈ। ਇਨ੍ਹਾਂ ਵਿਲੱਖਣ ਹਾਲਾਤ ਨੂੰ ਦੇਖਦਿਆਂ ਪੰਜਾਬ ਵਿਚ ਇਕ ਮਜ਼ਬੂਤ ਪੰਥਕ ਸਿਆਸੀ ਧਿਰ ਦੀ ਮੌਜੂਦਗੀ ਨੂੰ ਸਿਆਸੀ ਸਥਿਰਤਾ ਲਈ ਇਕ ਅਹਿਮ ਸ਼ਰਤ ਮੰਨਿਆ ਜਾ ਸਕਦਾ ਹੈ। ਸਿੱਖ ਸਿਆਸਤ ਦਾ ਇਕ ਵਿਸ਼ਵ-ਵਿਆਪੀ ਪੱਖ ਵੀ ਹੈ ਅਤੇ ਵਿਦੇਸ਼ਾਂ ਵਿਚ ਵਸਦੇ ਸਿੱਖ ਭਾਈਚਾਰੇ ਨਾਲ ਜੁੜੀਆਂ ਘਟਨਾਵਾਂ ਦਾ ਪ੍ਰਭਾਵ ਭਾਰਤ ਦੇ ਅੰਦਰਲੇ ਸਿਆਸੀ ਸੰਵਾਦ ’ਤੇ ਵੀ ਲਗਾਤਾਰ ਵਧ ਰਿਹਾ ਹੈ।

ਇਸ ਵੇਲੇ ਪੰਜਾਬ ਵਿਚ ਚਾਰ ਮਹੱਤਵਪੂਰਨ ਅਕਾਲੀ ਧਿਰਾਂ ਹਨ-ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ; ਅਕਾਲੀ ਦਲ ਵਾਰਿਸ ਪੰਜਾਬ ਦੇ; ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ (ਪੁਨਰ ਸੁਰਜੀਤ); ਅਤੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)।

2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਲਗਪਗ ਪੂਰੀ ਤਰ੍ਹਾਂ ਹਾਸ਼ੀਏ ’ਤੇ ਧੱਕੇ ਜਾਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਮੁੱਖ ਤੌਰ ’ਤੇ ਇਸ ਕਰਕੇ ਕਾਇਮ ਰਹਿ ਸਕਿਆ ਹੈ ਕਿ ਉਸ ਦਾ ਸਿੱਖਾਂ ਦੀ ਸਭ ਤੋਂ ਮਹੱਤਵਪੂਰਨ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਉੱਤੇ ਅਜੇ ਵੀ ਪ੍ਰਭਾਵ ਬਣਿਆ ਹੋਇਆ ਹੈ। ਸਿੱਖ ਮਾਮਲਿਆਂ ਵਿਚ ਐੱਸਜੀਪੀਸੀ ਦੀ ਸੰਸਥਾਗਤ ਸਥਿਤੀ ਵਿਲੱਖਣ ਹੈ ਪਰ ਇਸ ਦੀ ਜਨਰਲ ਹਾਊਸ ਦੀਆਂ ਚੋਣਾਂ 2011 ਤੋਂ ਬਾਅਦ ਨਹੀਂ ਹੋਈਆਂ ਤੇ ਹੁਣ ਲੰਮੇ ਸਮੇਂ ਤੋਂ ਬਕਾਇਆ ਹਨ। ਕੇਂਦਰ ਵੱਲੋਂ ਇਹ ਚੋਣਾਂ ਕਰਵਾਉਣ ਵਿਚ ਕੀਤੀ ਜਾ ਰਹੀ ਦੇਰੀ ਦਾ ਕੋਈ ਸਪੱਸ਼ਟ ਕਾਰਨ ਸਾਹਮਣੇ ਨਹੀਂ ਆਇਆ, ਜਦਕਿ ਮੌਜੂਦਾ ਜਨਰਲ ਹਾਊਸ ਵਿਚ ਅਜੇ ਵੀ ਬਹੁ-ਗਿਣਤੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਹਨ। ਇਸ ਕਰਕੇ ਸ਼੍ਰੋਮਣੀ ਕਮੇਟੀ ਸ਼੍ਰੋਮਣੀ ਅਕਾਲੀ ਦਲ ਦਾ ਬਚਿਆ ਹੋਇਆ ਸਭ ਤੋਂ ਅਹਿਮ ਸੰਸਥਾਗਤ ਆਧਾਰ ਬਣੀ ਹੋਈ ਹੈ ਅਤੇ ਪੰਥਕ ਖੇਤਰ ’ਤੇ ਕਬਜ਼ੇ ਦੀ ਜੰਗ ਵਿਚ ਸੰਭਾਵਤ ਤੌਰ ’ਤੇ ਅਗਲਾ ਵੱਡਾ ਮੈਦਾਨ ਵੀ ਇਹੀ ਬਣ ਸਕਦੀ ਹੈ।

ਪੰਜਾਬ ਵਿਚ ਅਗਲੇ ਸਾਲ ਫਰਵਰੀ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਨਾਲ ਸਿੱਖ ਸਿਆਸੀ ਖੇਤਰ ਵਿਚ ਸਰਗਰਮੀ ਵੀ ਲਗਾਤਾਰ ਵਧ ਰਹੀ ਹੈ। ਇਸ ਵੇਲੇ ਸੂਬੇ ’ਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਸੱਤਾ ਵਿਚ ਆਉਣ ਵੇਲੇ ਇਸ ਪਾਰਟੀ ਦਾ ਸਿੱਖ ਸਿਆਸਤ ਨਾਲ ਲਗਭਗ ਕੋਈ ਸਿੱਧਾ ਸਬੰਧ ਨਹੀਂ ਸੀ ਪਰ ਸੱਤਾ ਸੰਭਾਲਣ ਤੋਂ ਬਾਅਦ ਇਹ ਪੰਜਾਬ ਦੇ ਸਿੱਖ ਧਾਰਮਿਕ-ਸਿਆਸੀ ਤਾਣੇ-ਬਾਣੇ ਵਿਚ ਡੂੰਘਾਈ ਨਾਲ ਉਲਝ ਗਈ ਹੈ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਸੰਵਾਦ ਤੋਂ ਆਪਣੇ-ਆਪ ਨੂੰ ਦੂਰ ਕਰ ਲਿਆ, ਪਰ ਆਖ਼ਰਕਾਰ ਪੰਥਕ ਧਾਰਾ ਨੇ ਹੀ ਇਸ ਨੂੰ ਸਿਆਸੀ ਹਾਸ਼ੀਏ ਵੱਲ ਧੱਕ ਦਿੱਤਾ।

ਪੰਥਕ ਖੇਤਰ ਵਿਚ ਆਈ ਸਰਗਰਮੀ ਦੇ ਪਿਛੋਕੜ ਵਿਚ ਪੰਜਾਬ ਦੇ ਵਿਆਪਕ ਸਿਆਸੀ ਦ੍ਰਿਸ਼ ਦਾ ਮੁਲਾਂਕਣ ਕਰਨ ਦੀ ਲੋੜ ਹੈ। ਕਾਂਗਰਸ, ਜੋ ਮੁੱਖ ਵਿਰੋਧੀ ਪਾਰਟੀ ਹੈ ਅਤੇ ਜਿਸ ਨੂੰ ਪਹਿਲਾਂ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਸਭ ਤੋਂ ਵੱਡੀ ਚੁਣੌਤੀ ਮੰਨਿਆ ਜਾਂਦਾ ਸੀ, ਇਸ ਵੇਲੇ ਧੜੇਬੰਦੀ ਅਤੇ ਲੀਡਰਸ਼ਿਪ ਦੇ ਸੰਕਟ ਨਾਲ ਜੂਝ ਰਹੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿਚ ਇਸ ਨੇ ਜੋ ਤਾਕਤ ਹਾਸਲ ਕੀਤੀ ਸੀ, ਉਹ ਹੁਣ ਕਾਫ਼ੀ ਹੱਦ ਤੱਕ ਖ਼ਤਮ ਹੁੰਦੀ ਨਜ਼ਰ ਆ ਰਹੀ ਹੈ।

ਦੂਜੇ ਪਾਸੇ, ਭਾਜਪਾ ਇਹ ਪ੍ਰਭਾਵ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਅਗਲੀ ਸਰਕਾਰ ਬਣਾਉਣ ਦੀ ਸਥਿਤੀ ਵਿਚ ਹੈ, ਪਰ ਅਜੇ ਵੀ ਉਸ ਕੋਲ ਪੂਰੇ ਪੰਜਾਬ ਵਿਚ ਫੈਲਿਆ ਹੋਇਆ ਆਧਾਰ ਨਹੀਂ ਹੈ। ਭਾਜਪਾ ਆਪਣੇ ਦਮ ’ਤੇ ਪੰਜਾਬ ਵਿਚ ਆਪਣਾ ਆਧਾਰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਤਹਿਤ ਉਹ ਖ਼ਾਸ ਕਰਕੇ ਕਾਂਗਰਸ ਵਿੱਚੋਂ ਸਿੱਖ ਆਗੂਆਂ ਨੂੰ ਆਪਣੇ ਨਾਲ ਜੋੜ ਰਹੀ ਹੈ।

ਹਾਲਾਂਕਿ, ਤਤਕਾਲ ਸਿਆਸੀ ਮਹੱਤਤਾ ਪੰਥਕ ਧਾਰਾ ਵਿਚ ਮੁੜ ਉੱਭਰੀ ਸਰਗਰਮੀ ਦੀ ਹੈ। ਗ਼ੈਰ-ਸ਼੍ਰੋਮਣੀ ਅਕਾਲੀ ਦਲ ਧਿਰਾਂ ਨੂੰ ਇਕ ਮੰਚ ’ਤੇ ਲਿਆਉਣ ਦੀਆਂ ਪਹਿਲਾਂ ਵੀ ਕੋਸ਼ਿਸ਼ਾਂ ਹੋ ਚੁੱਕੀਆਂ ਹਨ ਪਰ ਇਕ ਧੜੇ ਵਿੱਚੋਂ ਦੂਜੇ ਧੜੇ ਵੱਲ ਹੋ ਰਹੀਆਂ ਦਲ-ਬਦਲੀਆਂ ਨੇ ਫ਼ਿਲਹਾਲ ਇਸ ਪ੍ਰਕਿਰਿਆ ਨੂੰ ਰੋਕ ਦਿੱਤਾ ਹੈ। ਫਿਰ ਵੀ ਕਿਸੇ ਵਿਆਪਕ ਆਧਾਰ ਵਾਲੀ ਸਿਆਸੀ ਵਿਵਸਥਾ ਜਾਂ ਸਮਝੌਤੇ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਪ੍ਰਭਾਵਸ਼ਾਲੀ ਤਾਕਤ-ਪ੍ਰਦਰਸ਼ਨ ਤੋਂ ਬਾਅਦ ‘ਅਕਾਲੀ ਦਲ-ਵਾਰਿਸ ਪੰਜਾਬ ਦੇ’ ਦੀ ਲੀਡਰਸ਼ਿਪ ਨੂੰ ਹੁਣ ਬਹੁਤ ਸਾਵਧਾਨੀ ਨਾਲ ਅੱਗੇ ਵਧਣਾ ਪਵੇਗਾ। ਵੱਡਾ ਸਵਾਲ ਇਹ ਹੈ ਕਿ ਕੀ ਇਹ ਲਾਮਬੰਦੀ ਪੰਜਾਬ ਦੀ ਪੰਥਕ ਸਿਆਸਤ ਵਿਚ ਕਿਸੇ ਅਸਲ ਪੁਨਰ-ਸੰਰਚਨਾ ਦੀ ਸ਼ੁਰੂਆਤ ਹੈ ਜਾਂ ਫਿਰ ਖਿੰਡੇ ਹੋਏ ਸਿਆਸੀ ਖੇਤਰ ’ਚ ਤਾਕਤ ਦੇ ਇਕ ਹੋਰ ਥੋੜ੍ਹ ਚਿਰੇ ਪ੍ਰਦਰਸ਼ਨ ਤੱਕ ਸੀਮਤ ਰਹੇਗੀ।

# ਆਰਟੀਫਿਸ਼ੀਅਲ ਇੰਟੈਲੀਜੈਂਸ-ਰੁਜ਼ਗਾਰ ਵਧੇਗਾ ਜਾਂ ਘਟੇਗਾ?


ਅੱਜ ਦਾ ਯੁੱਗ ਤਕਨਾਲੋਜੀ ਦਾ ਹੈ। ਜਿਸ ਤਰ੍ਹਾਂ ਪਹਿਲਾਂ ਬਿਜਲੀ ਅਤੇ ਕੰਪਿਊਟਰ ਨੇ ਦੁਨੀਆ ਬਦਲ ਦਿੱਤੀ ਸੀ, ਉਸੇ ਤਰ੍ਹਾਂ ਅੱਜ ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏਆਈ ਸਾਡੇ ਜੀਵਨ ਦਾ ਹਿੱਸਾ ਬਣ ਗਈ ਹੈ। ਸਕੂਲ ਤੋਂ ਲੈ ਕੇ ਹਸਪਤਾਲ, ਬੈਂਕ ਤੋਂ ਲੈ ਕੇ ਖੇਤੀ ਤੱਕ ਹਰ ਜਗ੍ਹਾ ਇਸ ਦੀ ਵਰਤੋਂ ਹੋ ਰਹੀ ਹੈ। ਇਸ ਲਈ ਸਵਾਲ ਉੱਠਦਾ ਹੈ ਕਿ ਕੀ ਏਆਈ ਸਾਡਾ ਰੁਜ਼ਗਾਰ ਖਾ ਜਾਵੇਗੀ

**ਗੌਰਵ ਮੁੰਜਾਲ**

ਜਾਂ ਇਹ ਸਾਡੇ ਲਈ ਨਵੇਂ ਮੌਕੇ ਲੈ ਕੇ ਆਵੇਗੀ। ਸੱਚ ਇਹ ਹੈ ਕਿ ਏਆਈ ਕਈ ਤਰ੍ਹਾਂ ਦੇ ਕੰਮ ਬਹੁਤ ਤੇਜ਼ੀ ਨਾਲ ਕਰ ਸਕਦੀ ਹੈ। ਡਾਟਾ ਐਂਟਰੀ, ਕਾਲ ਸੈਂਟਰ, ਬੈਂਕਿੰਗ, ਖ਼ਬਰਾਂ ਲਿਖਣਾ ਅਤੇ ਇੱਥੋਂ ਤੱਕ ਕਿ ਡਿਜ਼ਾਈਨਿੰਗ ਵਰਗੇ ਕੰਮਾਂ ਵਿਚ ਵੀ ਇਸ ਦੀ ਮਦਦ ਲਈ ਜਾਣ ਲੱਗੀ ਹੈ। ਇਸ ਕਾਰਨ ਬਹੁਤ ਸਾਰੇ ਲੋਕਾਂ ਨੂੰ ਡਰ ਹੈ ਕਿ ਉਨ੍ਹਾਂ ਦੀ ਨੌਕਰੀ ਖ਼ਤਰੇ ਵਿਚ ਪੈ ਜਾਵੇਗੀ। ਖ਼ਾਸ ਕਰਕੇ ਉਹ ਨੌਕਰੀਆਂ ਜਿੱਥੇ ਰੋਜ਼ਾਨਾ ਇੱਕੋ ਜਿਹਾ ਕੰਮ ਹੁੰਦਾ ਹੈ, ਉੱਥੇ ਏਆਈ ਮਨੁੱਖਾਂ ਦੀ ਜਗ੍ਹਾ ਲੈ ਸਕਦੀ ਹੈ।

ਦੂਜੇ ਪਾਸੇ ਇਤਿਹਾਸ ਗਵਾਹ ਹੈ ਕਿ ਹਰ ਨਵੀਂ ਤਕਨਾਲੋਜੀ ਦੇ ਨਾਲ ਪੁਰਾਣੀਆਂ ਨੌਕਰੀਆਂ ਖ਼ਤਮ ਹੁੰਦੀਆਂ ਹਨ ਪਰ ਨਵੀਆਂ ਨੌਕਰੀਆਂ ਵੀ ਪੈਦਾ ਹੁੰਦੀਆਂ ਹਨ। ਜਦੋਂ ਕੰਪਿਊਟਰ ਆਇਆ ਸੀ ਤਾਂ ਲੋਕਾਂ ਨੂੰ ਲੱਗਿਆ ਸੀ ਕਿ ਬਹੁਤ ਸਾਰੇ ਕਲਰਕ ਬੇਰੁਜ਼ਗਾਰ ਹੋ ਜਾਣਗੇ ਪਰ ਬਾਅਦ ਵਿਚ ਕੰਪਿਊਟਰ ਇੰਜੀਨੀਅਰ, ਡਾਟਾ ਐਨ-ਾਲਿਸਟ ਅਤੇ ਸਾਫਟਵੇਅਰ ਨਾਲ ਜੁੜੇ ਲੱਖਾਂ ਨਵੇਂ ਰੁਜ਼ਗਾਰ ਬਣੇ। ਏਆਈ ਦੇ ਨਾਲ ਵੀ ਅਜਿਹਾ ਹੀ ਹੋਣ ਵਾਲਾ ਹੈ। ਏਆਈ ਇੰਜੀਨੀਅਰ, ਪ੍ਰੋਂਪਟ ਇੰਜੀਨੀਅਰ, ਏਆਈ ਟ੍ਰੇਨਰ, ਡਾਟਾ ਸਾਇੰਟਿਸਟ, ਸਾਈਬਰ ਸਕਿਉਰਿਟੀ ਐਕਸਪਰਟ ਅਤੇ ਏਆਈ ਨਾਲ ਜੁੜੇ ਕੰ-ਟੈਂਟ ਕ੍ਰੀਏਟਰ ਵਰਗੇ ਨਵੇਂ ਖੇਤਰ ਤੇਜ਼ੀ ਨਾਲ ਵਧ ਰਹੇ ਹਨ। ਏਆਈ ਮਨੁੱਖ ਦੀ ਦੁਸ਼ਮਣ ਨਹੀਂ, ਸਗੋਂ ਸਾਥੀ ਬਣ ਸਕਦੀ ਹੈ। ਡਾਕਟਰ ਏਆਈ ਦੀ ਮਦਦ ਨਾਲ ਜਲਦੀ ਬਿਮਾਰੀ ਦਾ ਪਤਾ ਲਗਾ ਸਕਦਾ ਹੈ। ਅਧਿਆਪਕ ਇਸ ਸਹਾਰੇ ਬੱਚਿਆਂ ਲਈ ਆਸਾਨ ਸਮੱਗਰੀ ਬਣਾ ਸਕਦਾ ਹੈ। ਕਿਸਾਨ ਮੌਸਮ ਅਤੇ ਫ਼ਸਲ ਬਾਰੇ ਸਹੀ ਜਾਣਕਾਰੀ ਲੈ ਸਕਦਾ ਹੈ। ਛੋਟੇ ਕਾਰੋਬਾਰੀ ਏਆਈ ਨਾਲ ਘੱਟ ਖ਼ਰਚੇ ਵਿਚ ਵੱਡਾ ਕੰਮ ਕਰ ਸਕਦੇ ਹਨ। ਇਸ ਦਾ ਮਤਲਬ ਇਹ ਹੈ ਕਿ ਜੋ ਲੋਕ ਏਆਈ ਨੂੰ ਸਿੱਖ ਕੇ ਆਪਣੇ ਕੰਮ ਵਿਚ ਵਰਤਣਗੇ, ਉਹ ਦੂਜਿਆਂ ਨਾਲੋਂ ਅੱਗੇ ਨਕਲ ਜਾਣਗੇ।

ਹਾਲਾਂਕਿ ਇਸ ਦੇ ਲਈ ਸਾਨੂੰ ਆਪਣੇ-ਆਪ ਨੂੰ ਬਦਲਣਾ ਪਵੇਗਾ। ਸਿਰਫ਼ ਡਿਗਰੀ ਨਾਲ ਹੁਣ ਕੰਮ ਨਹੀਂ ਚੱਲੇਗਾ। ਹੁਣ ਸਕਿੱਲ ਸਭ ਤੋਂ ਜ਼ਰੂਰੀ ਹੈ। ਸਕੂਲਾਂ ਅਤੇ ਕਾਲਜਾਂ ਵਿਚ ਏਆਈ, ਕੋਡਿੰਗ, ਡਿਜੀਟਲ ਮਾਰਕੀਟਿੰਗ ਤੇ ਪ੍ਰੋਬਲਮ ਸੋਲਵਿੰਗ ਵਰਗੇ ਵਿਸ਼ੇ ਸ਼ਾਮਲ ਕਰਨੇ ਪੈਣਗੇ। ਸਰਕਾਰ ਨੂੰ ਵੀ ਨੌਜਵਾਨਾਂ ਲਈ ਮੁਫ਼ਤ ਸਿਖਲਾਈ ਕੇਂਦਰ ਖੋਲ੍ਹਣੇ ਪੈਣਗੇ ਤਾਂ ਜੋ ਪਿੰਡਾਂ ਦੇ ਬੱਚੇ ਵੀ ਇਸ ਦੌੜ ਵਿਚ ਪਿੱਛੇ ਨਾ ਰਹਿ ਜਾਣ।



ਉਕਤ ਦਾ ਨਿਚੋੜ ਇਹ ਹੈ ਕਿ ਏਆਈ ਰੁਜ਼ਗਾਰ ਖ਼ਤਮ ਨਹੀਂ ਕਰੇਗੀ, ਸਗੋਂ ਰੁਜ਼ਗਾਰ ਦਾ ਰੂਪ ਬਦਲ ਦੇਵੇਗੀ। ਜੋ ਲੋਕ ਨਵੀਂ ਤਕਨਾਲੋਜੀ ਤੋਂ ਡਰ ਕੇ ਪਿੱਛੇ ਹਟ ਜਾਣਗੇ, ਉਨ੍ਹਾਂ ਲਈ ਮੁਸ਼ਕਲ ਹੋਵੇਗੀ। ਪਰ ਜੋ ਲੋਕ ਇਸ ਨੂੰ ਸਿੱਖ ਕੇ ਅਪਣਾਉਣਗੇ, ਉਨ੍ਹਾਂ ਲਈ ਇਹ ਸੁਨਹਿਰੀ ਮੌਕਾ ਹੈ। ਆਉਣ ਵਾਲਾ ਸਮਾਂ ਉਨ੍ਹਾਂ ਦਾ ਹੈ ਜੋ ਏਆਈ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣਗੇ। ਇਸ ਲਈ ਡਰਨ ਦੀ ਨਹੀਂ, ਸਗੋਂ ਸਿੱਖਣ ਅਤੇ ਅੱਗੇ ਵਧਣ ਦੀ ਲੋੜ ਹੈ।

# ਈਰਾਨ ਦੇ ਲੀਡਰ ਮੋਜਤਬਾ ਖਾਮੇਨੇਈ ਕਿੱਥੇ ਗਾਇਬ ਹੋ ਗਏ?

ਹਵਾਈ ਹਮਲੇ ’ਚ ਅਯਾਤੁੱਲਾ ਅਲੀ ਖਾਮੇਨੇਈ ਦੀ ਮੌਤ ਹੋ ਗਈ ਸੀ, ਜੋ 1989 ਤੋਂ ਈਰਾਨ ਦੀ ਅਗਵਾਈ ਕਰ ਰਹੇ ਸਨ। ਇਸ ਤੋਂ ਬਾਅਦ ਈਰਾਨ ਦੇ ਸੁਪਰੀਮ ਲੀਡਰ ਮੋਜਤਬਾ ਖਾਮੇਨੇਈ ਸਾਲਾਂ ਤੱਕ ਪਰਦੇ ਦੇ ਪਿੱਛੇ ਕੰਮ ਕਰਨ ਤੋਂ ਬਾਅਦ ਇਸਲਾਮਿਕ ਰਿਪਬਲਿਕ ਦੇ ਸਭ ਤੋਂ ਸ਼ਕਤੀਸ਼ਾਲੀ ਅਹੁਦੇ 'ਤੇ ਪਹੁੰਚ ਗਏ ਸਨ। ਪਰ ਉਸ ਹਮਲੇ ’ਚ ਖ਼ੁਦ ਵੀ ਜ਼ਖ਼ਮੀ ਹੋਏ ਮੋਜਤਬਾ ਖਾਮੇਨੇਈ ਨੇ ਅਹੁਦਾ ਸੰਭਾਲਣ ਤੋਂ ਲੈ ਕੇ ਹੁਣ ਤੱਕ ਦਰਜਨ ਤੋਂ ਵੱਧ ਲਿਖਤੀ ਸੁਨੇਹੇ ਜਾਰੀ ਕੀਤੇ ਹਨ ਪਰ ਅਜੇ ਤੱਕ ਜਨਤਕ ਤੌਰ 'ਤੇ ਸਾਹਮਣੇ ਨਹੀਂ ਆਏ ਹਨ। ਪਿਛਲੇ ਮਹੀਨੇ ਮੋਜਤਬਾ ਖਾਮੇਨੇਈ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਹ ਇਸਲਾਮਿਕ ਰਿਪਬਲਿਕ 'ਤੇ ਹਮਲੇ ਜਾਰੀ ਰੱਖਦਾ ਹੈ ਤਾਂ ਉਸ ਨੂੰ ਕਦੇ ਨਾ ਭੁੱਲਣ ਵਾਲਾ ਸਬਕ ਸਿਖਾਇਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖ਼ਤ ਨੂੰ ਬੇਕਾਰ ਅਤੇ ਗ਼ੈਰ-ਕਾਨੂੰਨੀ ਕਰਾਰ ਦਿੱਤਾ।

ਇਹ ਬਿਆਨ ਈਰਾਨੀ ਸਰਕਾਰੀ ਟੈਲੀਵਿਜ਼ਨ 'ਤੇ ਪੜ੍ਹ ਕੇ ਸੁਣਾਇਆ ਗਿਆ। ਇਹ ਬਿਆਨ ਅਜਿਹੇ ਸਮੇਂ ’ਚ ਆਇਆ ਜਦੋਂ ਇਸ ਦੇ ਕੁਝ ਘੰਟੇ ਪਹਿਲਾਂ ਹੀ ਤਹਿਰਾਨ ਨੇ ਇੱਕ ਮਹੀਨੇ ਪਹਿਲਾਂ ਹੋਏ ਇੱਕ ਅੰਤਰਿਮ ਸਮਝੌਤੇ ਤਹਿਤ ਆਪਣੀਆਂ ਵਚਨਬੱਧਤਾਵਾਂ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਸੀ, ਕਿਉਂਕਿ ਅਮਰੀਕਾ ਅਤੇ ਈਰਾਨ ਵਿਚਾਲੇ ਫ਼ੌਜੀ ਅਤੇ ਬੁਨਿਆਦੀ ਢਾਂਚਿਆਂ 'ਤੇ ਲਗਾਤਾਰ ਹਮਲੇ ਹੋ ਰਹੇ ਸਨ। ਮੋਜਤਬਾ ਨੇ ਕਿਹਾ ਹੈ ਕਿ ਹੁਣ ਜਦੋਂ ਅਮਰੀਕੀ ਦੁਸ਼ਮਣ ਸੰਘਰਸ਼ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਸ ਦੇ ਜ਼ਰੀਏ ਉਸ ਨੂੰ ਹੋਰ ਵੀ ਭਾਰੀ ਕੀਮਤ ਚੁਕ-ਾਉਣੀ ਪਵੇਗੀ ਅਤੇ ਹੋਰ ਜ਼ਿਆਦਾ ਅਪਮਾਨ ਸਹਿਣਾ ਹੋਵੇਗਾ, ਤਾਂ ਉਸ ਨੂੰ ਇਹ ਜਾਨ ਲੈਣਾ ਚਾਹੀਦਾ ਹੈ ਕਿ ਈਰਾਨ ਦੇ ਮਹਾਨ ਰਾਸ਼ਟਰ ਅਤੇ ਰੇਸਿਸਟੈਂਸ ਫਰੰਟ ਨੇ ਉਸ ਲਈ ਅਜਿਹਾ ਸਬਕ ਤਿਆਰ ਰੱਖਿਆ ਹੈ ਜਿਸ ਨੂੰ ਉਹ ਕਦੇ ਨਹੀਂ ਭੁੱਲ ਸਕੇਗਾ।

ਜਦੋਂ ਤੋਂ ਸੰਘਰਸ਼ ਫਿਰ ਤੋਂ ਵਧਿਆ ਹੈ, ਉਦੋਂ ਤੋਂ ਇਹ ਬਿਆਨ ਖਾਮੇਨੇਈ ਦਾ ਪਹਿਲਾ ਜਨਤਕ ਸੁਨੇਹਾ ਸੀ। ਇਸ ਦੌਰਾਨ ਜੰਗ ਨੂੰ ਖ਼ਤਮ ਕਰਨ ਦੇ ਡਿਪਲੋਮੈਟਿਕ ਯਤਨਾਂ 'ਤੇ ਅਨਿਸ਼ਚਿਤਤਾ ਵੱਧਦੀ ਜਾ ਰਹੀ ਹੈ। ਉਨ੍ਹਾਂ ਦੇ ਲਿਖਤੀ ਸੁਨੇਹਿਆਂ ਅਤੇ ਸੋਸ਼ਲ ਮੀਡੀਆ ਚੈਨਲਾਂ 'ਤੇ ਸਰਗਰਮੀ ਦੇ ਬਾਵਜੂਦ, ਇਸ ਗੱਲ ਦੀ ਕੋਈ ਆਜ਼ਾਦ ਪੁਸ਼ਟੀ ਨਹੀਂ ਹੋਈ ਹੈ ਕਿ 28 ਫਰਵਰੀ ਦੇ ਹਮਲੇ ਤੋਂ ਬਾਅਦ ਮੋਜਤਬਾ ਖਾਮੇਨੇਈ ਜਿਉਂਦੇ ਵੀ ਹਨ ਜਾਂ ਨਹੀਂ। ਉਸ ਹਮਲੇ ਵਿੱਚ ਉਨ੍ਹਾਂ ਦੀ ਪਤਨੀ ਜ਼ਹਰਾ ਹਦਾਦ ਆਦਿਲ ਅਤੇ ਖਾਮੇਨੇਈ ਪਰਿਵਾਰ ਦੇ ਹੋਰ ਮੈਂਬਰ ਵੀ ਮਾਰੇ ਗਏ ਸਨ। ਹਾਲਾਂਕਿ, ਕਈ ਇਰਾਨੀ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਹਮਲੇ ਵਿੱਚ ਜ਼ਖ਼ਮੀ ਹੋ ਗਏ ਸਨ। ਇਸ ਨਾਲ ਇਨ੍ਹਾਂ ਅਟਕਲਾਂ ਨੂੰ ਬਲ ਮਿਲਿਆ ਹੈ ਕਿ ਉਹ ਸ਼ਾਇਦ ਠੀਕ ਹੋਣ ਦਾ ਇੰਤਜ਼ਾਰ ਕਰ ਰਹੇ ਹਨ ਜਾਂ ਸੁਰੱਖਿਆ ਕਾਰਨਾਂ ਕਰਕੇ ਇਹਤਿਆਤ ਵਰਤ ਰਹੇ ਹਨ ਅਤੇ ਇਸ ਲਈ ਜਨਤਕ ਤੌਰ 'ਤੇ ਸਾਹਮਣੇ ਨਹੀਂ ਆ ਰਹੇ ਹਨ।

ਈਰਾਨ ਇੰਟਰਨੈਸ਼ਨਲ ਦੇ ਅਨੁਸਾਰ, ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜੇਸ਼ਕੀਅਨ ਨੂੰ ਕਥਿਤ ਤੌਰ 'ਤੇ ਤਹਿਰਾਨ ਵਿੱਚ ਇੱਕ ਅਣਪਛਾਤੇ ਸਥਾਨ 'ਤੇ ਲਿਜਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਮੁਲਾਕਾਤ ਇੱਕ ਅਜਿਹੇ ਵਿਅਕਤੀ ਨਾਲ ਕਰਵਾਈ ਗਈ ਜਿਸ ਨੂੰ ਸੁਪਰੀਮ ਲੀਡਰ ਮੋਜਤਬਾ ਖਾਮੇਨੇਈ ਵਜੋਂ ਪੇਸ਼ ਕੀਤਾ ਗਿਆ ਸੀ। ਇਸ ਗੁਪਤ ਮੁਲਾਕਾਤ ਨੇ ਈਰਾਨ ਦੀ ਨਵੀਂ ਲੀਡਰਸ਼ਿਪ ਦੇ ਆਲੇ-ਦੁਆਲੇ ਬਣੀ ਗੁਪਤਤਾ 'ਤੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ।

ਪੇਜੇਸ਼ਕੀਅਨ ਨੂੰ ਕਾਲੇ ਅਤੇ ਗੂੜ੍ਹੇ ਸ਼ੀਸ਼ੇ ਵਾਲੇ ਵਾਹਨ ਦੀ ਪਿਛਲੀ ਸੀਟ 'ਤੇ ਲਿਜਾਇਆ ਗਿਆ, ਜਿੱਥੇ ਖਾਮੇਨੇਈ ਵਜੋਂ ਪਛਾਣਿਆ ਗਿਆ ਵਿਅਕਤੀ ਪਹਿਲਾਂ ਹੀ ਬੈਠਾ ਹੋਇਆ ਸੀ। ਖਿੜਕੀਆਂ ਦੇ ਸ਼ੀਸ਼ੇ ਕਾਲੇ ਰੱਖੇ ਗਏ ਸਨ, ਸੁਰੱਖਿਆ ਕਰਮਚਾਰੀਆਂ ਨੇ ਦੋਵਾਂ ਵਿਅਕਤੀਆਂ ਨੂੰ ਇੱਕ-ਦੂਜੇ ਨੂੰ ਦੇਖਣ ਜਾਂ ਹੱਥ ਮਿਲਾਉਣ ਤੋਂ ਰੋਕ ਦਿੱਤਾ, ਜਿਸ ਨਾਲ ਉਹ ਸਿਰਫ਼ ਆਵਾਜ਼ ਦੇ ਮਾਧਿਅਮ ਨਾਲ ਗੱਲਬਾਤ ਕਰ ਸਕਦੇ ਸਨ।

ਬਾਅਦ ’ਚ ਪੇਜੇਸ਼ਕੀਅਨ ਨੂੰ ਇਸ ਗੱਲ 'ਤੇ ਸ਼ੱਕ ਹੋਇਆ ਕਿ ਕੀ ਜੋ ਆਵਾਜ਼ ਉਨ੍ਹਾਂ ਨੇ ਸੁਣੀ, ਉਹ ਅਸਲ ’ਚ ਨਵੇਂ ਸੁਪਰੀਮ ਲੀਡਰ ਦੀ ਹੀ ਸੀ। ਇਹ ਮੁਲਾਕਾਤ ਸਿਰਫ਼ ਕੁਝ ਹੀ ਮਿੰਟਾਂ ਤੱਕ ਚੱਲੀ, ਹਾਲਾਂਕਿ ਬਾਅਦ ’ਚ ਪੇਜੇਸ਼ਕੀਅਨ ਨੇ ਵਪਾਰ ਸੰਘ ਦੇ ਪ੍ਰਤੀਨਿਧੀਆਂ ਨੂੰ ਦੱਸਿਆ ਸੀ ਕਿ ਉਨ੍ਹਾਂ ਨੇ ਵਧੀਆ ਮਾਹੌਲ ਵਿੱਚ ਖਖਾਮੇਨੇਈ ਨਾਲ ਢਾਈ ਘੰਟੇ ਬਿਤਾਏ।

# ‘ਸਮਾਰਟ’ ਮੀਟਰ ਦੀ ਉਲਝਣ

ਪੰਜਾਬ ’ਚ ਬਿਜਲੀ ਪ੍ਰਬੰਧਾਂ ਨੂੰ ਦਰੁਸਤ ਕਰਨ ਤੇ ਸਮੇਂ ਦੇ ਹਾਣੀ ਬਣਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸਰਕਾਰਾਂ ਘਰਾਂ ਤੇ ਸਰਕਾਰੀ ਅਦਾਰਿਆਂ ’ਚ ਸਮਾਰਟ ਮੀਟਰ ਲਗਾਉਣ ਦੀ ਯੋਜਨਾ ’ਤੇ ਕੰਮ ਕਰ ਰਹੀ ਹੈ। ਇਸ ਨੂੰ ਲੈ ਕੇ ਵੱਡੇ ਪੱਧਰ ’ਤੇ ਪ੍ਰਾਜੈਕਟ ’ਤੇ ਕੰਮ ਚੱਲ ਰਿਹਾ ਹੈ ਹਾਲਾਂਕਿ ਸਮਾਰਟ ਮੀਟਰਾਂ ਨੂੰ ਲੈ ਕੇ ਲੋਕਾਂ ’ਚ ਕਈ ਤਰ੍ਹਾਂ ਦੇ ਖ਼ਦਸ਼ੇ ਹਨ। ਪੀਐੱਸਪੀਸੀਐੱਲ ਦੇ ਅੰਕੜਿਆਂ ਅਨੁਸਾਰ ਪੰਜਾਬ ’ਚ ਸਮਾਰਟ ਮੀਟਰਿੰਗ ਪ੍ਰਾਜੈਕਟ ਦੀ ਮਨਜ਼ੂਰਸ਼ੁਦਾ ਕੁੱਲ ਲਾਗਤ ਲਗਭਗ 5,747 ਕਰੋੜ (ਕੁਝ ਦਸਤਾਵੇਜ਼ਾਂ ’ਚ 5,768 ਕਰੋੜ) ਹੈ। ਇਸ ’ਚ ਕਰੀਬ 87.85 ਲੱਖ ਸਮਾਰਟ ਮੀਟਰ ਖ਼ਪਤਕਾਰਾਂ ਲਈ ਤੇ ਸਿਸਟਮ ਸਮਾਰਟ ਮੀਟਰ ਸ਼ਾਮਲ ਹਨ। ਇਸ ਤੋਂ ਇਲਾਵਾ, ਸਮਾਰਟ ਮੀਟਰਿੰਗ ਪ੍ਰਾਜੈਕਟ ਲਈ ਕੇਂਦਰ ਸਰਕਾਰ ਵੱਲੋਂ ਲਗਭਗ 875 ਕਰੋੜ ਦੀ ਗ੍ਰਾਂਟ ਅਤੇ ਪ੍ਰਾਜੈਕਟ ਪੂਰਾ ਹੋਣ ’ਤੇ 85 ਕਰੋੜ ਤੱਕ ਦਾ ਵਾਧੂ ਪ੍ਰੋਤਸਾਹਨ ਵੀ ਤੈਅ ਕੀਤਾ ਗਿਆ ਹੈ। ਇਸ ਸਾਰੀ ਚਾਰਾਜ਼ੋਈ ਦਾ ਇਕੋ-ਇਕ ਟੀਚਾ ਹੈ ਕਿ ਕਿਸੇ ਤਰੀਕੇ ਬਿਜਲੀ ਚੋਰੀ ਨੂੰ ਰੋਕਿਆ ਜਾਵੇ ਤੇ ਦੂਜੇ ਪਾਸੇ ਬਿਜਲੀ ਵਿਭਾਗ ਨੂੰ ਹੋਣ ਵਾਲੀਆਂ ਲੇਟ ਅਦਾਇਗੀਆਂ ਨੂੰ ਵੇਲੇ ਸਿਰ ਕੀਤਾ ਜਾਵੇ ਪਰ ਸਰਕਾਰ ਦੀ ਇਹ ਯੋਜਨਾ ਸ਼ੁਰੂਆਤੀ ਦੌਰ ’ਚ ਹੀ ਪਰੇਸ਼ਾਨੀਆਂ ’ਚ ਘਿਰਦੀ ਨਜ਼ਰ ਆ ਰਹੀ ਹੈ। ਇਨ੍ਹਾਂ ਸਮਾਰਟ ਮੀਟਰਾਂ ਨਾਲ ਸਰਕਾਰ ਨੇ ਹਾਲੇ ਸੂਬੇ ਦੇ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਨੀ ਹੈ ਪਰ ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਦੇ ਆਪਣੇ ਸਰਕਾਰੀ ਅਦਾਰਿਆਂ ਨੂੰ ਹੀ ਇਹ ਸਹੂਲਤ ਰਾਸ ਨਹੀਂ ਆ ਰਹੀ। ਕਈ ਸਰਕਾਰੀ ਸਕੂਲਾਂ ਤੇ ਸੇਵਾ ਕੇਂਦਰਾਂ ’ਚ ਇਨ੍ਹਾਂ ਸਮਾਰਟ ਮੀਟਰਾਂ ਦੇ ਰੀਚਾਰਜ਼ ਨਹੀਂ ਹੋਣ ਕਾਰਨ ਕੰਮ ਪ੍ਰਭਾਵਿਤ ਹੋ ਰਿਹਾ ਹੈ। ਦਰਅਸਲ, ਇਨ੍ਹਾਂ ਮੀਟਰਾਂ ਦੀ ਇਕ ਸਮੱਸਿਆ ਹੈ ਕਿ ਇਹ ਉਸੇ ਤਰ੍ਹਾਂ ਕੰਮ ਕਰਦੇ ਹਨ, ਜਿਵੇਂ ਮੋਬਾਈਲ ਫੋਨਾਂ ਦੇ ਰਿਚਾਰਜ਼। ਜਿਵੇਂ ਹੀ ਮੀਟਰ ਦਾ ਰੀਚਾਰਜ਼ ਖ਼ਤਮ ਹੁੰਦਾ ਹੈ ਜਾਂ ਬਿਜਲੀ ਦਾ ਬਿੱਲ ਭਰਨ ਦੀ ਆਖ਼ਰੀ ਤਰੀਖ਼ ਨਿਕਲ ਜਾਦੀ ਹੈ ਤਾਂ ਬਿਜਲੀ ਕਨੈਕਸ਼ਨ ਬੰਦ ਹੋ ਜਾਂਦਾ ਹੈ। ਇਨ੍ਹਾਂ ਖ਼ਦਸ਼ਿਆਂ ਨੂੰ ਲੈ ਕੇ ਪਹਿਲਾਂ ਵੀ ਲੋਕਾਂ ਵੱਲੋਂ ਮੀਟਰਾਂ ਬਾਰੇ ਵਿਰੋਧ ਦਰਜ ਕਰਵਾਇਆ ਜਾ ਚੁੱਕਾ ਹੈ। ਜ਼ਮਾਨਾ ਬੇਸ਼ੱਕ ਇਸ ਵੇਲੇ ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਕਿ ਮਨਸੂਈ ਬੁੱਧੀ ਦਾ ਹੈ ਪਰ ਇਹ ਵੀ ਦੇਖਣਾ ਪਵੇਗਾ ਕਿ ਸਾਡਾ ਖ਼ਾਸਕਰ ਪੰਜਾਬ ਦਾ ਪੇਂਡੂ ਤੇ ਸ਼ਹਿਰੀ ਤਾਣਾ-ਬਾਣਾ ਇਸ ਨਵੇਂ ਮਾਹੌਲ ’ਚ ਢਲਣ ਲਈ ਕਿੰਨਾ ਕੁ ਤਿਆਰ ਹੈ। ਸਰਕਾਰਾਂ ਦੂਜੇ ਮੁਲਕਾਂ ’ਚ ਆਪਣੇ ਅਧਿਕਾਰੀਆਂ ਤੇ ਅਧਿਆਪਕਾਂ ਦੇ ਟੂਰ ਲਗਾ ਕੇ ਬੇਸ਼ੱਕ ਉੱਥੋਂ ਦੀਆਂ ਸਹੂਲਤਾਂ ’ਤੇ ਨਜ਼ਰਸਾਨੀ ਕਰਨ ਲਈ ਵਿਉਂਤਬੰਦੀ ਕਰਦੀ ਰਹਿੰਦੀ ਹੈ ਪਰ ਇਹ ਵੀ ਦੇਖਣਾ ਪਵੇਗਾ ਕਿ ਆਲਮੀ ਪੱਧਰ ਦੇ ਮੁਲਕਾਂ ਦੇ ਵਿਕਾਸ ਨਾਲ ਸਬੰਧਤ ‘ਸਮਾਰਟ ਢਾਂਚੇ’ ਸਾਡੇ ਸਮਾਜ ’ਚ ਕਿੱਥੇ ਕੁ ਫਿੱਟ ਬੈਠਦੇ ਹਨ। ਦੂਜੇ ਮੁਲਕਾਂ ’ਚ ਰੋਜ਼ਾਨਾ ਦੇ ਕੰਮ ਵੀ ਏਆਈ ਦੀਆਂ ਤਕਨੀਕਾਂ ਰਾਹੀਂ ਕੀਤੇ ਜਾਣ ਲੱਗੇ ਹਨ। ਇੱਥੋਂ ਤੱਕ ਕਿ ਲੋਕਾਂ ਨੂੰ ਮਿਲਣ ਵਾਲੀਆਂ ਕਈ ਰੋਜ਼ਾਨਾ ਸਹੂਲਤਾਂ ਵੀ ਤਕਨੀਕ ਦੇ ਸਹਾਰੇ ਚੱਲ ਰਹੀਆਂ ਹਨ। ਸਮਾਰਟ ਹੋਮਜ਼, ਬਿਜਲੀ ਊਰਜਾ ਪ੍ਰਬੰਧਨ, ਕੂੜਾ ਪ੍ਰਬੰਧਨ, ਟ੍ਰੈਫਿਕ ਲਾਈਟਾਂ, ਜਨਤਕ ਆਵਾਜਾਈ ਤੇ ਸਿਹਤ ਸਬੰਧੀ ਹਸਪਤਾਲਾਂ ’ਚ ਕੀਤੇ ਜਾਣ ਵਾਲੇ ਸਰਜਰੀਆਂ ਵਰਗੇ ਤਕਨੀਕੀ ਕਾਰਜ ਵੀ ਮਨੁੱਖੀ ਦਖ਼ਲ ਤੋਂ ਰਹਿਤ ਹੋ ਰਹੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਦੂਜੇ ਮੁਲਕਾਂ ਦੀ ਰੀਸ ਕਰਕੇ ਅਪਣਾਈਆਂ ਜਾਣ ਵਾਲੀਆਂ ਸਹੂਲਤਾਂ ਸਾਡੇ ਦੇਸ਼ ਦੇ ਲੋਕਾਂ ਦੇ ਜੀਵਨ-ਪੱਧਰ ’ਚ ਵੀ ਸੁਖਾਵੇਂ ਤਰੀਕੇ ਨਾਲ ਥਾਂ ਲੈ ਸਕਣ। ਬੇਸ਼ੱਕ ਸਮੇਂ ਦੇ ਹਾਣੀ ਹੋਣ ਵਾਲੇ ਸਮਾਜ ਤੇ ਮੁਲਕ ਹੀ ਤਰੱਕੀ ਕਰਨਗੇ ਪਰ ਇਸ ਤੋਂ ਪਹਿਲਾਂ ਲੋਕਾਂ ’ਚ ਉਹ ਸਾਰੀ ਜਾਗਰੂਕਤਾ ਪੈਦਾ ਕਰਨੀ ਪਵੇਗੀ, ਜਿਸ ਨਾਲ ਅਜਿਹੀਆਂ ਸਹੂਲਤਾਂ ਨੂੰ ਅਪਣਾਉਣ ਦਾ ਸੱਭਿਆਚਾਰ ਵਿਕਸਤ ਹੋ ਸਕੇ।

# ਪੰਜਾਬ ਨੂੰ ਡਰ ਦੇ ਇੱਕ ਹੋਰ ਕਾਲੇ ਦੌਰ ਦੀ ਲੋੜ ਨਹੀਂ



ਕੈਪਟਨ ਅਮਰਿੰਦਰ ਸਿੰਘ
ਸਾਬਕਾ ਮੁੱਖ ਮੰਤਰੀ

ਪੰਜਾਬ ਨੇ ਲੰਮਾ ਸਮਾਂ ਹਿੰਸਾ, ਬੇਯਕੀਨੀ ਅਤੇ ਆਰਥਿਕ ਸੰਕਟ ਦਾ ਸੰਤਾਪ ਹੰਢਾਇਆ ਹੈ ਪਰ ਇਸ ਨੇ ਵਾਰ-ਵਾਰ ਇਹ ਸਾਬਿਤ ਕੀਤਾ ਹੈ ਕਿ ਇਸ ਵਿੱਚ ਮੁੜ ਪੈਰਾਂ ਸਿਰ ਹੋਣ ਦੀ ਅਥਾਹ ਤਾਕਤ ਹੈ। ਮੈਂ ਇਸ ਸੂਬੇ ਨੂੰ ਔਖੇ ਤੋਂ ਔਖੇ ਸਮੇਂ ਅਤੇ ਬੁਲੰਦ ਹੌਸਲੇ ਵਾਲੇ ਪਲਾਂ ਵਿੱਚ ਵੀ ਵੇਖਿਆ ਹੈ। ਮੇਰੇ ਇਸ ਤਜਰਬੇ ਨੇ ਮੈਨੂੰ ਇੱਕੋ ਸਬਕ ਸਿਖਾਇਆ ਹੈ ਕਿ ਪੰਜਾਬ ਦੇ ਲੋਕਾਂ ਨੂੰ ਆਪਸ ਵਿੱਚ ਵੰਡ ਕੇ ਇਸ ਦੀ ਸੁਰੱਖਿਆ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਲੋਕਾਂ ਨੂੰ ਡਰ ਤੇ ਨਿਰਾਸ਼ਾ ਦੇ ਹਨੇਰੇ ਵਿੱਚ ਰੱਖ ਕੇ ਸੂਬੇ ਦੀ ਤਰੱਕੀ ਯਕੀਨੀ ਬਣਾਈ ਜਾ ਸਕਦੀ ਹੈ।

ਸਾਲ 2027 ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਸਾਹਮਣੇ ਅਸਲ ਫ਼ੈਸਲਾਕੁਨ ਚੋਣ ਧਰਮਾਂ, ਜਾਤਾਂ ਜਾਂ ਸਿਆਸੀ ਪਛਾਣਾਂ ਵਿਚਕਾਰ ਨਹੀਂ ਹੈ ਸਗੋਂ ਪਰ੍ਹਾਂ ਧੱਕੇ ਜਾਣ ਤੇ ਸਹੀ ਸੇਧ, ਟਕਰਾਅ ਤੇ ਆਤਮ-ਵਿਸ਼ਵਾਸ ਅਤੇ ਨਿਘਾਰ 'ਚੋਂ ਨਿਕਲਣ ਦੀ ਕੋਸ਼ਿਸ਼ ਤੇ ਇੱਕ ਨਵੇਂ ਭਵਿੱਖ ਦੀ ਉਸਾਰੀ ਵਿਚਕਾਰ ਹੈ। ਪੰਜਾਬ ਸਿੱਖ ਬਹੁਗਿਣਤੀ ਵਾਲਾ ਸਰਹੱਦੀ ਸੂਬਾ ਹੈ, ਜਿਸ ਦਾ ਸਾਂਝੀਵਾਲਤਾ ਵਾਲਾ ਅਮੀਰ ਵਿਰਸਾ ਹੈ। ਇੱਥੋਂ ਦੇ ਹਿੰਦੂ, ਸਿੱਖ, ਮੁਸਲਮਾਨ, ਇਸਾਈ ਅਤੇ ਦਲਿਤ ਭਾਈਚਾਰੇ ਹਮੇਸ਼ਾ ਰਲ-ਮਿਲ ਕੇ ਰਹੇ ਹਨ, ਇਕੱਠਿਆਂ ਮੁਸ਼ਕਿਲਾਂ ਦਾ ਮੁਕਾਬਲਾ ਕੀਤਾ ਹੈ ਅਤੇ ਸੁਖ-ਦੁਖ ਸਾਂਝੇ ਕੀਤੇ ਹਨ। ਪੁਰਾਣੇ ਜ਼ਖ਼ਮਾਂ ਨੂੰ ਮੁੜ ਉਚੇੜਨਾ ਜਾਂ ਪੰਜਾਬ ਵਿੱਚ ਨਫ਼ਰਤ ਤੇ ਵੰਡ ਦੀ ਰਾਜਨੀਤੀ ਨੂੰ ਵਾੜਨਾ ਗ਼ੈਰ-ਜ਼ਿੰਮੇਵਾਰਾਨਾ ਅਤੇ ਖ਼ਤਰਨਾਕ ਚਾਲ ਹੋਵੇਗੀ। ਇਸ ਭੂ-ਸਿਆਸੀ ਤੌਰ 'ਤੇ ਸੰਵੇਦਨਸ਼ੀਲ ਸੂਬੇ ਵਿੱਚ ਆਪਸੀ ਬੇਭਰੋਸਗੀ ਪਲ ਵਿੱਚ ਹੀ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਬਣ ਜਾਂਦੀ ਹੈ।

ਸੁਰੱਖਿਆ ਨੂੰ ਦਰਪੇਸ਼ ਚੁਣੌਤੀਆਂ ਦਾ ਸਰੂਪ ਹੁਣ ਪੂਰੀ ਤਰ੍ਹਾਂ ਬਦਲ ਚੁੱਕਿਆ ਹੈ। ਪੰਜਾਬ ਹੁਣ ਸਿਰਫ਼ ਪੁਰਾਣੇ ਕਿਸਮ ਦੇ ਖਾੜਕੂਵਾਦ ਨਾਲ ਨਹੀਂ ਲੜ ਰਿਹਾ ਸਗੋਂ ਸਰਹੱਦ ਪਾਰੋਂ ਆਉਂਦੇ ਡਰੋਨਾਂ ਰਾਹੀਂ ਨਸ਼ੀਲੇ ਪਦਾਰਥ, ਹਥਿਆਰ, ਅਪਰਾਧਕ ਗੈਂਗ, ਫਿਰੌਤੀਆਂ, ਜੇਲ੍ਹਾਂ ਅੰਦਰੋਂ ਚੱਲਦੇ ਨੈੱਟਵਰਕ ਅਤੇ ਵਿਦੇਸ਼ਾਂ ਵਿੱਚ ਬੈਠੇ ਹੈਂਡਲਰ ਹੁਣ ਇੱਕੋ ਅਪਰਾਧੀ ਤਾਣੇ-ਬਾਣੇ ਦੇ ਵੱਖ-ਵੱਖ ਹਿੱਸੇ ਬਣ ਕੇ ਕੰਮ ਕਰ ਰਹੇ ਹਨ। ਸਾਲ 2024 ਦੇ ਸਰਕਾਰੀ ਅੰਕੜੇ ਦੱਸਦੇ ਹਨ ਕਿ ਪੰਜਾਬ ਨਾਲ ਲੱਗਦੀ ਕੌਮਾਂਤਰੀ ਸਰਹੱਦ 'ਤੇ ਸੈਂਕੜੇ ਡਰੋਨ ਫੜੇ ਗਏ ਅਤੇ ਸੂਬੇ ਵਿੱਚ 1,150 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਜ਼ਬਤ ਕੀਤੀ ਗਈ।

ਇਹ ਕੋਈ ਵਿਰਲਾ-ਟਾਵਾਂ ਮਾਮਲਾ ਨਹੀਂ ਹੈ ਸਗੋਂ ਪੰਜਾਬ ਦੀ ਜਵਾਨੀ, ਅਰਥਚਾਰੇ ਅਤੇ ਲੋਕਾਂ ਦੇ ਆਤਮ-ਵਿਸ਼ਵਾਸ ਉੱਤੇ ਇੱਕ ਯੋਜਨਾਬੱਧ ਹਮਲਾ ਹੈ। ਇਸ ਲਈ ਇਸ ਦਾ ਜਵਾਬ ਵੀ ਪੂਰੀ ਤਰ੍ਹਾਂ ਸੰਗਠਿਤ ਹੋਣਾ ਚਾਹੀਦਾ ਹੈ। ਪੰਜਾਬ ਨੂੰ ਕੇਂਦਰ ਅਤੇ ਸੂਬਾ ਸਰਕਾਰ ਦਾ ਸਾਂਝਾ ਸੁਰੱਖਿਆ ਅਤੇ ਨਸ਼ਾ-ਵਿਰੋਧੀ ਗਰਿੱਡ ਬਣਾਉਣ ਦੀ ਲੋੜ ਹੈ, ਜਿਸ ਵਿੱਚ ਗ੍ਰਹਿ ਮੰਤਰਾਲਾ, ਬੀ ਐੱਸ ਐੱਫ, ਐੱਨ ਆਈ ਏ, ਐੱਨ ਸੀ ਬੀ, ਖ਼ੁਫ਼ੀਆ ਏਜੰਸੀਆਂ ਅਤੇ ਪੰਜਾਬ ਪੁਲੀਸ ਸਭ ਰਲ ਕੇ ਕੰਮ ਕਰਨ। ਖ਼ੁਫ਼ੀਆ ਜਾਣਕਾਰੀ ਪਲ-ਪਲ ਦੀ ਅਪਡੇਟ ਵਾਲੀ (ਰੀਅਲ ਟਾਈਮ) ਹੋਣੀ ਚਾਹੀਦੀ ਹੈ। ਡਰੋਨ ਵਿਰੋਧੀ ਤਕਨੀਕ, ਆਧੁਨਿਕ ਫੋਰੈਂਸਿਕ ਜਾਂਚ, ਵਿੱਤੀ ਜਾਂਚ, ਗਵਾਹਾਂ ਦੀ ਸੁਰੱਖਿਆ ਅਤੇ ਤੇਜ਼ੀ ਨਾਲ ਹੋਣ ਵਾਲੀ ਅਦਾਲਤੀ ਕਾਰਵਾਈ ਨੂੰ ਇੱਕੋ ਤਾਣੇ-ਪੇਟੇ ਵਿੱਚ ਪਰੋਇਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਜਿਹੜੇ ਨੌਜਵਾਨ ਪਹਿਲੀ ਵਾਰ ਗ਼ਲਤੀ ਨਾਲ ਇਸ ਰਾਹ ਪਏ ਹਨ ਅਤੇ ਜਿਨ੍ਹਾਂ ਨੇ ਕੋਈ ਵੱਡਾ ਅਪਰਾਧ ਨਹੀਂ ਕੀਤਾ, ਉਨ੍ਹਾਂ ਨੂੰ ਮੁੜ-ਵਸੇਬੇ ਰਾਹੀਂ ਮੁੱਖ ਧਾਰਾ ਵਿੱਚ ਲਿਆਉਣ ਦਾ ਕਾਨੂੰਨੀ ਰਸਤਾ ਦੇਣਾ ਚਾਹੀਦਾ ਹੈ। ਸਖ਼ਤੀ ਅਤੇ ਇਨਸਾਫ਼ ਦਾ ਇਹ ਸੁਮੇਲ ਨਾਲ-ਨਾਲ ਚੱਲਣਾ ਚਾਹੀਦਾ ਹੈ।

ਸਿਰਫ਼ ਪੁਲੀਸ ਦੇ ਜ਼ੋਰ ਨਾਲ ਸਥਾਈ ਸ਼ਾਂਤੀ ਬਹਾਲ ਨਹੀਂ ਕੀਤੀ ਜਾ ਸਕਦੀ। ਕੱਟੜਤਾ, ਗੈਂਗਸਟਰਵਾਦ ਅਤੇ ਨਸ਼ੇ ਦੀ ਲਤ ਨੂੰ ਬੇਰੁਜ਼ਗਾਰੀ, ਨਿਰਾਸ਼ਾ ਅਤੇ ਟੁੱਟ ਚੁੱਕੇ ਭਰੋਸੇ ਤੋਂ ਤਾਕਤ ਮਿਲਦੀ ਹੈ। ਪੰਜਾਬ ਦੇ ਨੌਜਵਾਨ ਦੇਸ਼ ਭਰ ਵਿੱਚੋਂ ਸਭ ਤੋਂ ਵੱਧ ਮਿਹਨਤੀ ਅਤੇ ਉੱਦਮੀ ਹਨ, ਫਿਰ ਵੀ ਬਹੁਤ ਸਾਰੇ ਨੌਜਵਾਨਾਂ ਦਾ ਇਹੋ ਮੰਨਣਾ ਹੈ ਕਿ ਉਨ੍ਹਾਂ ਦਾ ਭਵਿੱਖ ਸੂਬੇ ਤੋਂ ਬਾਹਰ ਹੀ ਬਣ ਸਕਦਾ ਹੈ। ਇਸ ਲਈ ਪਾਰਦਰਸ਼ੀ ਭਰਤੀ, ਭਰੋਸੇਯੋਗ ਅਪ੍ਰੈਂਟਿਸਸ਼ਿਪ, ਆਧੁਨਿਕ ਹੁਨਰ, ਜ਼ਿਲ੍ਹਾ ਪੱਧਰੀ ਉੱਦਮ ਕੇਂਦਰਾਂ ਅਤੇ ਬਾਹਰੋਂ ਪਰਤਣ ਵਾਲੇ ਪਰਵਾਸੀਆਂ ਦੀ ਮਦਦ ਨੂੰ ਸੁਰੱਖਿਆ ਰਣਨੀਤੀ ਦਾ ਹੀ ਅਨਿੱਖੜ ਅੰਗ ਮੰਨਿਆ ਜਾਣਾ ਚਾਹੀਦਾ ਹੈ। ਨਿਰਾਸ਼ਾ ਦਾ ਸਭ ਤੋਂ ਵੱਡਾ ਜਵਾਬ ਰੁਜ਼ਗਾਰ ਹੈ। ਇਸ ਯਤਨ ਵਿੱਚ ਗ਼ਰੀਬਾਂ ਅਤੇ ਲੋੜਵੰਦਾਂ, ਖ਼ਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਲੋਕਾਂ ਨੂੰ ਵੱਧ ਤਵੱਜੋ ਮਿਲਣੀ ਚਾਹੀਦੀ ਹੈ। ਔਰਤਾਂ ਨੂੰ ਤਰੱਕੀ ਵਿੱਚ ਬਰਾਬਰ ਦੀਆਂ ਭਾਈਵਾਲ ਬਣਾਇਆ ਜਾਵੇ ਅਤੇ ਰਾਜਨੀਤੀ ਤੇ ਪ੍ਰਸ਼ਾਸਨ ਵਿੱਚ ਉਨ੍ਹਾਂ ਦੀ ਸਰਗਰਮ ਹਿੱਸੇਦਾਰੀ ਯਕੀਨੀ ਬਣਾਈ ਜਾਵੇ।

ਪੰਜਾਬ ਦਾ ਆਰਥਿਕ ਸੰਕਟ ਵੀ ਉਨਾ ਹੀ ਗੰਭੀਰ ਹੈ। ਸਿਰ ਚੜ੍ਹਿਆ ਕਰਜ਼ਾ ਅਤੇ ਲਗਾਤਾਰ ਪੈ ਰਿਹਾ ਘਾਟਾ ਸਕੂਲਾਂ, ਹਸਪਤਾਲਾਂ, ਸਿੰਜਾਈ, ਪੁਲਿਸ ਅਤੇ ਬੁਨਿਆਦੀ ਢਾਂਚੇ ਵਿੱਚ ਸੂਬੇ ਦੀ ਨਿਵੇਸ਼ ਕਰਨ ਦੀ ਸਮਰੱਥਾ ਨੂੰ ਘਟਾ ਰਿਹਾ ਹੈ। ਪੰਜਾਬ ਨੂੰ ਕਿਸੇ ਆਰਜ਼ੀ ਗ੍ਰਾਂਟ ਦੀ ਨਹੀਂ ਸਗੋਂ 10 ਸਾਲਾ ਆਰਥਿਕ ਮੁੜ-ਉਸਾਰੀ ਢਾਂਚੇ ਦੀ ਲੋੜ ਹੈ। ਮਹਿੰਗੇ ਵਿਆਜ ਵਾਲੇ ਕਰਜ਼ੇ ਦੀ ਰੂਪ-ਰੇਖਾ ਮੁੜ ਤਿਆਰ ਕੀਤੀ ਜਾਵੇ, ਪੁਰਾਣੀਆਂ ਜਾਇਜ਼ ਦੇਣਦਾਰੀਆਂ ਦੀ ਪੜਤਾਲ ਹੋਵੇ ਅਤੇ ਕੇਂਦਰੀ ਮਾਲੀ ਮਦਦ ਨੂੰ ਮਾਲੀਏ ਵਿੱਚ ਸੁਧਾਰ, ਸਬਸਿਡੀਆਂ ਦੀ ਬਿਹਤਰ ਯੋਜਨਾਬੰਦੀ, ਬਿਜਲੀ ਖੇਤਰ ਦੀ ਕਾਰਜ-ਕੁਸ਼ਲਤਾ ਅਤੇ ਉਤਪਾਦਕ ਪੂੰਜੀ ਨਿਵੇਸ਼ ਨਾਲ ਜੋੜਿਆ ਜਾਵੇ। ਇਸ ਸਭ ਦਾ ਮੁੱਖ ਟੀਚਾ ਪੰਜਾਬ ਦੀ ਸ਼ਾਸਨ ਚਲਾਉਣ ਅਤੇ ਵਿਕਾਸ ਕਰਨ ਦੀ ਸਮਰੱਥਾ ਨੂੰ ਬਹਾਲ ਕਰਨਾ ਹੋਣਾ ਚਾਹੀਦਾ ਹੈ।



ਖੇਤੀਬਾੜੀ ਅੱਜ ਵੀ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ ਪਰ ਖੇਤੀ ਦੇ ਮੌਜੂਦਾ ਮਾਡਲ ਨੇ ਕਿਸਾਨਾਂ ਅਤੇ ਕੁਦਰਤੀ ਸਾਧਨਾਂ ਦੋਵਾਂ ਨੂੰ ਨਿਚੋੜ ਕੇ ਰੱਖ ਦਿੱਤਾ ਹੈ। ਕਣਕ-ਝੋਨੇ ਦੇ ਫ਼ਸਲੀ ਚੱਕਰ ਨੇ ਦੇਸ਼ ਦੀ ਬਹੁਤ ਸੇਵਾ ਕੀਤੀ ਹੈ ਪਰ ਕਿਸਾਨਾਂ ਨੂੰ ਸਿਰਫ਼ ਅਪੀਲਾਂ ਕਰਕੇ ਫ਼ਸਲੀ ਵਿਭਿੰਨਤਾ ਵੱਲ ਨਹੀਂ ਮੋੜਿਆ ਜਾ ਸਕਦਾ। ਇਸ ਬਾਰੇ ਕਿਸਾਨਾਂ ਦਾ ਫ਼ੈਸਲਾ ਭਾਅ, ਮੰਡੀਕਰਨ, ਜੋਖਮ ਅਤੇ ਬਾਜ਼ਾਰਾਂ ਉੱਤੇ ਨਿਰਭਰ ਕਰਦਾ ਹੈ। ਜਿਸ ਹਿਸਾਬ ਨਾਲ ਧਰਤੀ ਹੇਠਲਾ ਪਾਣੀ ਕੁਦਰਤੀ ਤੌਰ 'ਤੇ ਪੂਰਾ ਹੋਣ (ਰੀਚਾਰਜ ਹੋਣ) ਨਾਲੋਂ ਕਿਤੇ ਵੱਧ ਕੱਢਿਆ ਜਾ ਰਿਹਾ ਹੈ, ਮੌਜੂਦਾ ਰਾਹ 'ਤੇ ਲੰਮੇ ਸਮੇਂ ਤੱਕ ਨਹੀਂ ਤੁਰਿਆ ਜਾ ਸਕਦਾ। ਇਸ ਲਈ ਕੇਂਦਰ ਸਰਕਾਰ ਦੀ ਮਦਦ ਨਾਲ ਖੇਤੀ, ਪਾਣੀ ਅਤੇ ਬਿਜਲੀ ਨਾਲ ਜੁੜਿਆ ਇੱਕ ਵਿਸ਼ੇਸ਼ ਤਬਦੀਲੀ ਫੰਡ ਬਣਾਉਣਾ ਬਹੁਤ ਜ਼ਰੂਰੀ ਹੈ। ਕਣਕ ਅਤੇ ਝੋਨੇ ਦੀ ਐੱਮ ਐੱਸ ਪੀ (ਘੱਟੋ-ਘੱਟ ਸਮਰਥਨ ਮੁੱਲ) ਉੱਤੇ ਸਰਕਾਰੀ ਖ਼ਰੀਦ ਨੂੰ ਸੋਚੀ-ਸਮਝੀ ਰਣਨੀਤੀ ਤਹਿਤ ਜਾਰੀ ਰੱਖਿਆ ਜਾਵੇ। ਮੱਕੀ, ਕਪਾਹ, ਦਾਲਾਂ ਅਤੇ ਤੇਲ ਵਾਲੇ ਬੀਜਾਂ ਲਈ ਯਕੀਨੀ ਖ਼ਰੀਦ ਜਾਂ ਕੀਮਤ ਦੇ ਘਾਟੇ ਨੂੰ ਪੂਰਾ ਕਰਨ ਲਈ ਇੱਕ ਢੁਕਵਾਂ ਸਿਸਟਮ ਹੋਣਾ ਚਾਹੀਦਾ ਹੈ। ਪਹਿਲੇ ਪੜਾਅ ਵਿੱਚ ਉਨ੍ਹਾਂ ਇਲਾਕਿਆਂ ਉੱਤੇ ਜ਼ੋਰ ਦਿੱਤਾ ਜਾਵੇ ਜਿੱਥੇ ਕਪਾਹ ਦੀ ਖੇਤੀ ਹੁੰਦੀ ਹੈ ਅਤੇ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਝੋਨੇ ਦੀ ਪੈਦਾਵਾਰ ਘੱਟ ਹੈ। ਫ਼ਸਲੀ ਵਿਭਿੰਨਤਾ ਅਪਣਾਉਣ ਵਾਲੇ ਕਿਸਾਨਾਂ ਦੀ ਆਮਦਨ ਨੂੰ ਘਟਣੋਂ ਬਚਾਇਆ ਜਾਵੇ ਅਤੇ ਇਸ ਦੇ ਨਾਲ ਹੀ ਫੂਡ ਪ੍ਰੋਸੈਸਿੰਗ, ਭੰਡਾਰਨ, ਕੋਲਡ ਚੇਨ ਅਤੇ ਕਿਸਾਨ ਉਤਪਾਦਕ ਸੰਗਠਨਾਂ ਦਾ ਦਾਇਰਾ ਵਿਸ਼ਾਲ ਕੀਤਾ ਜਾਵੇ।

ਖੇਤੀ ਵਾਲੇ ਟਿਊਬਵੈੱਲਾਂ ਨੂੰ ਸੂਰਜੀ ਊਰਜਾ ਨਾਲ ਜੋੜਨਾ ਇੱਕ ਵੱਡਾ ਬਦਲਾਅ ਲਿਆ ਸਕਦਾ ਹੈ, ਬਸ਼ਰਤੇ ਇਸ ਦੀ ਯੋਜਨਾ ਬਹੁਤ ਸਮਝਦਾਰੀ ਨਾਲ ਬਣਾਈ ਜਾਵੇ। ਇਕੱਲੇ ਸੋਲਰ ਪੰਪ ਲਗਾਉਣ ਨਾਲ ਧਰਤੀ ਹੇਠਲਾ ਪਾਣੀ ਹੋਰ ਵੱਧ ਕੱਢਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ। ਇਸ ਲਈ ਮੀਟਰ ਲੱਗੇ ਫੀਡਰਾਂ ਵਾਲੇ ਗਰਿੱਡ ਨਾਲ ਜੁੜੇ ਸਿਸਟਮ ਬਣਾ ਕੇ ਅਤੇ ਕਿਸਾਨਾਂ ਤੋਂ ਵਾਧੂ ਪੈਦਾ ਹੋਈ ਬਿਜਲੀ ਖ਼ਰੀਦ ਕੇ ਉਨ੍ਹਾਂ ਨੂੰ ਪਾਣੀ ਅਤੇ ਬਿਜਲੀ ਬਚਾਉਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਸੁਧਾਰ ਕਦੇ ਵੀ ਜ਼ਬਰਦਸਤੀ ਨਹੀਂ ਥੋਪੇ ਜਾ ਸਕਦੇ; ਇਹ ਭਰੋਸੇ ਅਤੇ ਬਣਦੇ ਮੁਆਵਜ਼ੇ ਦੇ ਆਧਾਰ ਉੱਤੇ ਹੀ ਹੋਣੇ ਚਾਹੀਦੇ ਹਨ।

ਪੰਜਾਬ ਦੇ ਪੁਰਾਣੇ ਜਲ ਵਿਵਾਦਾਂ ਨੂੰ ਹੱਲ ਕਰਨ ਲਈ ਵੀ ਸਿਆਸੀ ਸੂਝ-ਬੂਝ ਦੀ ਲੋੜ ਹੈ। ਐੱਸ ਵਾਈ ਐੱਲ ਦੇ ਮਸਲੇ ਨੂੰ ਹਰ ਵਾਰ ਚੋਣਾਂ ਵੇਲੇ ਲੋਕਾਂ ਨੂੰ ਭੜਕਾਉਣ ਦਾ ਹਥਿਆਰ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ। ਇਸ ਦਾ ਹੱਲ ਪਾਣੀ ਦੇ ਪੱਧਰ ਸਬੰਧੀ ਨਵੇਂ ਅੰਕੜਿਆਂ, ਸੰਵਿਧਾਨਕ ਅਸੂਲਾਂ, ਅਦਾਲਤੀ ਹਕੀਕਤਾਂ ਅਤੇ ਆਪਸੀ ਗੱਲਬਾਤ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਇਸ ਪੱਖ ਕਿ ਉਸ ਕੋਲ ਦੇਣ ਲਈ ਵਾਧੂ ਪਾਣੀ ਨਹੀਂ ਹੈ, ਨੂੰ ਪੂਰੀ ਅਤੇ ਨਿਆਂਪੂਰਨ ਤਵੱਜੋ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਹੀ ਗੁਆਂਢੀ ਸੂਬਿਆਂ ਕੋਲ ਮੌਜੂਦ ਤਕਨੀਕੀ ਤੌਰ 'ਤੇ ਅਮਲੀ ਬਦਲਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

ਸਰਹੱਦੀ ਜ਼ਿਲ੍ਹਿਆਂ ਨੂੰ ਇੱਕ ਨਵੇਂ ਆਰਥਿਕ ਪੈਕੇਜ ਦੀ ਲੋੜ ਹੈ ਕਿਉਂਕਿ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਪਠਾਨਕੋਟ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਦੇ ਲੋਕਾਂ ਨੂੰ ਦੇਸ਼ ਦੀ ਸੁਰੱਖਿਆ ਲਈ ਕਈ ਪੱਖਾਂ ਤੋਂ ਕੀਮਤ ਤਾਰਨੀ ਪੈ ਰਹੀ ਹੈ, ਪਰ ਉਸ ਦੇ ਮੁਕਾਬਲੇ ਉਨ੍ਹਾਂ ਨੂੰ ਕੋਈ ਆਰਥਿਕ ਲਾਭ ਨਹੀਂ ਮਿਲਿਆ। ਸਰਹੱਦੀ ਖੇਤਰਾਂ ਵਿੱਚ ਉਦਯੋਗਿਕ ਜ਼ੋਨ ਬਣਾ ਕੇ, ਪੂੰਜੀਗਤ ਸਹਾਇਤਾ, ਕਲੱਸਟਰ ਅਤੇ ਕਰਜ਼ੇ ਦੀ ਗਾਰੰਟੀ, ਮਾਲ ਭਾੜੇ ਵਿੱਚ ਮਦਦ ਅਤੇ ਅਪ੍ਰੈਂਟਿਸਸ਼ਿਪ ਦੇ ਕੇ ਇਸ ਰਣਨੀਤਕ ਕਮਜ਼ੋਰੀ ਨੂੰ ਆਰਥਿਕ ਤਾਕਤ ਵਿੱਚ ਬਦਲਿਆ ਜਾ ਸਕਦਾ ਹੈ। ਪੰਜਾਬ ਦੇ ਦਰਿਆਵਾਂ, ਵਿਰਸੇ ਅਤੇ ਪਰਵਾਸੀ ਪੰਜਾਬੀਆਂ ਨੂੰ ਵੀ ਸੂਬੇ ਦੀ ਸੁਰਜੀਤੀ ਦਾ ਜ਼ਰੀਆ ਬਣਾਉਣਾ ਪਵੇਗਾ। ਇੱਕ ਦਰਿਆਈ ਬੇਸਿਨ ਅਥਾਰਿਟੀ ਹੜ੍ਹਾਂ ਤੋਂ ਬਚਾਅ, ਜਲਗਾਹਾਂ ਦੀ ਸੰਭਾਲ, ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਅਤੇ ਦਰਿਆਵਾਂ ਨਾਲ ਜੁੜੇ ਰੁਜ਼ਗਾਰ ਦੇ ਸਾਧਨਾਂ ਨੂੰ ਆਪਸ ਵਿੱਚ ਜੋੜ ਸਕਦੀ ਹੈ। ਸਿੱਖੀ ਵਿਰਾਸਤ, ਮਾਲੇਰਕੋਟਲੇ ਦੀ ਨੈਤਿਕ ਦਲੇਰੀ ਦੇ ਸੁਨੇਹੇ; ਹਿੰਦੂ, ਮੁਸਲਮਾਨ, ਇਸਾਈ ਅਤੇ ਦਲਿਤ ਰੂਹਾਨੀ ਸਿਲਸਿਲਿਆਂ; ਕਰਤਾਰਪੁਰ ਸਾਹਿਬ ਅਤੇ ਪਰਵਾਸੀ ਪੰਜਾਬੀਆਂ ਨੂੰ ਸੱਭਿਆਚਾਰਕ ਮਾਣ, ਸੈਰ-ਸਪਾਟੇ ਤੇ ਨਿਵੇਸ਼ ਦੀ ਇੱਕ ਸਾਂਝੀ ਤੰਦ 'ਚ ਪਰੋਇਆ ਜਾਣਾ ਚਾਹੀਦਾ ਹੈ। ਪੰਜਾਬ ਦਾ ਇਤਿਹਾਸ ਇੱਥੋਂ ਦੇ ਵਾਸੀਆਂ ਨੂੰ ਜੋੜਨ ਵਾਲਾ ਹੋਣਾ ਚਾਹੀਦਾ ਹੈ ਨਾ ਕਿ ਇਸ ਨੂੰ ਮੌਕਾਪ੍ਰਸਤੀ ਤਹਿਤ ਲੋਕਾਂ ਵਿੱਚ ਵੰਡੀਆਂ ਪਾਉਣ ਲਈ ਵਰਤਿਆ ਜਾਵੇ।

ਸਿਆਸਤ ਨੂੰ ਵੀ ਬਦਲਣਾ ਪਵੇਗਾ। ਇਹ ਹੋਰ ਵਧੇਰੇ ਉਦਾਰਵਾਦੀ ਅਤੇ ਲੋਕਾਂ ਦੀ ਸ਼ਮੂਲੀਅਤ ਵਾਲੀ ਹੋਣੀ ਚਾਹੀਦੀ ਹੈ, ਜਿਸ ਵਿੱਚ ਦੂਰ ਬੈਠ ਕੇ ਕੰਟਰੋਲ ਜਾਂ ਨਿਗਰਾਨੀ ਕਰਨ ਦੀ ਕੋਈ ਗੁੰਜਾਇਸ਼ ਨਾ ਹੋਵੇ। ਹਰ ਚੋਣ ਵਾਅਦੇ ਦੇ ਨਾਲ ਉਸ ਦੀ ਲਾਗਤ, ਲਾਗੂ ਕਰਨ ਵਾਲੀ ਏਜੰਸੀ, ਫੰਡਾਂ ਦੇ ਸਰੋਤ ਅਤੇ ਤੈਅ ਸਮਾਂ-ਸੀਮਾ ਦਾ ਖ਼ੁਲਾਸਾ ਕੀਤਾ ਜਾਣਾ ਚਾਹੀਦਾ ਹੈ। ਇਹ ਸਭ ਕੁਝ ਚੋਣਾਂ ਤੋਂ ਬਾਅਦ ਭੁਲਾ ਦਿੱਤੇ ਜਾਣ ਵਾਲੇ ਵਾਅਦੇ ਨਹੀਂ ਸਗੋਂ ਇੱਕ ਜਨਤਕ ਇਕਰਾਰਨਾਮਾ ਬਣਨੇ ਚਾਹੀਦੇ ਹਨ।

ਭਾਜਪਾ ਲਈ ਪੰਜਾਬ ਵਿੱਚ ਇਹ ਵੱਖਰੀ ਸਿਆਸਤ ਅਪਣਾਉਣ ਦਾ ਮੌਕਾ ਹੈ, ਜੋ ਧਰਮਾਂ ਦੇ ਆਧਾਰ ਉੱਤੇ ਧਰੁਵੀਕਰਨ ਦੀ ਬਜਾਏ ਸੇਵਾ, ਮੇਲ-ਮਿਲਾਪ, ਫੈਡਰਲ ਨਿਆਂ ਅਤੇ ਭਰੋਸੇਯੋਗ ਕਾਰਗੁਜ਼ਾਰੀ ਉੱਤੇ ਆਧਾਰਿਤ ਹੋਵੇ। ਭਾਜਪਾ ਪੰਜਾਬ ਦਾ ਭਰੋਸਾ ਉਦੋਂ ਹੀ ਜਿੱਤ ਸਕਦੀ ਹੈ ਜਦੋਂ ਉਹ ਹਰ ਪੰਜਾਬੀ ਦੀ ਆਵਾਜ਼ ਬਣੇ ਅਤੇ ਬਿਨਾਂ ਕਿਸੇ ਪੱਖਪਾਤ ਤੋਂ ਸੁਰੱਖਿਆ, ਬਿਨਾਂ ਕਿਸੇ ਭੇਦ-ਭਾਵ ਤੋਂ ਵਿਕਾਸ ਅਤੇ ਕਿਸੇ ਵੀ ਭਾਈਚਾਰੇ ਦੇ ਧਾਰਮਿਕ ਮਾਮਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਤੋਂ ਬਿਨਾਂ ਚੰਗਾ ਸ਼ਾਸਨ ਦੇਵੇ। ਪੰਜਾਬੀ ਖ਼ੌਫ਼ ਦਾ ਇੱਕ ਹੋਰ ਦੌਰ ਨਹੀਂ ਦੇਖਣਾ ਚਾਹੁੰਦੇ।

ਪੰਜਾਬ ਨੂੰ ਆਤਮ-ਵਿਸ਼ਵਾਸ, ਰੁਜ਼ਗਾਰ, ਖੇਤੀਬਾੜੀ ਨਵਿਆਉਣ, ਉਦਯੋਗਿਕ ਵਿਕਾਸ, ਬਿਹਤਰ ਸਿੱਖਿਆ ਅਤੇ ਸਿਹਤ ਸਹੂਲਤਾਂ ਅਤੇ ਸਭ ਤੋਂ ਵੱਧ ਇੱਕ ਅਜਿਹੀ ਸਰਕਾਰ ਦੀ ਲੋੜ ਹੈ, ਜੋ ਇੱਜ਼ਤ-ਮਾਣ ਨਾਲ ਅਮਨ-ਸ਼ਾਂਤੀ ਯਕੀਨੀ ਬਣਾਵੇ।

## ਅਹਿਮਦਾਬਾਦ ਵਿਚ ਮਿਲਣ ਦੇ ਵਾਅਦੇ ਨਾਲ ਕਾਮਨਵੈਲਥ ਖੇਡਾਂ-2026 ਦੀ ਸਮਾਪਤੀ



ਗਲਾਸਗੋ- ਚਾਰ ਸਾਲ ਬਾਅਦ ਅਹਿਮਦਾਬਾਦ ਵਿਚ ਮਿਲਣ ਦੇ ਵਾਅਦੇ ਨਾਲ ਕਾਮਨਵੈਲਥ ਖੇਡਾਂ-2026 ਦੀ ਸਮਾਪਤੀ ਹੋ ਗਈ। ਆਖ਼ਰੀ ਸਮੇਂ 'ਤੇ ਸਕਾਟਲੈਂਡ ਦੇ ਗਲਾਸਗੋ ਨੂੰ ਮਿਲੀ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਨੇ ਕਈ ਸਵਾਲ ਤਾਂ ਖੜ੍ਹੇ ਕੀਤੇ, ਪਰ 'ਅੰਤ ਭਲਾ ਤਾਂ ਸਭ ਭਲਾ' ਵਾਲੀ ਕਹਾਵਤ ਇੱਥੇ ਬਿਲਕੁਲ ਸਹੀ ਬੈਠਦੀ ਹੈ। ਹੁਣ ਚਾਰ ਸਾਲ ਬਾਅਦ ਇਹ ਖੇਡਾਂ ਭਾਰਤ ਦੇ ਸ਼ਹਿਰ ਅਹਿਮਦਾਬਾਦ 'ਚ ਕਰਵਾਈਆਂ ਜਾਣਗੀਆਂ। ਗਲਾਸਗੋ ਕੋਮਨਵੈਲਥ ਗੇਮਜ਼ ਦੀ ਕਲੋਜ਼ਿੰਗ ਸੈਰੇਮਨੀ 'ਚ ਮਸ਼ਾਲ ਹੁਣ ਭਾਰਤ ਦੇ ਸਪੁਰਦ ਕਰ ਦਿੱਤੀ ਗਈ ਹੈ। ਬੀਤੀ ਰਾਤ ਹੋਏ ਇਸ ਸਮਾਰੋਹ 'ਚ ਭਾਰਤੀ ਸਟਾਰ ਨੀਰਜ ਚੋਪੜਾ, ਭਾਰਤੀ ਓਲੰਪਿਕ ਸੰਘ ਦੀ ਪ੍ਰਧਾਨ ਪੀਟੀ ਊਸ਼ਾ ਅਤੇ ਗੁਜਰਾਤ ਦੇ ਉਪ ਮੁੱਖ ਮੰਤਰੀ ਹਰਸ਼ ਸੰਘਵੀ ਨੇ ਕਾਮਨਵੈਲਥ ਗੇਮਜ਼ ਦੀ ਮਸ਼ਾਲ ਅਧਿਕਾਰਤ ਤੌਰ 'ਤੇ ਆਪਣੇ ਹੱਥਾਂ 'ਚ ਲਈ ਅਤੇ ਇਸ ਦੇ ਨਾਲ ਹੀ ਗਲਾਸਗੋ ਤੋਂ ਇਹ ਖੇਡਾਂ ਸਮਾਪਤ ਹੋ ਗਈਆਂ। ਕਲੋਜ਼ਿੰਗ ਸੈਰੇਮਨੀ 'ਚ ਸਕਾਟਲੈਂਡ ਦੀ ਸੱਭਿਆਚਾਰਕ ਵਿਰਾਸਤ ਦੀ ਝਲਕ ਦੇਖਣ ਨੂੰ ਮਿਲੀ ਅਤੇ ਫਿਰ ਹੌਲੀ-ਹੌਲੀ ਧਿਆਨ ਭਾਰਤ ਵੱਲ ਲਿਆਂਦਾ ਗਿਆ, ਜਿੱਥੇ ਦੇਸ਼ ਦੇ ਵੱਖ-ਵੱਖ ਸੱਭਿਆਚਾਰਾਂ ਨੂੰ ਦਰਸਾਇਆ ਗਿਆ ਅਤੇ ਇਤਿਹਾਸ ਦੀ ਝਲਕ ਵੀ ਦਿਖਾਈ ਗਈ। ਇਸ ਸੈਰੇਮਨੀ 'ਚ ਇੰਡੋ-ਸਕਾਟਿਸ਼ ਕਲਚਰ ਦਾ ਇਕ ਨਾਲ ਆਉਣਾ ਵੀ ਦੇਖਣ ਨੂੰ ਮਿਲਿਆ। ਦੋਵਾਂ ਦੇਸ਼ਾਂ ਦੇ ਸੰਗੀਤਕਾਰਾਂ ਤੇ ਡਾਂਸਰਾਂ ਨੇ ਇਕ ਮੰਚ 'ਤੇ ਮਿਲ ਕੇ ਪਰਫਾਰਮੈਂਸ ਦਿੱਤੀ। ਭਾਰਤ ਨੇ ਪੂਰੀ ਦੁਨੀਆ ਦਾ ਸਵਾਗਤ ਕੀਤਾ ਅਤੇ ਇਸ ਦੌਰਾਨ ਆਪਣੀ ਅਮੀਰ ਵਿਰਾਸਤ ਦੀ ਝਲਕ ਪੇਸ਼ ਕੀਤੀ। ਨਾਲ ਹੀ ਭਾਰਤ ਨੇ ਆਪਣੀ ਆਧੁਨਿਕ ਸੰਸਕ੍ਰਿਤੀ ਨੂੰ ਵੀ ਦੁਨੀਆ ਦੇ ਸਾਹਮਣੇ ਪੇਸ਼ ਕੀਤਾ। ਇਸ ਪੇਸ਼ਕਾਰੀ ਦੇ ਨਾਲ ਹੀ 2030 'ਚ ਅਹਿਮਦਾਬਾਦ 'ਚ ਹੋਣ ਵਾਲੀਆਂ ਕਾਮਨਵੈਲਥ ਗੇਮਜ਼ ਦਾ ਸਫ਼ਰ ਸ਼ੁਰੂ ਹੋ ਗਿਆ।

ਇਸ ਸੈਰੇਮਨੀ ਦੀ ਸ਼ੁਰੂਆਤ ਸੈਂਡੀ ਥੋਮ, ਕੈਮੀ ਬਾਰਨਜ਼ ਤੇ ਆਸਟ੍ਰੇਲੀਆਈ ਗਾਇਕ ਡੈਲਟਾ ਗੁੱਡਰੇਮ ਨੇ ਕੀਤੀ। ਜਦੋਂ ਗੁੱਡਰੇਮ ਗਾ ਰਹੇ ਸਨ, ਉਦੋਂ ਸਾਰੇ ਦੇਸ਼ਾਂ ਦੇ ਝੰਡਾਬਰਦਾਰ ਇਕ-ਇਕ ਕਰ ਕੇ ਆਉਂਦੇ ਜਾ ਰਹੇ ਸਨ। ਭਾਰਤ ਵੱਲੋਂ ਇਸ ਸੈਰੇਮਨੀ 'ਚ ਗੋਲਡ ਜਿੱਤਣ ਵਾਲੀ ਮਹਿਲਾ ਮੁੱਕੇਬਾਜ਼ ਜੈਸਮੀਨ ਲੰਬੋਰੀਆ ਨੇ ਝੰਡਾ ਫੜਿਆ। ਖੇਡਾਂ ਦੀ ਮੇਜ਼ਬਾਨੀ ਦਾ ਟ੍ਰਾਂਸਫਰ ਪਰੇਡ ਨਾਲ ਸ਼ੁਰੂ ਹੋਇਆ ਜਿਸ ਵਿਚ ਸਾਰੇ ਕਾਮਨਵੈਲਥ ਗੇਮਜ਼ ਦੇ ਝੰਡੇ ਸਨ। ਉਨ੍ਹਾਂ ਨੂੰ ਪੂਰੇ ਸਟੇਡੀਅਮ 'ਚ ਦਿਖਾਇਆ ਗਿਆ, ਜੋ ਮੇਜ਼ਬਾਨੀ ਦੂਜੇ ਦੇਸ਼ ਨੂੰ ਸੌਂਪਣ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਝੰਡਾ ਪੀਟੀ ਊਸ਼ਾ ਤੇ ਹਰਸ਼ ਸੰਘਵੀ ਨੂੰ ਸੌਂਪਿਆ ਗਿਆ। ਇਸ ਸੈਰੇਮਨੀ 'ਚ ਭਾਰਤ ਦੇ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ 150 ਸਾਲ ਪੂਰੇ ਹੋਣ ਦਾ ਜਸ਼ਨ ਵੀ ਮਨਾਇਆ ਗਿਆ। ਅਦਾਕਾਰਾ ਮਾਨੁਸ਼ੀ ਛਿੱਲਰ ਨੇ ਇਸ 'ਤੇ ਆਪਣੀ ਪੇਸ਼ਕਾਰੀ ਦਿੱਤੀ। ਉਨ੍ਹਾਂ ਤੋਂ ਇਲਾਵਾ ਸ਼ੰਕਰ ਮਹਾਦੇਵਨ ਨੇ ਆਪਣੇ ਸੰਗੀਤ ਨਾਲ ਸਮਾਂ ਬੰਨ੍ਹਿਆ। ਕਈ ਰੰਗਾਰੰਗ ਪ੍ਰੋਗਰਾਮਾਂ ਦੇ ਨਾਲ ਇਨ੍ਹਾਂ ਖੇਡਾਂ ਦਾ ਅੰਤ ਹੋਇਆ ਅਤੇ ਹੁਣ ਪੂਰੀ ਦੁਨੀਆ ਅਹਿਮਦਾਬਾਦ ਵੱਲ ਦੇਖ ਰਹੀ ਹੈ।

# ਪੇਪਰ ਲੀਕ ਝਾਰਖੰਡ ਦੀ ਸਮੱਸਿਆ ਹੀ ਨਹੀਂ, ਸਾਰੇ ਮੁਲਕ ਦੀ ਸਮੱਸਿਆ ਹੈ

"ਸਰਕਾਰ ਨੇ ਪੇਪਰ ਹੀ ਲੀਕ ਕਰਵਾਉਣਾ ਹੈ ਤਾਂ ਇਸ ਦਾ ਵੀ ਨੋਟੀਫਿਕੇਸ਼ਨ ਜਾਰੀ ਕਰ ਦੇਵੇ।" "ਸਰਕਾਰ ਇਸੇ ਤਰ੍ਹਾਂ ਧਾਂਦਲੀ ਕਰਵਾਉਂਦੀ ਰਹੀ ਤਾਂ ਬੱਚੇ ਪੜ੍ਹ ਕੇ ਕੀ ਕਰਨਗੇ?" ਝਾਰਖੰਡ ਦੀ ਰਾਜਧਾਨੀ ਰਾਂਚੀ ਦਾ ਜੈਪਾਲ ਸਿੰਘ ਮੁੰਡਾ ਸਟੇਡੀਅਮ ਅੱਜਕੱਲ੍ਹ ਹਰ ਉਮਰ ਦੇ ਲੋਕਾਂ ਨਾਲ ਭਰਿਆ ਰਹਿੰਦਾ ਹੈ। ਕਾਲਜ ਯੂਨੀਫਾਰਮ ਪਹਿਨੇ ਨੌਜਵਾਨ, ਸਕੂਲ ਜਾਣ ਵਾਲੇ ਬੱਚੇ, ਕੁਝ ਬਜ਼ੁਰਗ ਅਤੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦਾ ਹੌਸਲਾ ਵਧਾਉਣ ਲਈ ਕਈ ਪਤੀ-ਪਤਨੀ ਆਪਣੇ ਜਵਾਨ ਹੋ ਰਹੇ ਬੱਚਿਆਂ ਅਤੇ ਉਨ੍ਹਾਂ ਦੇ ਸੁਪਨਿਆਂ ਦੀ ਚਿੰਤਾ ਵਿਚ ਇੱਥੇ ਰੋਜ਼ਾਨਾ ਆਉਂਦੇ ਹਨ। ਜੈਪਾਲ ਸਿੰਘ ਮੁੰਡਾ ਸਟੇਡੀਅਮ ਯਾਨੀ ਉਹ ਥਾਂ, ਜਿੱਥੇ ਜੇਪੀਐੱਸਸੀ (ਝਾਰਖੰਡ ਪਬਲਿਕ ਸਰਵਿਸ ਕਮਿਸ਼ਨ) ਸਮੇਤ ਹੋਰ ਭਰਤੀ ਪ੍ਰੀਖਿਆਵਾਂ ਵਿੱਚ ਗੜਬੜੀ ਨੂੰ ਲੈਕੇ ਬੀਤੀ 25 ਜੁਲਾਈ ਤੋਂ ਅੰਦੋਲਨ ਚੱਲ ਰਿਹਾ ਹੈ। ਇਸ ਅੰਦੋਲਨ ਵਿੱਚ ਅੱਠ ਵਿਅਕਤੀ ਭੁੱਖ ਹੜਤਾਲ 'ਤੇ ਹਨ। ਭੁੱਖ ਹੜਤਾਲ ਕਰਨ ਵਾਲੇ ਇਨ੍ਹਾਂ ਵਿਅਕਤੀਆਂ ਵਿੱਚੋਂ ਰਾਹੁਲ ਕ੍ਰਾਂਤੀ ਨਾਮ ਦੇ ਇੱਕ ਵਿਅਕਤੀ ਦੀ ਤਬੀਅਤ ਸ਼ੁੱਕਰਵਾਰ ਸਵੇਰੇ ਖ਼ਰਾਬ ਹੋ ਗਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਉਣਾ ਪਿਆ ਹੈ। ਮੀਂਹ ਨਾਲ ਭਿੱਜੇ ਜੈਪਾਲ ਸਿੰਘ ਸਟੇਡੀਅਮ ਵਿੱਚ ਦਾਖ਼ਲ ਹੁੰਦੇ ਹੀ ਤੁਹਾਨੂੰ ਅੰਦੋਲਨ ਦੇ ਦੋ ਟਿਕਾਣੇ ਮਿਲਦੇ ਹਨ। ਸਟੇਡੀਅਮ ਦੇ ਗੇਟ 'ਤੇ ਹੀ ਦੇਵੇਂਦਰਨਾਥ ਮਹਤੋ ਦਾ ਕੈਂਪ ਹੈ, ਜਿਸ ਵਿੱਚ ਦੇਵੇਂਦਰ ਦੇ ਠੀਕ ਨਾਲ ਹੀ ਮਹੇਂਦਰ ਪ੍ਰਸਾਦ ਮੰਡਲ ਲੇਟੇ ਹੋਏ ਹਨ। ਇਨ੍ਹਾਂ ਦੋਵਾਂ ਦੀ ਛਾਤੀ 'ਤੇ ਭਾਰਤ ਦੇ ਸੰਵਿਧਾਨ ਅਤੇ ਨਾਇਕਾਂ ਨਾਲ ਜੁੜੀਆਂ ਕਿਤਾਬਾਂ ਰੱਖੀਆਂ ਹੋਈਆਂ ਹਨ।

ਬੀਤੀ ਦੋ ਅਗਸਤ ਤੋਂ ਮਰਨ ਵਰਤ 'ਤੇ ਬੈਠੇ ਦੇਵੇਂਦਰਨਾਥ ਮਹਤੋ ਦੇ ਕੈਂਪ ਜਾਂ ਮੰਚ 'ਤੇ ਕੁੱਲ ਚਾਰ ਲੋਕ ਭੁੱਖ ਹੜਤਾਲ 'ਤੇ ਹਨ। ਦੇਵੇਂਦਰਨਾਥ ਮਹਤੋ, ਮਹੇਂਦਰ ਪ੍ਰਸਾਦ ਮੰਡਲ, ਪ੍ਰੇਮ ਨਾਇਕ ਅਤੇ ਕੁਸ਼ ਮਹਤੋ। ਦੇਵੇਂਦਰਨਾਥ ਮਹਤੋ ਦੋ ਅਗਸਤ ਤੋਂ ਮਰਨ ਵਰਤ 'ਤੇ ਹਨ ਅਤੇ ਬਾਕੀ ਸਾਰੇ ਵੱਖ-ਵੱਖ ਤਰੀਕਾਂ ਤੋਂ ਮਰਨ ਵਰਤ 'ਤੇ ਬੈਠੇ ਹਨ। ਦੇਵੇਂਦਰਨਾਥ ਮਹਤੋ ਦੇ ਸਹਿਯੋਗੀ ਹਰ ਆਉਣ-ਜਾਣ ਵਾਲੇ, ਖ਼ਾਸ ਤੌਰ 'ਤੇ ਮੀਡੀਆ ਵਾਲਿਆਂ ਦਾ ਨਾਮ ਇੱਕ ਵੱਡੇ ਰਜਿਸਟਰ ਵਿੱਚ ਲਿਖਵਾ ਰਹੇ ਹਨ। ਦੇਵੇਂਦਰ ਦੇ ਬੁੱਲ੍ਹਾਂ 'ਤੇ ਸੁੱਕੀ ਪਰਤ ਦੀ ਮੋਟੀ ਤਹਿ ਜੰਮ ਚੁੱਕੀ ਹੈ ਅਤੇ ਖੱਬੇ ਹੱਥ 'ਤੇ ਸਲਾਈਨ ਵਾਲੀ ਪੱਟੀ ਲੱਗੀ ਹੋਈ ਹੈ। ਦੇਵੇਂਦਰ ਕਹਿੰਦੇ ਹਨ, "ਹੇਮੰਤ ਨੂੰ ਜੇਪੀਐੱਸਸੀ ਦੀ ਪ੍ਰੀਖਿਆ ਰੱਦ ਕਰਨੀ ਹੀ ਪਵੇਗੀ।" ਪਰ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਤੁਹਾਡੇ ਉੱਪਰ ਵਿਦਿਆਰਥੀਆਂ ਦੇ ਨਾਮ ਉੱਤੇ ਸਿਆਸਤ ਕਰਨ ਦਾ ਇਲਜ਼ਾਮ ਵੀ ਲੱਗ ਰਿਹਾ ਹੈ, ਤਾਂ ਉਹ ਬੋਲੇ, "ਮੀਡੀਆ ਵਾਲਿਆਂ ਨੂੰ ਮੁੱਦੇ ਦੀ ਗੱਲ ਕਰਨੀ ਚਾਹੀਦੀ ਹੈ। ਉਸ ਨੂੰ ਭਟਕਾਉਣਾ ਨਹੀਂ ਚਾਹੀਦਾ।" ਦੇਵੇਂਦਰਨਾਥ ਦੇ ਠੀਕ ਨਾਲ ਲੇਟੇ ਮਹੇਂਦਰ ਪ੍ਰਸਾਦ ਮੰਡਲ ਦੋ ਧੀਆਂ ਦੇ ਪਿਤਾ ਹਨ। ਉਨ੍ਹਾਂ ਦੇ ਘਰਵਾਲੇ ਉਨ੍ਹਾਂ ਤੋਂ ਨਾਰਾਜ਼ ਹਨ ਕਿਉਂਕਿ ਉਨ੍ਹਾਂ ਦੀ ਸਿੱਖਿਆ ਦੇ ਹਿਸਾਬ ਨਾਲ ਉਹ ਇੱਕ ਸਫ਼ਲ ਅਧਿਕਾਰੀ ਬਣ ਸਕਦੇ ਸਨ।



ਮਹੇਂਦਰ ਕਹਿੰਦੇ ਹਨ, "ਮੇਰੇ ਘਰਵਾਲੇ ਨਾਰਾਜ਼ ਹਨ ਪਰ ਮੈਂ ਉਨ੍ਹਾਂ ਦੀ ਨਾਰਾਜ਼ਗੀ ਕਾਰਨ ਇਹ ਨਹੀਂ ਭੁੱਲ ਸਕਦਾ ਕਿ ਪਿਛਲੇ 26 ਸਾਲਾਂ ਵਿੱਚ ਝਾਰਖੰਡ ਵਿੱਚ ਜਿਹੜੀ ਵੀ ਸਰਕਾਰ ਆਈ, ਉਸ ਨੇ ਵਿਦਿਆਰਥੀਆਂ ਨੂੰ ਠੱਗਿਆ ਹੀ ਹੈ। ਹਾਲਤ ਇਹ ਹਨ ਕਿ ਵਿਦਿਆਰਥੀ ਜਿਵੇਂ ਹੀ ਇਮਤਿਹਾਨ ਦੇ ਕੇ ਬਾਹਰ ਨਿੱਕਲਦੇ ਹਨ, ਪਤਾ ਲੱਗਦਾ ਹੈ ਕਿ ਪੇਪਰ ਲੀਕ ਹੋ ਗਿਆ ਅਤੇ ਅੰਦੋਲਨ ਕਰੋ ਤਾਂ ਲਾਠੀ ਮਿਲਦੀ ਹੈ।" ਦੇਵੇਂਦਰ ਅਤੇ ਮਹੇਂਦਰ ਤੋਂ ਕੁਝ ਦੂਰੀ 'ਤੇ ਹੀ ਪ੍ਰੇਮ ਨਾਇਕ ਅਤੇ ਕੁਸ਼ ਮਹਤੋ ਲੇਟੇ ਹੋਏ ਹਨ। ਇਹ ਦੋਵੇਂ ਵੀ ਮਰਨ ਵਰਤ 'ਤੇ ਹਨ। ਪ੍ਰੇਮ ਨਾਇਕ ਕਹਿੰਦੇ ਹਨ, "ਝਾਰਖੰਡ ਵਿੱਚ ਮੈਟ੍ਰਿਕ ਤੱਕ ਦਾ ਪੇਪਰ ਲੀਕ ਹੋ ਜਾਂਦਾ ਹੈ। ਵਿਦਿਆਰਥੀ ਕੀ ਕਰਨਗੇ। ਅਸੀਂ ਲੋਕ ਆਵਾਜ਼ ਨਹੀਂ ਉਠਾਵਾਂਗੇ ਤਾਂ ਕੌਣ ਉਠਾਏਗਾ?"

ਦੇਵੇਂਦਰਨਾਥ ਮਹਤੋ ਦੇ ਇਸ ਮੰਚ 'ਤੇ ਸਿਆਸੀ ਲੋਕ ਵੀ ਆ ਰਹੇ ਹਨ। ਵੀਰਵਾਰ ਨੂੰ ਇੱਥੇ ਝਾਰਖੰਡ ਲੋਕਤੰਤਰਿਕ ਕ੍ਰਾਂਤੀਕਾਰੀ ਮੋਰਚਾ (ਜੇਕੇਐੱਲਐੱਮ) ਦੇ ਜੈਰਾਮ ਕੁਮਾਰ ਮਹਤੋ ਪਹੁੰਚੇ ਸਨ। ਇਸ ਤੋਂ ਪਹਿਲਾਂ ਭਾਜਪਾ ਆਗੂ ਬਾਬੂਲਾਲ ਮਰਾਂਡੀ ਵੀ ਦੇਵੇਂਦਰਨਾਥ ਮਹਤੋ ਨੂੰ ਮਿਲਣ ਪਹੁੰਚੇ ਸਨ। ਦੇਵੇਂਦਰਨਾਥ ਮਹਤੋ ਖ਼ੁਦ ਵੀ ਜੇਕੇਐੱਲਐੱਮ ਨਾਲ ਜੁੜੇ ਹੋਏ ਹਨ। ਦੇਵੇਂਦਰਨਾਥ ਮਹਤੋ ਦੇ ਕੈਂਪ ਵਿੱਚ ਜ਼ਿਆਦਾਤਰ ਵਿਦਿਆਰਥੀ ਸਿਆਸਤ ਨਾਲ ਜੁੜੇ ਲੋਕ ਮਿਲਦੇ ਹਨ। ਪਰ ਇਸ ਸਟੇਡੀਅਮ ਵਿੱਚ ਇੱਕ ਦੂਜਾ ਮੰਚ ਵੀ ਹੈ, ਜਿਸ ਵਿੱਚ ਚਾਰ ਨੌਜਵਾਨ ਵਿਦਿਆਰਥੀ ਭੁੱਖ ਹੜਤਾਲ ਕਰ ਰਹੇ ਹਨ। ਇਹ ਉਹ ਵਿਦਿਆਰਥੀ ਹਨ, ਜਿਨ੍ਹਾਂ ਨੇ 14ਵੀਂ ਜੇ ਪੀ ਐੱਸ ਸੀ ਦੀ ਪ੍ਰੀਖਿਆ ਦਿੱਤੀ ਹੈ। ਇਨ੍ਹਾਂ ਵਿੱਚ ਹਬੀਬਾ, ਸਵਿਤਾ ਕੁਮਾਰੀ, ਰੂਪੇਸ਼ ਕੁਮਾਰ ਪਾਲ ਅਤੇ ਰਾਹੁਲ ਕ੍ਰਾਂਤੀ ਸ਼ਾਮਲ ਹਨ। ਰਾਹੁਲ ਕ੍ਰਾਂਤੀ ਦੀ ਸ਼ੁੱਕਰਵਾਰ ਸਵੇਰੇ ਤਬੀਅਤ ਖ਼ਰਾਬ ਹੋਣ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਮੰਚ 'ਤੇ ਭੁੱਖ ਹੜਤਾਲ ਕਰ ਰਹੇ ਵਿਦਿਆਰਥੀ ਇੱਥੇ ਲੇਟੇ ਹੋਏ ਹਨ ਅਤੇ ਹੁਣ ਮੀਡੀਆ ਬਾਈਟਸ 'ਤੇ ਲਗਭਗ ਪਾਬੰਦੀ ਲੱਗ ਗਈ ਹੈ। ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲ ਰਹੇ ਲੋਕ ਮੀਡੀਆ ਵਾਲਿਆਂ ਨੂੰ ਇਨ੍ਹਾਂ ਵਿਦਿਆਰਥੀਆਂ ਦੀ ਵਿਗੜਦੀ ਸਿਹਤ ਦਾ ਹਵਾਲਾ ਦੇ ਰਹੇ ਹਨ। ਮੰਚ ਤੋਂ ਲਗਾਤਾਰ ਸਿਆਸੀ ਗੱਲਾਂ ਕਰਨ ਤੋਂ ਵਿਦਿਆਰਥੀਆਂ ਨੂੰ ਮਨ੍ਹਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਇਹ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਸਿਰਫ਼ ਵਿਦਿਆਰਥੀ ਹਿੱਤ ਦੀ ਗੱਲ ਹੀ ਉਠਾਉਣ ਅਤੇ ਕਿਸੇ ਮੀਡੀਆ ਵਾਲੇ ਨਾਲ ਬਦਸਲੂਕੀ ਨਾ ਕਰਨ। ਭੁੱਖ ਹੜਤਾਲ ਕਰ ਰਹੇ ਸਵਿਤਾ ਕੁਮਾਰੀ ਗੁੱਸੇ ਵਿੱਚ ਮੈਨੂੰ ਕਹਿੰਦੇ ਹਨ, "ਜੇ ਸਰਕਾਰ ਨੇ ਪੇਪਰ ਹੀ ਲੀਕ ਕਰਵਾਉਣਾ ਹੈ ਤਾਂ ਨੋਟੀਫਿਕੇਸ਼ਨ ਜਾਰੀ ਕਰਦੇ ਸਮੇਂ ਕਿਉਂ ਨਹੀਂ ਲਿਖ ਦਿੰਦੇ?" "ਅਸੀਂ ਲੋਕ ਪੜ੍ਹਾਂਗੇ ਹੀ ਨਹੀਂ। ਦੂਜਾ ਕੰਮ ਕਰਾਂਗੇ ਕਿਉਂਕਿ ਮੇਰੇ ਪਾਪਾ ਬਹੁਤ ਮਿਹਨਤ ਨਾਲ ਸਾਡੇ ਲਈ ਪੈਸੇ ਕਮਾਉਂਦੇ ਹਨ। ਅਤੇ ਮੈਂ ਜਦੋਂ ਜੇਪੀਐੱਸਸੀ ਐੱਗਜ਼ਾਮ ਪਾਸ ਨਹੀਂ ਕਰ ਪਾਉਂਦੀ ਹਾਂ ਤਾਂ ਮੇਰੇ ਪਿੰਡ ਵਾਲੇ ਸੋਚਦੇ ਹਨ ਕਿ ਮੈਂ ਪੜ੍ਹਾਈ ਨਹੀਂ ਕਰਦੀ ਸਗੋਂ ਮਸਤੀ ਕਰਦੀ ਹਾਂ।" ਉੱਮੇ ਹਬੀਬਾ ਅਤੇ ਉਨ੍ਹਾਂ ਦੇ ਤਿੰਨ ਭੈਣ-ਭਰਾ ਵੀ ਪ੍ਰਦਰਸ਼ਨ ਵਿੱਚ ਸ਼ਾਮਲ ਹਨ। ਉਨ੍ਹਾਂ ਵਿੱਚੋਂ ਹਬੀਬਾ ਖ਼ੁਦ ਭੁੱਖ ਹੜਤਾਲ 'ਤੇ ਹਨ। ਬੋਕਾਰੋ ਦੇ ਕਸਮਾਤ ਪਿੰਡ ਦੇ ਉੱਮੇ ਹਬੀਬਾ ਇੱਕ ਆਮ ਕਿਸਾਨ ਪਰਿਵਾਰ ਨਾਲ ਸਬੰਧਿਤ ਹਨ।

ਉਹ ਕਹਿੰਦੇ ਹਨ, "ਸੰਵਿਧਾਨ ਸਾਨੂੰ ਸ਼ਾਂਤੀਪੂਰਨ ਧਰਨਾ ਦੇਣ ਦਾ ਅਧਿਕਾਰ ਦਿੰਦਾ ਹੈ ਤਾਂ ਅਸੀਂ ਆਪਣਾ ਅੰਦੋਲਨ ਸ਼ਾਂਤੀਪੂਰਨ ਢੰਗ ਨਾਲ ਕਰ ਰਹੇ ਹਾਂ। ਸੱਤਾ ਵਿੱਚ ਬੈਠੇ ਲੋਕਾਂ ਦੇ ਬੱਚੇ ਤਾਂ ਆਕਸਫੋਰਡ ਯੂਨੀਵਰਸਿਟੀ ਵਿੱਚ ਪੜ੍ਹਦੇ ਹਨ, ਪਰ ਅਸੀਂ ਇੱਕ ਛੋਟੀ ਜਿਹੀ ਨੌਕਰੀ ਅਤੇ ਉਸ ਵਿੱਚ ਬਰਾਬਰੀ ਦੇ ਮੌਕੇ ਲਈ ਤਰਸ ਜਾਂਦੇ ਹਾਂ। ਸਾਨੂੰ ਆਪਣੇ ਸੀਐੱਮ ਤੋਂ ਹਮਦਰਦੀ ਨਹੀਂ ਚਾਹੀਦੀ, ਸਗੋਂ ਆਪਣਾ ਅਧਿਕਾਰ ਚਾਹੀਦਾ ਹੈ।" ਵਿਦਿਆਰਥੀਆਂ ਦੇ ਇਸ ਮੰਚ ਵਿੱਚ ਸ਼ਾਮਲ ਹੋ ਰਹੇ ਪ੍ਰਦਰਸ਼ਨਕਾਰੀ ਰਾਜੀਵ ਕੁਮਾਰ ਵੀ ਕਹਿੰਦੇ ਹਨ, "ਅਸੀਂ ਆਪਣੇ ਸੀਐੱਮ ਨੂੰ ਚੁਣਿਆ ਹੈ। ਸਾਨੂੰ ਉਨ੍ਹਾਂ ਦਾ ਅਸਤੀਫ਼ਾ ਨਹੀਂ ਚਾਹੀਦਾ ਪਰ ਵੋਟ ਲੈ ਕੇ ਨੌਜਵਾਨਾਂ ਨੂੰ ਭੁੱਲ ਜਾਣਾ ਕਿੱਥੋਂ ਤੱਕ ਸਹੀ ਹੈ?" ਜੈਪਾਲ ਸਿੰਘ ਮੁੰਡਾ ਸਟੇਡੀਅਮ ਜਿੱਥੇ ਇਹ ਅੰਦੋਲਨ ਚੱਲ ਰਿਹਾ ਹੈ, ਉਸ ਦੇ ਨਾਮ ਵਾਲੇ ਜੈਪਾਲ ਸਿੰਘ ਮੁੰਡਾ ਹਾਕੀ ਦੇ ਖਿਡਾਰੀ ਸਨ। ਝਾਰਖੰਡ ਵਿੱਚ ਉਨ੍ਹਾਂ ਨੂੰ ਮਾਰੰਗ ਗੋਮਕੇ (ਮਹਾਨ ਆਗੂ) ਕਿਹਾ ਜਾਂਦਾ ਹੈ। ਉਨ੍ਹਾਂ ਨੇ ਸਿੱਖਿਆ, ਸਿਆਸਤ, ਖੇਡ ਅਤੇ ਸਮਾਜਿਕ ਨਿਆਂ ਦੇ ਖੇਤਰ ਵਿੱਚ ਅਮਿੱਟ ਛਾਪ ਛੱਡੀ।

ਜੇਪੀਐੱਸਸੀ ਅਤੇ ਜੇਐੱਸਐੱਸਸੀ (ਝਾਰਖੰਡ ਸਟਾਫ਼ ਸਿਲੈਕਸ਼ਨ ਕਮਿਸ਼ਨ) ਦੀਆਂ ਪ੍ਰੀਖਿਆਵਾਂ ਵਿੱਚ ਗੜਬੜੀ ਤੋਂ ਨਾਰਾਜ਼ ਵਿਦਿਆਰਥੀ ਬੀਤੀ 25 ਜੁਲਾਈ ਤੋਂ ਇੱਥੇ ਅੰਦੋਲਨ 'ਤੇ ਹਨ। ਵਿਦਿਆਰਥੀਆਂ ਦੀ ਮੰਗ ਹੈ ਕਿ 14ਵੀਂ ਜੇਪੀਐੱਸਸੀ ਪ੍ਰੀਖਿਆ ਰੱਦ ਕੀਤੀ ਜਾਵੇ, ਭਰਤੀ ਪ੍ਰੀਖਿਆ ਵਿੱਚ ਹੋਈ ਗੜਬੜੀ ਦੀ ਜਾਂਚ ਸੀਬੀਆਈ ਤੋਂ ਕਰਵਾਈ ਜਾਵੇ। ਵਿੱਤੀ ਗੜਬੜੀ ਦੇ ਮਾਮਲੇ ਵਿੱਚ ਈਡੀ ਜਾਂਚ ਅਤੇ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਦੀ ਵੀ ਮੰਗ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਦੀ ਇਹ ਵੀ ਮੰਗ ਹੈ ਕਿ

**(ਬਾਕੀ ਅਗਲੇ ਸਫੇ 'ਤੇ)**


TANVIR Tour & Travels
FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe

Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
CTEC California Tax Education Council Registered Tax Preparer
Open 7 Days
Weekends/Evenings
(Year Round Service)
Resonalbe Rates
Call for Appointment
E.A.
CALL: R. PAL. SINGH EA-
510-750-3464
EA 00097224, CRTP A44237 Realtor#148514
Insurance Life- Only Agent #0G76896
39111 Paseo Padre Pkwy , suite 201 C,
Fremont, CA 94538
Email:singhrpal@sbeglobal.net Singhtax.com




# ਬਦਲ ਰਹੀਆਂ ਪ੍ਰਵਾਸ ਨੀਤੀਆਂ ਉਜਾੜ ਰਹੀਆਂ ਨੇ ਨੌਜਵਾਨਾਂ ਦੇ ਸੁਪਨੇ

ਪੰਜਾਬ ਤੋਂ ਇੰਗਲੈਂਡ ਚੰਗੇ ਭਵਿੱਖ ਲਈ ਗਈ ਹਰਨਾਮ ਕੌਰ (ਬਦਲਿਆ ਨਾਂ) ਨੇ ਦੱਸਿਆ ਕਿ ਉਹ ਚੰਗੇ ਭਵਿੱਖ ਦੀ ਉਮੀਦ ਨਾਲ ਯੂਕੇ ਗਏ ਸਨ, ਪਰ ਉੱਥੇ ਸਭ ਕੁਝ ਉਸ ਦੀ ਸੋਚ ਤੋਂ ਉਲਟ ਹੋਇਆ। ਹਰਨਾਮ ਮੁਤਾਬਕ ਯੂਕੇ ਦੀ ਜ਼ਿੰਦਗੀ ਕਾਫੀ ਵਿਦਿਆਰਥੀਆਂ ਲਈ ਬਹੁਤ ਔਖੀ ਹੈ ਜਿਸ ਦੀ ਜਾਣਕਾਰੀ ਪਹਿਲਾਂ ਭਾਰਤ ਵਿੱਚ ਨਹੀਂ ਮਿਲਦੀ। ਉਨ੍ਹਾਂ ਦੱਸਿਆ ਹਵਾਈ ਅੱਡੇ 'ਤੇ ਲੈਂਡ ਕਰਨ ਤੋਂ ਬਾਅਦ ਹੀ ਵਿਦਿਆਰਥੀ ਜੀਵਨ ਦਾ ਸੰਘਰਸ਼ ਸ਼ੁਰੂ ਹੋ ਜਾਂਦਾ ਹੈ, ਮਹਿੰਗਾਈ ਅਤੇ ਨੌਕਰੀ ਨਾ ਮਿਲਣ ਕਾਰਨ ਹਰ ਵਕਤ ਤਣਾਅ ਵਿੱਚ ਰਹਿਣਾ ਪੈਂਦਾ ਹੈ। ਹਰਨਾਮ ਨੇ ਦੱਸਿਆ ਸ਼ੁਰੂ ਵਿੱਚ ਉਸ ਨੂੰ ਪਰਿਵਾਰ ਤੋਂ ਪੈਸੇ ਵੀ ਮੰਗਵਾਉਣੇ ਪਏ, ਕਿਉਂਕਿ ਨੌਕਰੀ ਨਾ ਹੋਣ ਕਾਰਨ ਮਕਾਨ ਦਾ ਰੈਂਟ ਦੇਣਾ ਵੀ ਔਖਾ ਸੀ। ਹਰਨਾਮ ਕੌਰ ਮੁਤਾਬਕ ਉਸ ਨੇ ਔਖੇ-ਸੌਖੇ ਤਰੀਕੇ ਨਾਲ ਆਪਣੀ ਮਾਸਟਰਜ਼ ਦੀ ਡਿਗਰੀ ਪੂਰੀ ਕੀਤੀ ਪਰ ਇਸ ਦੌਰਾਨ ਯੂਕੇ ਨੇ ਪਰਵਾਸ ਨਿਯਮਾਂ ਵਿੱਚ ਵੱਡੇ ਪੱਧਰ 'ਤੇ ਬਦਲਾਅ ਕਰ ਦਿੱਤਾ। ਦੂਜੇ ਪਾਸੇ ਉਨ੍ਹਾਂ ਦੇ ਪਤੀ ਦੀ ਸਪਾਊਸ ਵੀਜ਼ੇ ਦੀ ਐਪਲੀਕੇਸ਼ਨ ਵੀ ਰੱਦ ਕਰ ਦਿੱਤੀ ਗਈ ਸੀ, ਜਿਸ ਕਾਰਨ ਉਹ ਆਖਰਕਾਰ ਇਸ ਸਾਲ ਵਾਪਸ ਦੇਸ਼ ਪਰਤ ਆਈ। ਨਾ ਸਿਰਫ ਹਰਨਾਮ ਕੌਰ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਲਈ ਵਿਦੇਸ਼ ਜਾਣਾ ਕਦੇ ਬਿਹਤਰ ਭਵਿੱਖ ਦੀ ਗਾਰੰਟੀ ਮੰਨਿਆ ਜਾਂਦਾ ਸੀ, ਪਰ ਕੈਨੇਡਾ, ਯੂਕੇ ਅਤੇ ਹੋਰ ਦੇਸ਼ਾਂ ਵੱਲੋਂ ਪਿਛਲੇ ਕੁਝ ਸਾਲਾਂ ਦੌਰਾਨ ਪਰਵਾਸ ਅਤੇ ਵਿਦਿਆਰਥੀ ਵੀਜ਼ਾ ਨਿਯਮਾਂ ਵਿੱਚ ਕੀਤੀ ਗਈ ਸਖ਼ਤੀ ਨੇ ਇਸ ਰੁਝਾਨ ਨੂੰ ਵੱਡਾ ਝਟਕਾ ਦਿੱਤਾ ਹੈ। ਇਸ ਦੇ ਅਸਰ ਹੁਣ ਸਿਰਫ ਵਿਦੇਸ਼ ਜਾਣ ਦੇ ਚਾਹਵਾਨਾਂ ਤੱਕ ਸੀਮਤ ਨਹੀਂ ਰਹੇ, ਸਗੋਂ ਪਰਿਵਾਰਕ ਰਿਸ਼ਤਿਆਂ, ਇਮੀਗ੍ਰੇਸ਼ਨ ਕਾਰੋਬਾਰ ਅਤੇ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਵਿੱਚ ਵੀ ਮਹਿਸੂਸ ਕੀਤੇ ਜਾਣ ਲੱਗੇ ਹਨ। ਹੋਰਨਾਂ ਮੁਲਕਾਂ ਦੀ ਤਰ੍ਹਾਂ ਅਮਰੀਕਾ ਨੇ ਵੀ ਵੀਜ਼ਾ ਜਾਂਚ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਸਖ਼ਤ ਕੀਤੀ ਹੈ, ਜਦੋਂਕਿ ਗੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਡਿਪੋਰਟੇਸ਼ਨ ਕਾਰਵਾਈਆਂ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਵੱਖ-ਵੱਖ ਦੇਸ਼ਾਂ ਵਲੋਂ ਇਮੀਗ੍ਰੇਸ਼ਨ ਵਿੱਚ ਕੀਤੀਆਂ ਤਬਦੀਲੀਆਂ ਦਾ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਰਿਹਾਇਸ਼ੀ ਸੰਕਟ, ਉੱਚੇ ਪਰਵਾਸ ਅੰਕੜੇ, ਜਨਤਕ ਸੇਵਾਵਾਂ ਉੱਤੇ ਵਧਦਾ ਬੋਝ ਅਤੇ ਵੀਜ਼ਾ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਲੋੜ ਅਤੇ ਰੁਜ਼ਗਾਰ ਦੇ ਘੱਟਦੇ ਮੌਕਿਆਂ ਨੂੰ ਮੰਨਿਆ ਗਿਆ ਹੈ।

ਹਰਨਾਮ ਵਾਂਗ ਲੁਧਿਆਣਾ ਦੇ ਡਾਬਾ ਪਿੰਡ ਦੇ ਹੁਸਨਪ੍ਰੀਤ ਸਿੰਘ ਵੀ ਕੁਝ ਮਹੀਨੇ ਪਹਿਲਾਂ ਕੈਨੇਡਾ ਤੋਂ ਭਾਰਤ ਪਰਤ ਆਏ ਹਨ। ਹੁਸਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ 2020 ਵਿੱਚ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਗਏ ਸਨ ਅਤੇ ਉਸ ਸਮੇਂ ਉਨ੍ਹਾਂ ਦੇ ਦੋਸਤ ਅਤੇ ਕਈ ਰਿਸ਼ਤੇਦਾਰ ਕੈਨੇਡਾ ਜਾ ਚੁੱਕੇ ਸਨ ਅਤੇ ਉਸ ਨੂੰ ਵੀ ਆਪਣਾ ਭਵਿੱਖ ਉੱਥੇ ਹੀ ਨਜ਼ਰ ਆਉਣ ਲੱਗਾ। ਹੁਸਨਪ੍ਰੀਤ ਸਿੰਘ ਮੁਤਾਬਕ, "ਕੈਨੇਡਾ ਵਿੱਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਵਰਕ ਪਰਮਿਟ ਮਿਲ ਗਿਆ ਅਤੇ ਤਿੰਨ ਸਾਲ ਬਾਅਦ ਉਹ ਖ਼ਤਮ ਹੋ ਗਿਆ। ਇਸ ਤੋਂ ਬਾਅਦ ਟਰੱਕ ਡਰਾਈਵਰ ਦੇ ਤੌਰ 'ਤੇ ਐਲ.ਐਮ.ਆਈ.ਏ ਲਈ ਪਰ ਸਰਕਾਰ ਨੇ ਇਸ ਕੈਟਾਗਰੀ ਵਿੱਚ ਪੀ ਆਰ ਹੀ ਬੰਦ ਕਰ ਦਿੱਤੀ।"

ਅਸਲ ਵਿੱਚ ਐਲ.ਐਮ.ਆਈ.ਏ ਇੱਕ ਪੱਤਰ ਹੁੰਦਾ ਹੈ ਜਿਸ ਤਹਿਤ ਕੈਨੇਡਾ ਵਿੱਚ ਕੋਈ ਕੰਪਨੀ ਜਾਂ ਇੰਪਲੋਇਰ ਜਦੋਂ ਵਿਦੇਸ਼ੀ ਵਿਅਕਤੀ ਨੂੰ ਨੌਕਰੀ ਦੇਣਾ ਚਾਹੁੰਦਾ ਹੈ, ਤਾਂ ਉਸ ਨੂੰ ਸਰਕਾਰ ਤੋਂ ਇਜਾਜ਼ਤ ਲੈਣੀ ਪੈਂਦੀ ਹੈ, ਉਸ ਇਜਾਜ਼ਤ ਦਾ ਨਾਮ ਹੈ ਐਲ.ਐਮ.ਆਈ.ਏ ਹੈ। ਹੁਸਨਪ੍ਰੀਤ ਸਿੰਘ ਦੱਸਦੇ ਹਨ ਜਦੋਂ ਕੈਨੇਡਾ ਵਿੱਚ ਰਹਿਣਾ ਦਾ ਕੋਈ ਭਵਿੱਖ ਨਜ਼ਰ ਨਹੀਂ ਆਇਆ ਤਾਂ ਉਨ੍ਹਾਂ ਨੇ ਵਾਪਸ ਦੇਸ਼ ਪਰਤਣ ਦਾ ਫ਼ੈਸਲਾ ਕੀਤਾ। ਹੁਸਨਪ੍ਰੀਤ ਸਿੰਘ ਆਖਦੇ ਹਨ ਕਿ ਕੈਨੇਡਾ ਨੇ ਉਨ੍ਹਾਂ ਨੂੰ ਬਹੁਤ ਸਿਖਾਇਆ, ਪਰ ਅਫ਼ਸੋਸ ਇਸ ਗੱਲ ਦਾ ਹੈ ਉਨ੍ਹਾਂ ਦੀ ਜ਼ਿੰਦਗੀ ਦੇ ਅਹਿਮ ਸਾਲ ਉੱਥੇ ਖ਼ਰਾਬ ਹੋ ਗਏ ਅਤੇ ਉਨ੍ਹਾਂ ਨੂੰ ਮੁੜ ਤੋਂ ਭਾਰਤ ਆ ਕੇ ਜ਼ਿੰਦਗੀ ਜ਼ੀਰੋ ਤੋਂ ਸ਼ੁਰੂ ਕਰਨੀ ਪੈ ਰਹੀ ਹੈ। ਭਾਵੇਂ ਹੁਸਨਪ੍ਰੀਤ ਸਿੰਘ ਨੇ ਹੁਣ ਕੈਨੇਡਾ ਨੂੰ ਭੁਲਾ ਕੇ ਇੱਕ ਵਾਰ ਫਿਰ ਤੋਂ ਜ਼ਿੰਦਗੀ ਨੂੰ ਲੀਹਾਂ ਉੱਤੇ ਲਿਆਉਣ ਦੇ ਲਈ ਆਪਣਾ ਕੰਮ ਸ਼ੁਰੂ ਕੀਤਾ ਹੈ, ਪਰ ਉਨ੍ਹਾਂ ਮੁਤਾਬਕ ਇਸ ਲਈ ਕਾਫ਼ੀ ਮੁਸ਼ਕਿਲਾਂ ਹਨ। ਉਨ੍ਹਾਂ ਮੁਤਾਬਕ, "ਖ਼ਾਸ ਤੌਰ 'ਤੇ ਸਮਾਜ ਦੇ ਨਜ਼ਰੀਏ ਪੱਖੋਂ, ਕਿਉਂਕਿ ਕੈਨੇਡਾ ਤੋਂ ਵਾਪਸ ਪਰਤਣ ਦੇ ਫ਼ੈਸਲੇ ਸਬੰਧੀ ਉਨ੍ਹਾਂ ਨੂੰ ਅਕਸਰ ਸਵਾਲ ਪੁੱਛੇ ਜਾਂਦੇ ਹਨ।"

ਬਦਲੀਆਂ ਪਰਵਾਸ ਨੀਤੀਆਂ ਨੇ ਨਾ ਆਰਥਿਕ ਤੌਰ 'ਤੇ ਹੀ ਨਹੀਂ ਸਗੋਂ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਅਤੇ ਰਿਸ਼ਤਿਆਂ ਦੀ ਮਰਿਆਦਾ 'ਤੇ ਵੀ ਅਸਰ ਪਾਇਆ ਹੈ। ਖ਼ਾਸ ਤੌਰ 'ਤੇ ਸਪਾਊਸ ਵੀਜ਼ਾ ਦੇ ਨਿਯਮ ਸਖ਼ਤ ਹੋਣ ਤੋਂ ਬਾਅਦ ਤੋਂ ਆਪਸੀ ਰਿਸ਼ਤਿਆਂ ਦਾ ਭਵਿੱਖ ਕੀ ਹੋਵੇਗਾ, ਇਸ ਉੱਤੇ ਫ਼ਿਲਹਾਲ ਵੱਡਾ ਸਵਾਲ ਲੱਗਾ ਹੋਇਆ ਹੈ। ਲੁਧਿਆਣਾ ਜ਼ਿਲ੍ਹੇ ਦੇ ਧਾਂਦਰਾ ਪਿੰਡ ਦੇ ਰਣਧੀਰ ਸਿੰਘ ਦਾ ਵਿਆਹ 2022 ਵਿੱਚ ਹੋਇਆ ਸੀ ਅਤੇ 2023 ਵਿੱਚ ਉਨ੍ਹਾਂ ਨੇ ਆਪਣੀ ਪਤਨੀ ਨੂੰ ਕੈਨੇਡਾ ਪੜ੍ਹਾਈ ਲਈ ਭੇਜ ਦਿੱਤਾ। ਰਣਧੀਰ ਸਿੰਘ ਦੇ ਦੱਸਣ ਮੁਤਾਬਕ ਉਨ੍ਹਾਂ ਦੀ ਪਤਨੀ ਨੇ ਸਪਾਊਸ ਵੀਜ਼ੇ ਤਹਿਤ ਉਨ੍ਹਾਂ ਦਾ ਕੇਸ ਅਪਲਾਈ ਵੀ ਕੀਤਾ ਸੀ, ਪਰ ਵੀਜ਼ਾ ਅਰਜ਼ੀ ਦੋ ਵਾਰ ਰੱਦ ਹੋ ਗਈ। ਯਾਦ ਰਹੇ ਕਿ ਕੈਨੇਡਾ ਨੇ ਇਮੀਗ੍ਰੇਸ਼ਨ ਨੀਤੀਆਂ ਵਿੱਚ ਜੋ ਬਦਲਾਅ ਕੀਤੇ ਹਨ, ਉਸ ਵਿੱਚ ਸਪਾਊਸ ਵੀਜ਼ਾ ਕੈਟਾਗਰੀ ਵੀ ਸ਼ਾਮਲ ਹੈ, ਜੋ ਪਹਿਲਾਂ ਦੇ ਮੁਕਾਬਲੇ ਕਾਫ਼ੀ ਸਖ਼ਤ ਹੋ ਗਈ ਹੈ ਅਤੇ ਵਿਦਿਆਰਥੀ ਵੀਜ਼ੇ ਤਹਿਤ ਪਤੀ ਜਾਂ ਪਤਨੀ ਨੂੰ ਕੈਨੇਡਾ ਬੁਲਾਉਣਾ ਪਹਿਲਾਂ ਦੇ ਮੁਕਾਬਲੇ ਕਾਫ਼ੀ ਔਖਾ ਹੋ ਗਿਆ।

ਖੇਤੀਬਾੜੀ ਦੇ ਕਿੱਤੇ ਨਾਲ ਸਬੰਧਿਤ ਰਣਧੀਰ ਸਿੰਘ ਦੱਸਦੇ ਹਨ ਕਿ ਸਮਝ ਨਹੀਂ ਆ ਰਿਹਾ, ਹੁਣ ਕੀ ਕੀਤਾ ਜਾਵੇ, ਕਿਉਂਕਿ ਜ਼ਿੰਦਗੀ ਅੱਧ ਵਿਚਾਲੇ ਫਸੀ ਹੋਈ ਹੈ। ਉਨ੍ਹਾਂ ਨੇ ਦੱਸਿਆ ਵਿਆਹ ਅਤੇ ਪਤਨੀ ਨੂੰ ਕੈਨੇਡਾ ਪੜ੍ਹਾਈ ਲਈ ਭੇਜਣ ਵਿੱਚ ਉਨ੍ਹਾਂ ਦੇ ਹੁਣ ਤੱਕ ਕਰੀਬ ਚਾਲੀ ਲੱਖ ਰੁਪਏ ਖ਼ਰਚ ਹੋ ਗਏ ਹਨ ਪਰ ਕੈਨੇਡਾ ਜਾਣ ਦਾ ਸੁਪਨਾ ਫ਼ਿਲਹਾਲ ਸਾਕਾਰ ਨਹੀਂ ਹੋ ਰਿਹਾ ਹੈ। ਵੈਸੇ ਅਜੇ ਵੀ ਰਣਧੀਰ ਸਿੰਘ ਨੂੰ ਉਮੀਦ ਹੈ ਕਿ ਕੈਨੇਡਾ ਸਰਕਾਰ ਅਸਲੀ ਵਿਆਹ ਵਾਲੇ ਕੇਸਾਂ ਨੂੰ ਪੁਨਰ ਵਿਚਾਰ ਜ਼ਰੂਰ ਕਰੇਗੀ। ਪੰਜਾਬ ਵਿੱਚ ਕੁੜੀ ਦੇ ਆਈਲਸ ਬੈਂਡ ਦੇ ਆਧਾਰ 'ਤੇ ਮੁੰਡੇ ਵਾਲਿਆਂ ਵੱਲੋਂ ਖ਼ਰਚਾ ਕਰ ਕੇ ਵਿਦੇਸ਼ ਭੇਜਣ ਅਤੇ ਬਾਅਦ ਵਿੱਚ 'ਸਪਾਊਸ ਵੀਜ਼ਾ' 'ਤੇ ਪਤੀ ਨੂੰ ਕੈਨੇਡਾ ਬੁਲਾਉਣ ਦਾ ਰੁਝਾਨ ਕਾਫ਼ੀ ਚੱਲਿਆ ਸੀ।




ਸਪਾਊਸ ਵੀਜ਼ਾ ਅਤੇ ਵਰਕ ਪਰਮਿਟ ਨਿਯਮਾਂ ਵਿੱਚ ਸਖ਼ਤੀ ਕਾਰਨ ਅਜਿਹੇ ਕਈ ਵਿਆਹਾਂ ਵਿੱਚ ਧੋਖਾਧੜੀ, ਅਦਾਲਤੀ ਕੇਸ ਅਤੇ ਪਰਿਵਾਰਕ ਵਿਵਾਦ ਦੇ ਮਾਮਲੇ ਵੀ ਪਿਛਲੇ ਕੁਝ ਸਮੇਂ ਦੌਰਾਨ ਸਾਹਮਣੇ ਆ ਰਹੇ ਹਨ। ਪੰਜਾਬ ਪੁਲਿਸ ਦੇ ਐਨ. ਆਰ. ਆਈ. ਵਿਭਾਗ ਦੇ ਇੱਕ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਹੁਣ ਜਦੋਂ ਵਿਦੇਸ਼ਾਂ ਵਿੱਚ ਸਪਾਊਸ ਵੀਜ਼ਾ ਦੇ ਨਿਯਮ ਸਖ਼ਤ ਹੋ ਗਏ ਹਨ ਤਾਂ ਪਤੀ-ਪਤਨੀ ਰਿਸ਼ਤਿਆਂ ਉੱਤੇ ਵੀ ਇਸ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਥਾਣਿਆਂ ਅਤੇ ਅਦਾਲਤਾਂ ਵਿੱਚ ਧੋਖਾਧੜੀ ਅਤੇ ਵਿਵਾਦਾਂ ਦੇ ਕੇਸ ਵਧ ਰਹੇ ਹਨ, ਜੋ ਇਹ ਦਰਸਾਉਂਦਾ ਹੈ ਕਿ ਬਦਲੀਆਂ ਇਮੀਗ੍ਰੇਸ਼ਨ ਨੀਤੀਆਂ ਨੇ ਸਾਡੇ ਸਮਾਜਿਕ ਤਾਣੇ-ਬਾਣੇ ਅਤੇ ਰਿਸ਼ਤਿਆਂ ਦੀ ਮਰਿਆਦਾ 'ਤੇ ਵੀ ਡੂੰਘੀ ਚੋਟ ਕੀਤੀ ਹੈ। ਮੀਡੀਆ ਨੇ ਵੀ ਅਜਿਹੇ ਕੁਝ ਮਾਮਲਿਆਂ ਨੂੰ ਪਿਛਲੇ ਸਮੇਂ ਦੌਰਾਨ ਰਿਪੋਰਟ ਕੀਤਾ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਇਮੀਗ੍ਰੇਸ਼ਨ ਦਾ ਕਾਰੋਬਾਰ ਬਹੁਤ ਤੇਜ਼ੀ ਨਾਲ ਉਭਰਿਆ ਸੀ ਅਤੇ ਇਸ ਨੇ ਇੱਕ ਇੰਡਸਟਰੀ ਦਾ ਰੂਪ ਲੈ ਲਿਆ ਸੀ। ਸਥਿਤੀ ਇਹ ਸੀ ਕਿ ਪੰਜਾਬ ਦੇ ਹਰ ਜ਼ਿਲ੍ਹੇ, ਸ਼ਹਿਰ, ਕਸਬਿਆਂ ਵਿੱਚ ਆਈਲਸ ਅਤੇ ਇਮੀਗ੍ਰੇਸ਼ਨ ਦਾ ਕੰਮ ਕਰਨ ਵਾਲਿਆਂ ਦੇ ਦਫ਼ਤਰਾਂ ਦੀ ਭਰਮਾਰ ਸੀ। ਖ਼ਾਸ ਤੌਰ ਉੱਤੇ ਬਠਿੰਡਾ, ਮੋਗਾ, ਬਰਨਾਲਾ, ਸੰਗਰੂਰ, ਲੁਧਿਆਣਾ, ਜਲੰਧਰ, ਮੁਹਾਲੀ ਅਤੇ ਅੰਮ੍ਰਿਤਸਰ ਵਰਗੇ ਜ਼ਿਲ੍ਹੇ ਵਿਦੇਸ਼ ਜਾਣ ਦੇ ਚਾਹਵਾਨਾਂ ਲਈ ਹੱਬ ਦਾ ਰੂਪ ਧਾਰਨ ਕਰ ਗਏ ਸਨ। ਪੰਜਾਬ ਦੇ ਹਰ ਦੂਜੇ ਮੋੜ 'ਤੇ ਖੁੱਲ੍ਹੇ ਇਹ ਆਈਲਸ ਸੈਂਟਰ ਅਤੇ ਇਮੀਗ੍ਰੇਸ਼ਨ ਏਜੰਸੀਆਂ ਕਿਸੇ ਸਮੇਂ ਪੰਜਾਬੀ ਨੌਜਵਾਨਾਂ ਦੇ ਵਿਦੇਸ਼ੀ ਸੁਪਨਿਆਂ ਦੀ ਪਹਿਲੀ ਪੌੜੀਆਂ ਹੁੰਦੀਆਂ ਸਨ।

ਕੈਨੇਡਾ, ਯੂਕੇ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵੱਲੋਂ ਵੀਜ਼ਾ ਨਿਯਮਾਂ ਵਿੱਚ ਕੀਤੀ ਸਖ਼ਤੀ ਨੇ ਨਾ ਸਿਰਫ਼ ਪੰਜਾਬ ਦੇ ਇਮੀਗ੍ਰੇਸ਼ਨ ਕਾਰੋਬਾਰ 'ਤੇ ਅਸਰ ਪਾਇਆ ਹੈ, ਸਗੋਂ ਪੰਜਾਬੀ ਨੌਜਵਾਨਾਂ ਨੂੰ ਆਪਣੇ ਭਵਿੱਖ ਬਾਰੇ ਮੁੜ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਬਠਿੰਡਾ ਦੀ ਅਜੀਤ ਰੋਡ, ਜੋ ਅਕਸਰ ਬੋਲ ਚਾਲ ਦੀ ਭਾਸ਼ਾ ਵਿੱਚ 'ਆਈਲਸ' ਜਾਂ 'ਕੈਨੇਡਾ' ਵਾਲੀ ਗਲੀ (ਸੜਕ) ਦੇ ਨਾਮ ਮਸ਼ਹੂਰ ਸੀ, ਇਸ ਦਾ ਕਾਰਨ ਸੀ ਇੱਥੇ ਇਮੀਗ੍ਰੇਸ਼ਨ ਦੇ ਦਫ਼ਤਰਾਂ ਦੀ ਭਰਮਾਰ। ਕਰੀਬ ਇੱਕ ਕਿਲੋਮੀਟਰ ਲੰਮੀ ਇਸ ਰੋਡ ਦੇ ਦੋਵੇਂ ਪਾਸੇ ਕਿਸੇ ਵਕਤ ਇਮੀਗ੍ਰੇਸ਼ਨ ਅਤੇ ਆਈਲਸ ਸੈਂਟਰ ਹੁੰਦੇ ਸਨ ਪਰ ਹੁਣ ਇੱਥੇ ਪਹਿਲਾਂ ਵਾਂਗ ਚਹਿਲ-ਪਹਿਲ ਦੀ ਥਾਂ ਚੁੱਪ ਹੈ। ਇੱਥੇ ਇਮੀਗ੍ਰੇਸ਼ਨ ਦਾ ਕੰਮ ਕਰਨ ਵਾਲੇ ਰਾਜਕਰਨ ਸਿੰਘ ਬਰਾੜ ਕਹਿੰਦੇ ਹਨ ਕੰਮ ਬਹੁਤ ਘੱਟ ਰਹਿ ਗਿਆ ਹੈ। ਉਨ੍ਹਾਂ ਮੁਤਾਬਕ ਨਾਮੀ ਆਈਲਸ ਅਤੇ ਇਮੀਗ੍ਰੇਸ਼ਨ ਦਫ਼ਤਰ ਕੰਮ ਦੀ ਘਾਟ ਕਾਰਨ ਬੰਦ ਹੋ ਗਏ ਹਨ। ਰਾਜਕਰਨ ਸਿੰਘ ਬਰਾੜ ਆਖਦੇ ਹਨ "ਆਸਟ੍ਰੇਲੀਆ, ਨਿਊਜ਼ੀਲੈਂਡ ਦੇ ਨਿਯਮ ਪਹਿਲਾਂ ਹੀ ਬਹੁਤ ਸਖ਼ਤ ਸਨ ਅਤੇ ਉਨ੍ਹਾਂ ਵੱਲੋਂ ਵੀਜ਼ੇ ਬਹੁਤ ਹੀ ਘੱਟ ਜਾਰੀ ਕੀਤੇ ਜਾਂਦੇ ਸਨ ਅਤੇ ਕੈਨੇਡਾ ਹੀ ਅਜਿਹਾ ਮੁਲਕ ਸੀ, ਜਿੱਥੇ ਸਭ ਤੋਂ ਜ਼ਿਆਦਾ ਵੀਜ਼ੇ ਆਉਂਦੇ ਸਨ। ਪਰ ਪਿਛਲੇ ਸਮੇਂ ਦੌਰਾਨ ਉਸ ਨੇ ਵੀ ਇਮੀਗ੍ਰੇਸ਼ਨ ਸਬੰਧੀ ਨਿਯਮਾਂ ਵਿੱਚ ਬਦਲਾਅ ਕੀਤਾ ਹੈ, ਜਿਸ ਕਰ ਕੇ ਵਿਦਿਆਰਥੀ ਉੱਥੇ ਜਾਣਾ ਨਹੀਂ ਚਾਹੁੰਦੇ।" ਉਨ੍ਹਾਂ ਦੱਸਿਆ ਇਸ ਸਭ ਦਾ ਅਸਰ ਇੰਡਸਟਰੀ ਉੱਤੇ ਵਿਆਪਕ ਪੱਧਰ 'ਤੇ ਪਿਆ ਹੈ, ਕਿਉਂਕਿ ਇਸ ਨਾਲ ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਜੁੜਿਆ ਹੋਇਆ ਸੀ। ਕੰਮ ਬੰਦ ਹੋਣ ਕਾਰਨ ਬਹੁਤ ਸਾਰ ਲੋਕ ਬੇਰੁਜ਼ਗਾਰ ਵੀ ਹੋਏ ਹਨ। ਅਸਲ ਵਿੱਚ ਬਾਕੀ ਦੇਸ਼ਾਂ ਦੇ ਮੁਕਾਬਲੇ ਪਿਛਲੇ ਸਾਲਾਂ ਦੌਰਾਨ ਨੌਜਵਾਨਾਂ ਦਾ ਝੁਕਾਅ ਕੈਨੇਡਾ ਵੱਲ ਜ਼ਿਆਦਾ ਸੀ। ਜਿਸ ਦਾ ਕਾਰਨ ਸੀ, ਉੱਥੋਂ ਦੀ ਸੁਖਾਲੀ ਪਰਵਾਸ ਨੀਤੀ ਪਰ 2023 ਤੋਂ ਬਾਅਦ ਸਮੇਂ-ਸਮੇਂ 'ਤੇ ਕੈਨੇਡਾ ਨੇ ਵੀਜ਼ਾ ਨਿਯਮਾਂ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ, ਜਿਸ ਵਿੱਚ ਵਿਦਿਆਰਥੀ ਵੀਜ਼ੇ 'ਤੇ ਕੈਪ ਲਗਾਉਣਾ ਵੀ ਸ਼ਾਮਿਲ ਸੀ। ਕੈਨੇਡਾ ਸਰਕਾਰ ਦੇ ਅੰਕੜਿਆਂ ਮੁਤਾਬਕ 2023 ਵਿੱਚ ਭਾਰਤੀ ਵਿਦਿਆਰਥੀਆਂ ਦਾ ਹਿੱਸਾ ਇੰਟਰਨੈਸ਼ਨਲ ਵਿਦਿਆਰਥੀਆਂ ਵਿੱਚ 50% ਤੋਂ ਵੱਧ ਸੀ, ਜੋ 2025 ਤੱਕ ਘੱਟ ਕੇ 8-10% ਰਹਿ ਗਿਆ। ਭਾਰਤੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਮਨਜ਼ੂਰੀਆਂ ਵਿੱਚ ਵੀ ਭਾਰੀ ਗਿਰਾਵਟ ਆਈ ਹੈ।

ਕੈਨੇਡਾ ਦੀ ਆਡੀਟਰ ਜਨਰਲ ਮਾਰਚ 2026 ਦੀ ਰਿਪੋਰਟ ਮੁਤਾਬਕ ਇਮੀਗ੍ਰੇਸ਼ਨ ਕਟੌਤੀਆਂ ਤੋਂ ਕੈਨੇਡਾ ਖ਼ਾਸ ਤੌਰ 'ਤੇ ਬੀ ਸੀ (ਬ੍ਰਿਟਿਸ਼ ਕੋਲੰਬੀਆ) ਵਿੱਚ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਅਨੁਮਾਨਾਂ ਨਾਲੋਂ ਕਾਫ਼ੀ ਘੱਟ ਗਈ ਹੈ। ਅੰਤਰਰਾਸ਼ਟਰੀ ਪਰਵਾਸ ਸੰਗਠਨ (ਆਈਓਐਮ) ਜੋ ਦੁਨੀਆ ਭਰ ਵਿੱਚ ਲੋਕਾਂ ਦੇ ਪਰਵਾਸ, ਪ੍ਰਵਾਸੀਆਂ ਦੀ ਮਦਦ ਅਤੇ ਸੁਰੱਖਿਅਤ ਤੇ ਕਾਨੂੰਨੀ ਪਰਵਾਸ ਨੂੰ ਉਤਸ਼ਾਹਿਤ ਕਰਦਾ ਹੈ, ਨੇ ਹਾਲ ਹੀ ਵਿੱਚ ਆਪਣੀ ਇੱਕ ਰਿਪੋਰਟ ਜਾਰੀ ਕੀਤੀ ਹੈ। "ਭਾਰਤੀ ਨੌਜਵਾਨਾਂ, ਕੁਸ਼ਲ ਪੇਸ਼ਾਵਰਾਂ ਅਤੇ ਵਿਦਿਆਰਥੀਆਂ ਦਾ ਅੰਤਰਰਾਸ਼ਟਰੀ ਪਰਵਾਸ ਅਤੇ ਗਤੀਸ਼ੀਲਤਾ" ਦੇ ਨਾਮ ਨਾਲ ਜਾਰੀ ਕੀਤੀ ਗਈ ਇਸ ਰਿਪੋਰਟ ਵਿੱਚ ਭਾਰਤੀ ਨੌਜਵਾਨਾਂ ਦੇ ਅੰਤਰ-ਰਾਸ਼ਟਰੀ ਪਰਵਾਸ ਦੇ ਬਦਲਦੇ ਰੁਝਾਨਾਂ ਦੀ ਗੱਲ ਕੀਤੀ ਗਈ ਹੈ। ਰਿਪੋਰਟ ਮੁਤਾਬਕ 2024 ਵਿੱਚ ਉੱਚ ਸਿੱਖਿਆ ਲਈ ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਹੋਈ ਹੈ, ਜਿਸ ਵਿੱਚ ਸਭ ਤੋਂ ਵੱਧ ਗਿਰਾਵਟ ਕੈਨੇਡਾ, ਯੂਕੇ ਅਤੇ ਅਮਰੀਕਾ ਵਿੱਚ ਆਈ। ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੱਡੇ ਪੱਧਰ 'ਤੇ ਘੱਟ ਹੋਈ, ਜਿਸ ਦੇ ਮੁੱਖ ਕਾਰਨ ਸਖ਼ਤ ਵੀਜ਼ਾ ਨਿਯਮ, ਸਟੱਡੀ ਪਰਮਿਟ ਕੈਪ ਅਤੇ ਭਾਰਤ-ਕੈਨੇਡਾ ਰਾਜਨੀਤਿਕ ਤਣਾਅ ਦੱਸਿਆ ਗਿਆ ਹੈ। ਸਟੱਡੀ ਮੁਤਾਬਕ ਭਾਰਤੀ ਵਿਦਿਆਰਥੀਆਂ ਦਾ ਹੁਣ ਰੁਝਾਨ ਜਰਮਨੀ, ਫਰਾਂਸ ਅਤੇ ਹੋਰ ਯੂਰਪੀ ਮੁਲਕਾਂ ਅਤੇ ਰੂਸ ਵੱਲ ਹੋਇਆ ਹੈ, ਜਿੱਥੇ ਸਸਤੀ ਸਿੱਖਿਆ ਤੇ ਬਿਹਤਰ ਇਮੀਗ੍ਰੇਸ਼ਨ ਰਾਹ ਉਪਲੱਬਧ ਹਨ। ਪਰ ਇਹ ਰੁਝਾਨ ਕੈਨੇਡਾ, ਇੰਗਲੈਂਡ ਜਾਂ ਅਮਰੀਕਾ ਦੇ ਮੁਕਾਬਲੇ ਬਹੁਤ ਘੱਟ ਹੈ।

ਰਿਪੋਰਟ ਵਿੱਚ ਪੰਜਾਬ ਦਾ ਜ਼ਿਕਰ ਵੀ ਕੀਤਾ ਗਿਆ ਹੈ ਜਿਸ ਮੁਤਾਬਕ ਵੱਖ-ਵੱਖ ਦੇਸ਼ਾਂ ਵੱਲੋਂ ਬਦਲੀਆਂ ਪਰਵਾਸ ਨੀਤੀਆਂ ਦਾ ਅਸਰ ਪੰਜਾਬ ਉੱਤੇ ਹੋਇਆ ਹੈ, ਕਿਉਂਕਿ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਵਿੱਚ ਪੰਜਾਬੀ ਵਿਦਿਆਰਥੀਆਂ ਦਾ ਹਿੱਸਾ ਬਹੁਤ ਵੱਡਾ ਰਿਹਾ ਹੈ। ਇਸ ਤੋਂ ਇਲਾਵਾ ਰਿਪੋਰਟ ਵਿੱਚ ਆਈਲਸ ਇੰਡਸਟਰੀ ਦਾ ਜ਼ਿਕਰ ਵੀ ਕੀਤਾ ਗਿਆ ਹੈ ਜਿਸ ਮੁਤਾਬਕ ਆਈਲਸ ਕੋਚਿੰਗ ਤੇ ਇਮੀਗ੍ਰੇਸ਼ਨ ਏਜੰਸੀਆਂ ਦਾ ਕਾਰੋਬਾਰ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਗਿਆ ਹੈ ਅਤੇ ਸਥਾਨਕ ਕਾਲਜਾਂ-ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੇ ਦਾਖ਼ਲਿਆਂ ਵਿੱਚ ਵਾਧਾ ਹੋਇਆ ਹੈ। ਚੰਡੀਗੜ੍ਹ ਇੰਸਟੀਚਿਊਟ ਫ਼ਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ (ਆਈਡੀਸੀ) ਦੇ ਐਸੋਸੀਏਟ ਪ੍ਰੋਫ਼ੈਸਰ ਡਾ. ਸ਼ੁਚੀ ਕਪੂਰੀਆ ਦਾ ਕਹਿਣਾ ਹੈ ਕਿ ਪਰਵਾਸ ਨੀਤੀਆਂ ਵਿੱਚ ਆਈਆਂ ਤਬਦੀਲੀਆਂ ਦਾ ਪੰਜਾਬ ਅਤੇ ਹਰਿਆਣਾ ਵਿੱਚ ਸਮਾਜਿਕ ਅਤੇ ਆਰਥਿਕ ਅਸਰ ਦੇਖਣ ਨੂੰ ਮਿਲ ਰਿਹਾ ਹੈ।

ਉਨ੍ਹਾਂ ਦੱਸਿਆ ਰਿਪੋਰਟ ਵਿੱਚ ਇਹ ਗੱਲ ਉਜਾਗਰ ਹੋਈ ਹੈ ਕਿ ਨੌਜਵਾਨ ਵਿਦੇਸ਼ ਜਾਣਾ ਚਾਹੁੰਦੇ ਹਨ ਪਰ ਉਸ ਦੇ ਲਈ ਇੱਕ ਠੋਸ ਨੀਤੀ ਬਣਾਉਣ ਦੀ ਲੋੜ ਹੈ ਖ਼ਾਸ ਤੌਰ 'ਤੇ ਕਿੱਤਾ ਮੁਖੀ ਕੋਰਸਾਂ ਦੇ ਸਬੰਧ ਵਿੱਚ। ਉਨ੍ਹਾਂ ਦੱਸਿਆ ਜੋ ਨੌਜਵਾਨ ਕਿਸੇ ਕਾਰਨ ਵਿਦੇਸ਼ ਤੋਂ ਵਾਪਸ ਆ ਵੀ ਜਾਂਦੇ ਹਨ ਤਾਂ ਉਸ ਵਿੱਚ ਸਮਾਜ ਦਾ ਨਜ਼ਰੀਆ ਅਹਿਮ ਭੂਮਿਕਾ ਨਿਭਾਉਂਦਾ ਹੈ। ਅਕਸਰ ਇਸ ਨੂੰ ਸਮਾਜ ਵਿੱਚ ਚੰਗਾ ਨਹੀਂ ਸਮਝਿਆ ਜਾਂਦਾ ਹੈ। ਉਨ੍ਹਾਂ ਦੱਸਿਆ ਲੋੜ ਇਸ ਗੱਲ ਦੀ ਵੀ ਹੈ ਕਿ ਜੋ ਨੌਜਵਾਨ ਵਾਪਸ ਦੇਸ਼ ਪਰਤ ਵੀ ਆਉਂਦੇ ਹਨ, ਉਨ੍ਹਾਂ ਦੇ ਪੁਨਰ ਵਸੇਬੇ ਲਈ ਵੀ ਸਰਕਾਰਾਂ ਅਤੇ ਸੰਸਥਾਵਾਂ ਨੂੰ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਮੁਤਾਬਕ ਨੌਜਵਾਨਾਂ ਵਿੱਚ ਬੇਭਰੋਸਗੀ ਦਾ ਮਾਹੌਲ ਹੈ, ਵੀਜ਼ਾ ਰਿਜੈਕਸ਼ਨ ਦਾ ਵਧਣਾ ਅਤੇ ਪੱਕੀ ਰਿਹਾਇਸ਼ ਦੇ ਨਿਯਮ ਸਖ਼ਤ ਹੋਣ ਕਾਰਨ ਲੱਖਾਂ ਰੁਪਏ ਖ਼ਰਚ ਚੁੱਕੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਮਾਨਸਿਕ ਤਣਾਅ ਅਤੇ ਚਿੰਤਾ ਵਧੀ ਹੈ। ਯਾਦ ਰਹੇ ਕਿ ਆਈ.ਡੀ.ਸੀ. ਨੇ ਅੰਤਰਰਾਸ਼ਟਰੀ ਪਰਵਾਸ ਸੰਗਠਨ ਨਾਲ ਮਿਲ ਕੇ ਇਸ ਰਿਪੋਰਟ ਉੱਤੇ ਬੀਤੇ ਦਿਨੀਂ ਚੰਡੀਗੜ੍ਹ ਵਿਖੇ ਚਰਚਾ ਵੀ ਕਰਵਾਈ ਸੀ।

## ਪੇਪਰ ਲੀਕ ਝਾਰਖੰਡ ਦੀ ਸਮੱਸਿਆ ਹੀ ਨਹੀਂ, ਸਾਰੇ ਮੁਲਕ ਦੀ ਸਮੱਸਿਆ ਹੈ

(ਸਫ਼ਾ 8 ਦੀ ਬਾਕੀ)

14ਵੀਂ ਜੇਪੀਐਸਸੀ ਕਰਵਾਉਣ ਵਾਲੀ ਕੰਪਨੀ ਟੀਡੀਪੀਐਲ (ਟੀਐਸਆਰ ਡੇਟਾ ਪ੍ਰੋਸੈਸਿੰਗ ਪ੍ਰਾਈਵੇਟ ਲਿਮਿਟਡ) ਵੱਲੋਂ ਪਹਿਲਾਂ ਕਰਵਾਈਆਂ ਗਈਆਂ ਸਾਰੀਆਂ ਪ੍ਰੀਖਿਆਵਾਂ ਨੂੰ ਰੱਦ ਕੀਤਾ ਜਾਵੇ। ਜੈਪਾਲ ਸਿੰਘ ਮੁੰਡਾ ਸਟੇਡੀਅਮ ਵਿੱਚ ਤੜਕੇ ਵੇਲੇ ਭੁੱਖ ਹੜਤਾਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਲ ਬਹੁਤ ਘੱਟ ਵਿਦਿਆਰਥੀ ਦਿਖਾਈ ਦਿੰਦੇ ਹਨ। ਪਰ ਦਿਨ ਵਧਣ ਦੇ ਨਾਲ ਇੱਥੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਸਮਰਥਨ ਵਿੱਚ ਆਉਣ ਵਾਲਿਆਂ ਦੀ ਗਿਣਤੀ ਵਧਣ ਲੱਗਦੀ ਹੈ। ਇੱਥੇ ਆਉਣ ਵਾਲਿਆਂ ਵਿੱਚ ਪ੍ਰਦਰਸ਼ਨਕਾਰੀਆਂ ਨਾਲੋਂ ਉਨ੍ਹਾਂ ਦੇ ਸਮਰਥਨ ਵਿੱਚ ਆਉਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਅਨੀਤਾ ਵਰਮਾ ਵੀ ਉਨ੍ਹਾਂ ਵਿੱਚੋਂ ਇੱਕ ਹਨ ਜੋ ਇਨ੍ਹਾਂ ਵਿਦਿਆਰਥੀਆਂ ਨਾਲ ਆਪਣਾ ਸਮਰਥਨ ਜਤਾਉਣ ਲਈ ਰੋਜ਼ਾਨਾ ਆਪ ਇੱਥੇ ਆਉਂਦੇ ਹਨ।

ਅਨੀਤਾ ਕਹਿੰਦੇ ਹਨ, "ਮੈਂ ਆਪਣੇ ਬੇਟੇ ਅਤੇ ਬੇਟੀ ਦੇ ਭਵਿੱਖ ਲਈ ਆਉਂਦੀ ਹਾਂ। ਜੇ ਸਰਕਾਰ ਇਸੇ ਤਰ੍ਹਾਂ ਧਾਂਧਲੀ ਕਰਵਾਉਂਦੀ ਰਹੀ ਤਾਂ ਗਰੀਬ ਦੇ ਬੱਚੇ ਪੜ੍ਹ ਕੇ ਕੀ ਕਰਨਗੇ? ਬੱਚੇ ਪੜ੍ਹਦੇ ਹਨ, ਮਿਹਨਤ ਕਰਦੇ ਹਨ ਅਤੇ ਸਰਕਾਰ ਢੰਗ ਨਾਲ ਇੱਕ ਇਮਤਿਹਾਨ ਵੀ ਨਹੀਂ ਕਰਵਾ ਸਕਦੀ।" ਜੇਪੀਐਸਸੀ ਅਤੇ ਜੇਐਸਐਸਸੀ ਪ੍ਰੀਖਿਆਵਾਂ ਵਿੱਚ ਕਥਿਤ ਗੜਬੜੀਆਂ ਨੂੰ ਲੈ ਕੇ ਜਾਰੀ ਵਿਰੋਧ ਪ੍ਰਦਰਸ਼ਨ ਦੇ ਵਿਚਕਾਰ ਸ਼ੁੱਕਰਵਾਰ ਨੂੰ ਸੂਬਾ ਸਰਕਾਰ ਦੇ ਵਫ਼ਦ ਅਤੇ ਉਮੀਦਵਾਰਾਂ ਦੇ ਵਫ਼ਦ ਵਿਚਕਾਰ ਗੱਲਬਾਤ ਹੋਈ। ਸਰਕਾਰ ਵੱਲੋਂ ਮੰਤਰੀ ਸੁਦਿਵਿਆ ਕੁਮਾਰ ਸੋਨੂ, ਦੀਪਿਕਾ ਪਾਂਡੇਯ ਸਿੰਘ, ਚਮਰਾ ਲਿੰਡਾ ਅਤੇ ਸੰਜੈ ਪ੍ਰਸਾਦ ਯਾਦਵ ਗੱਲਬਾਤ ਵਿੱਚ ਸ਼ਾਮਲ ਸਨ।

ਵਿਦਿਆਰਥੀਆਂ ਦੇ ਵਫ਼ਦ ਵਿੱਚ ਸ਼ਾਮਲ ਰਾਜੇਸ਼ ਪ੍ਰਸਾਦ ਨੇ ਦੱਸਿਆ, ਮੰਤਰੀਆਂ ਦੇ ਸਾਹਮਣੇ ਸਾਰੀਆਂ ਮੰਗਾਂ ਅਤੇ ਇਨ੍ਹਾਂ ਮੰਗਾਂ ਦਾ ਆਧਾਰ ਰੱਖਿਆ ਗਿਆ। ਮੰਤਰੀਆਂ ਨੇ ਸਾਡੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਕਿਹਾ ਕਿ ਇਹ ਬਿਲਕੁਲ ਜਾਇਜ਼ ਹਨ। ਵਿਦਿਆਰਥੀਆਂ ਨੇ ਸਪਸ਼ਟ ਕੀਤਾ ਕਿ ਜਦੋਂ ਤੱਕ ਪੂਰੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਧਰਨਾ ਪ੍ਰਦਰਸ਼ਨ ਜਾਰੀ ਰਹੇਗਾ। ਨਾਲ ਹੀ ਉਨ੍ਹਾਂ ਨੇ ਕਿਹਾ ਹੈ ਕਿ 10 ਅਗਸਤ ਤੋਂ ਪਹਿਲਾਂ ਮੰਗਾਂ ਪੂਰੀਆਂ ਹੋ ਜਾਣ, ਨਹੀਂ ਤਾਂ ਉਹ ਵਿਧਾਨ ਸਭਾ ਮਾਰਚ ਦਾ ਪ੍ਰੋਗਰਾਮ ਕਰਨਗੇ। ਇਸ ਭੁੱਖ ਹੜਤਾਲ ਦੇ ਮਾਮਲੇ ਵਿੱਚ ਸਥਾਨਕ ਪੱਤਰਕਾਰ ਆਨੰਦ ਦੱਤਾ ਕਹਿੰਦੇ ਹਨ, "ਜੇਪੀਐਸਸੀ ਦੀ ਕੋਈ ਵੀ ਪ੍ਰੀਖਿਆ ਅੱਜ ਤੱਕ ਪਾਰਦਰਸ਼ਤਾ ਨਾਲ ਨਹੀਂ ਹੋਈ। ਜੇਪੀਐਸਸੀ ਦੀ 14ਵੀਂ ਪ੍ਰੀਖਿਆ ਵਿੱਚ ਵੀ ਧਾਂਧਲੀ ਹੋਈ, ਜਿਸ ਤੋਂ ਬਾਅਦ ਇਹ ਪੂਰਾ ਅੰਦੋਲਨ ਹੋ ਰਿਹਾ ਹੈ। ਜੇਐਸਐਸਸੀ ਦੀਆਂ ਵੀ ਜ਼ਿਆਦਾਤਰ ਪ੍ਰੀਖਿਆਵਾਂ ਵਿਵਾਦਿਤ ਰਹੀਆਂ ਹਨ।"


Aishawahab.com
2026 CALIFORNIA DEMOCRATIC PARTY ★ ENDORSED ★
DR. AISHA WAHAB
U.S. CONGRESS
Special Election AUGUST 18
A VOICE FOR THE PEOPLE
LABOR
ALAMEDA LABOR COUNCIL AFL-CIO
SEIU CALIFORNIA
THE Independent
PORAC
COURAGE CALIFORNIA
San Francisco Chronicle
PROGRESSIVE CAUCUS
National Nurses United
SIERRA CLUB ENDORSED
CTA
CALIFORNIA TEACHERS ASSOCIATION
EVERYTOWN FOR GUN SAFETY
CFA California Faculty Association
LiUNA! Laborers' International Union of North America
FAMILY CHILD CARE WORKERS of SEIU CALIFORNIA
CALIFORNIA POLICE CHIEFS
UNITED FARM WORKERS SI SE PUEDE!
INDIVISIBLE EAST BAY
INDIVISIBLE TRI-VALLEY
CALIFORNIA FEDERATION OF LABOR UNIONS AFL-CIO
HAYWARD IAFF LOCAL 1909
SHEET METAL WORKERS' UNION SMART LOCAL 104
INTERNATIONAL UNION OF OPERATING ENGINEERS
The Mercury News
EQUALITY CALIFORNIA
Awards & Recognition
2025 THE UTILITY REFORM A CHAMPION FOR CLEAN ENERGY & AFFORDABLE
PLANNED PARENTHOOD ACTION FUND 100% RATING REPRODUCTIVE CHAMPION
2023 CALIFORNIA ALLIANCE FOR RETIRED AMERICANS CARA CHAMPION
2026 NATIONAL SOCIAL WORKERS ASSOCIATION ICON AWARD
2025 RUBY'S PLACE DOMESTIC VIOLENCE TRAILBLAZER OF THE YEAR
OUR REVOLUTION
STATE BUILDING AND CONSTRUCTION TRADES COUNCIL OF CALIFORNIA
State Leaders
Local Leaders
Lieutenant Governor Eleni Kounalakis
Attorney General Rob Bonta
State Controller Malia Cohen
State Treasurer Fiona Ma
Congressman Pete Stark's Family
Senator Bob Wieckowski
Assemblymember Liz Ortega
County Sheriff Yesenia Sanchez
County Superintendent Alysse Castro
Paid by- Pardes Times
visit Aishawahab.com for more information
Paid by- All Sikh Sangat

# ਜਲਵਾਯੂ ਪਰਿਵਰਤਨ, ਪ੍ਰਦੂਸ਼ਣ ਅਤੇ ਸਾਡੀ ਧਰਤੀ ਦੀ ਰੱਖਿਆ

ਮੋਹਨ ਸਿੰਘ ਮਾਨ, ਯੂਨੀਅਨ ਸਿਟੀ, ਕੈਲੀਫੋਰਨੀਆ

**"ਧਰਤੀ ਮਾਂ ਨੂੰ ਬਚਾਉਣਾ ਸਾਡਾ ਸਾਂਝਾ ਫ਼ਰਜ਼ ਹੈ"**

ਧਰਤੀ ਸਾਡਾ ਇੱਕੋ-ਇੱਕ ਘਰ ਹੈ। ਮਨੁੱਖ, ਪਸ਼ੂ, ਪੰਛੀ, ਰੁੱਖ-ਬੂਟੇ ਅਤੇ ਹਰ ਜੀਵ ਇਸੇ ਧਰਤੀ ਉੱਤੇ ਆਪਣਾ ਜੀਵਨ ਬਤੀਤ ਕਰਦੇ ਹਨ। ਪਰ ਅੱਜ ਮਨੁੱਖ ਦੀਆਂ ਗਲਤ ਆਦਤਾਂ ਅਤੇ ਕੁਦਰਤੀ ਸਰੋਤਾਂ ਦੀ ਬੇਲੋੜੀ ਵਰਤੋਂ ਕਾਰਨ ਧਰਤੀ ਗੰਭੀਰ ਸੰਕਟ ਵਿੱਚ ਹੈ। ਵਧਦਾ ਪ੍ਰਦੂਸ਼ਣ, ਜੰਗਲਾਂ ਦੀ ਕਟਾਈ, ਉਦਯੋਗਾਂ ਵਿੱਚੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ, ਪਲਾਸਟਿਕ ਦੀ ਬੇਹਿਸਾਬ ਵਰਤੋਂ ਅਤੇ ਜੈਵਿਕ ਇੰਧਨਾਂ (ਫ਼ੌਸਿਲ ਫਿਊਲ) ਦੀ ਖਪਤ ਨੇ ਜਲਵਾਯੂ ਪਰਿਵਰਤਨ (Cilmate Change) ਨੂੰ ਜਨਮ ਦਿੱਤਾ ਹੈ। ਇਸ ਦੇ ਨਤੀਜੇ ਵਜੋਂ ਧਰਤੀ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ ਅਤੇ ਮੌਸਮ ਦਾ ਸੰਤੁਲਨ ਵਿਗੜਦਾ ਜਾ ਰਿਹਾ ਹੈ।

ਅੱਜ ਪੂਰੀ ਦੁਨੀਆ ਜਲਵਾਯੂ ਪਰਿਵਰਤਨ ਦੇ ਗੰਭੀਰ ਨਤੀਜੇ ਭੁਗਤ ਰਹੀ ਹੈ। ਕਈ ਦੇਸ਼ਾਂ ਵਿੱਚ ਭਿਆਨਕ ਜੰਗਲੀ ਅੱਗਾਂ ਲੱਗ ਰਹੀਆਂ ਹਨ। ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਗ੍ਰੀਸ ਅਤੇ ਹੋਰ ਕਈ ਦੇਸ਼ਾਂ ਵਿੱਚ ਲੱਗੀਆਂ ਅੱਗਾਂ ਨੇ ਲੱਖਾਂ ਏਕੜ ਜੰਗਲ ਸਾੜ ਦਿੱਤੇ ਹਨ। ਹਜ਼ਾਰਾਂ ਪਰਿਵਾਰਾਂ ਨੂੰ ਆਪਣੇ ਘਰ ਛੱਡਣੇ ਪਏ ਅਤੇ ਬੇਸ਼ੁਮਾਰ ਜੰਗਲੀ ਜੀਵ ਮਾਰੇ ਗਏ। ਦੂਜੇ ਪਾਸੇ ਭਾਰਤ, ਪਾਕਿਸਤਾਨ, ਚੀਨ, ਯੂਰਪ ਅਤੇ ਅਫ਼ਰੀਕਾ ਦੇ ਕਈ ਖੇਤਰਾਂ ਵਿੱਚ ਭਾਰੀ ਮੀਂਹ ਅਤੇ ਹੜ੍ਹਾਂ ਨੇ ਵੱਡੀ ਤਬਾਹੀ ਮਚਾਈ। ਖੇਤੀਬਾੜੀ ਬਰਬਾਦ ਹੋਈ, ਸੜਕਾਂ ਅਤੇ ਪੁਲ ਟੁੱਟ ਗਏ ਅਤੇ ਲੱਖਾਂ ਲੋਕ ਬੇਘਰ ਹੋ ਗਏ। ਕਈ ਥਾਵਾਂ 'ਤੇ ਲੰਬੇ ਸੋਕੇ ਕਾਰਨ ਪੀਣ ਵਾਲੇ ਪਾਣੀ ਦੀ ਘਾਟ ਵੀ ਪੈਦਾ ਹੋ ਗਈ ਹੈ। ਇਹ ਸਾਰੀਆਂ ਘਟਨਾਵਾਂ ਸਾਨੂੰ ਚੇਤਾਵਨੀ ਦੇ ਰਹੀਆਂ ਹਨ ਕਿ ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਭਵਿੱਖ ਹੋਰ ਵੀ ਖ਼ਤਰਨਾਕ ਹੋ ਸਕਦਾ ਹੈ।

ਜਲਵਾਯੂ ਪਰਿਵਰਤਨ ਦਾ ਅਸਰ ਮਨੁੱਖੀ ਸਿਹਤ ਉੱਤੇ ਵੀ ਪੈ ਰਿਹਾ ਹੈ। ਹਵਾ ਪ੍ਰਦੂਸ਼ਣ ਕਾਰਨ ਦਮਾ, ਦਿਲ ਦੀਆਂ ਬਿਮਾਰੀਆਂ ਅਤੇ ਸਾਹ ਦੀਆਂ ਸਮੱਸਿਆਵਾਂ ਵੱਧ ਰਹੀਆਂ ਹਨ। ਬੇਹੱਦ ਗਰਮੀ ਕਾਰਨ ਹੀਟ ਸਟ੍ਰੋਕ ਅਤੇ ਪਾਣੀ ਦੀ ਕਮੀ ਵਰਗੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ, ਜਿਸ ਕਾਰਨ ਸਮੁੰਦਰ ਦਾ ਪੱਧਰ ਵਧ ਰਿਹਾ ਹੈ ਅਤੇ ਕਈ ਤੱਟੀ ਇਲਾਕਿਆਂ ਲਈ ਖ਼ਤਰਾ ਪੈਦਾ ਹੋ ਗਿਆ ਹੈ।

ਹਰ ਸਾਲ 22 ਅਪ੍ਰੈਲ ਨੂੰ "ਧਰਤੀ ਦਿਵਸ (Earth Day)" ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ ਕਰਨ, ਰੁੱਖ ਲਗਾਉਣ, ਪਲਾਸਟਿਕ ਦੀ ਵਰਤੋਂ ਘਟਾਉਣ ਅਤੇ ਧਰਤੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਸਕੂਲਾਂ, ਕਾਲਜਾਂ, ਸਮਾਜਿਕ ਸੰਸਥਾਵਾਂ ਅਤੇ ਵੱਖ-ਵੱਖ ਦੇਸ਼ਾਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਧਰਤੀ ਦਿਵਸ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਧਰਤੀ ਸਾਡੇ ਪੂਰਵਜਾਂ ਦੀ ਵਿਰਾਸਤ ਹੀ ਨਹੀਂ, ਸਗੋਂ ਸਾਡੇ ਬੱਚਿਆਂ ਦੀ ਅਮਾਨਤ ਵੀ ਹੈ। ਪੰਜਾਬ ਵਿੱਚ ਵੀ ਕਈ ਸਮਾਜ ਸੇਵੀ ਸੰਸਥਾਵਾਂ ਅਤੇ ਵਾਤਾਵਰਣ ਪ੍ਰੇਮੀ ਲੋਕ ਬਹੁਤ ਵਧੀਆ ਕੰਮ ਕਰ ਰਹੇ ਹਨ। ਉਹ ਹਰ ਸਾਲ ਹਜ਼ਾਰਾਂ ਨਵੇਂ ਰੁੱਖ ਲਗਾਉਂਦੇ ਹਨ ਅਤੇ ਪਹਿਲਾਂ ਤੋਂ ਲੱਗੇ ਰੁੱਖਾਂ ਦੀ ਸੰਭਾਲ ਵੀ ਕਰਦੇ ਹਨ। ਰੁੱਖ ਲਗਾਉਣਾ ਜਿੰਨਾ ਜ਼ਰੂਰੀ ਹੈ, ਉਨ੍ਹਾਂ ਨੂੰ ਜੀਵਤ ਰੱਖਣਾ ਉਸ ਤੋਂ ਵੀ ਵੱਧ ਮਹੱਤਵਪੂਰਨ ਹੈ। ਕਈ ਪਿੰਡਾਂ ਵਿੱਚ ਨੌਜਵਾਨ, ਕਿਸਾਨ ਅਤੇ ਸਮਾਜ ਸੇਵੀ ਮਿਲ ਕੇ ਪਿੰਡਾਂ ਨੂੰ ਹਰਿਆ-ਭਰਿਆ ਬਣਾਉਣ ਦੀ ਮੁਹਿੰਮ ਚਲਾ ਰਹੇ ਹਨ। ਇਹ ਸਾਡੇ ਸਾਰਿਆਂ ਲਈ ਮਾਣ ਦੀ ਗੱਲ ਹੈ। ਵਿਦੇਸ਼ਾਂ ਵਿੱਚ, ਖ਼ਾਸ ਕਰਕੇ ਅਮਰੀਕਾ ਵਿੱਚ ਰਹਿੰਦੇ ਪੰਜਾਬੀ ਵੀ ਆਪਣੇ ਪਿੰਡਾਂ ਨਾਲ ਜੁੜੇ ਹੋਏ ਹਨ। ਉਹ ਆਪਣੇ ਪਿੰਡਾਂ ਨਾਲ ਸੰਪਰਕ ਬਣਾਈ ਰੱਖਣ ਅਤੇ ਵਾਤਾਵਰਣ ਸੰਭਾਲ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਉਹ ਆਪਣੇ ਪਿੰਡਾਂ ਦੀਆਂ ਪੰਚਾਇਤਾਂ, ਸਕੂਲਾਂ ਅਤੇ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਰੁੱਖ ਲਗਾਉਣ ਲਈ ਆਰਥਿਕ ਸਹਾਇਤਾ ਦੇ ਸਕਦੇ ਹਨ। ਉਹ ਪਾਣੀ ਬਚਾਉਣ, ਕੂੜਾ-ਕਰਕਟ ਦੀ ਸਹੀ ਸੰਭਾਲ, ਵਰਖਾ ਦੇ ਪਾਣੀ ਨੂੰ ਇਕੱਠਾ ਕਰਨ ਅਤੇ ਪਿੰਡਾਂ ਵਿੱਚ ਸਫ਼ਾਈ ਮੁਹਿੰਮਾਂ ਲਈ ਸਹਿਯੋਗ ਕਰ ਸਕਦੇ ਹਨ। ਹਰ ਪਰਿਵਾਰ ਆਪਣੇ ਪਿੰਡ ਵਿੱਚ ਆਪਣੇ ਪੂਰਵਜਾਂ ਜਾਂ ਆਪਣੇ ਬੱਚਿਆਂ ਦੇ ਨਾਮ 'ਤੇ ਇੱਕ ਛੋਟਾ ਜਿਹਾ ਬਾਗ਼ ਜਾਂ ਰੁੱਖਾਂ ਦੀ ਕਤਾਰ ਵੀ ਲਗਵਾ ਸਕਦਾ ਹੈ। ਇਸ ਨਾਲ ਪਿੰਡ ਹਰਿਆ-ਭਰਿਆ ਵੀ ਬਣੇਗਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਾਫ਼ ਵਾਤਾਵਰਣ ਵੀ ਮਿਲੇਗਾ।




ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਹੋਰ ਵੀ ਕਈ ਤਰੀਕਿਆਂ ਨਾਲ ਪੰਜਾਬ ਨੂੰ ਪ੍ਰਦੂਸ਼ਣ-ਮੁਕਤ ਬਣਾਉਣ ਵਿੱਚ ਮਦਦ ਕਰ ਸਕਦੇ ਹਨ। ਉਹ ਸਕੂਲਾਂ ਵਿੱਚ ਵਾਤਾਵਰਣ ਸੰਬੰਧੀ ਇਨਾਮ ਜਾਂ ਸਕਾਲਰਸ਼ਿਪਾਂ ਸ਼ੁਰੂ ਕਰ ਸਕਦੇ ਹਨ, ਪਿੰਡਾਂ ਵਿੱਚ ਸੂਰਜੀ ਊਰਜਾ (ਸੋਲਰ ਪੈਨਲ) ਲਗਾਉਣ ਲਈ ਸਹਾਇਤਾ ਦੇ ਸਕਦੇ ਹਨ, ਪਲਾਸਟਿਕ-ਮੁਕਤ ਮੁਹਿੰਮਾਂ ਦਾ ਸਮਰਥਨ ਕਰ ਸਕਦੇ ਹਨ, ਪਿੰਡਾਂ ਵਿੱਚ ਕੂੜਾ ਛਾਂਟਣ ਅਤੇ ਰੀਸਾਈਕਲ ਕਰਨ ਲਈ ਡੱਬੇ ਲਗਵਾ ਸਕਦੇ ਹਨ ਅਤੇ ਨੌਜਵਾਨਾਂ ਨੂੰ ਵਾਤਾਵਰਣ ਦੀ ਸੰਭਾਲ ਲਈ ਪ੍ਰੇਰਿਤ ਕਰ ਸਕਦੇ ਹਨ। ਜੇ ਹਰ ਐਨ.ਆਰ.ਆਈ. ਪਰਿਵਾਰ ਹਰ ਸਾਲ ਕੁਝ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਦਾ ਪ੍ਰਬੰਧ ਕਰੇ ਤਾਂ ਕੁਝ ਹੀ ਸਾਲਾਂ ਵਿੱਚ ਪੰਜਾਬ ਦਾ ਵਾਤਾਵਰਣ ਕਾਫ਼ੀ ਸੁਧਰ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜ ਸੌ ਸਾਲ ਪਹਿਲਾਂ ਹੀ ਮਨੁੱਖਤਾ ਨੂੰ ਕੁਦਰਤ ਨਾਲ ਪਿਆਰ ਕਰਨ ਦੀ ਸਿੱਖਿਆ ਦਿੱਤੀ ਸੀ। ਗੁਰੂ ਸਾਹਿਬ ਦਾ ਮਹਾਨ ਸ਼ਲੋਕ ਹੈ-

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥"

ਅਰਥ:ਹਵਾ ਸਾਡੇ ਲਈ ਗੁਰੂ ਵਰਗੀ ਹੈ ਕਿਉਂਕਿ ਇਹ ਸਾਨੂੰ ਜੀਵਨ ਦਿੰਦੀ ਹੈ ਅਤੇ ਸਹੀ ਰਸਤਾ ਦਿਖਾਉਂਦੀ ਹੈ। ਪਾਣੀ ਪਿਤਾ ਵਾਂਗ ਸਾਡਾ ਪਾਲਣ-ਪੋਸ਼ਣ ਕਰਦਾ ਹੈ ਅਤੇ ਧਰਤੀ ਸਾਡੀ ਮਹਾਨ ਮਾਂ ਹੈ, ਜੋ ਸਾਨੂੰ ਭੋਜਨ, ਆਸਰਾ ਅਤੇ ਜੀਵਨ ਲਈ ਲੋੜੀਂਦੀ ਹਰ ਚੀਜ਼ ਪ੍ਰਦਾਨ ਕਰਦੀ ਹੈ। ਦਿਨ ਅਤੇ ਰਾਤ ਦੋ ਦਾਈਆਂ ਵਾਂਗ ਹਨ, ਜਿਨ੍ਹਾਂ ਦੀ ਗੋਦ ਵਿੱਚ ਸਾਰਾ ਸੰਸਾਰ ਆਪਣਾ ਜੀਵਨ ਬਤੀਤ ਕਰਦਾ ਹੈ। ਇਸ ਸ਼ਲੋਕ ਦਾ ਸੰਦੇਸ਼ ਹੈ ਕਿ ਕੁਦਰਤ ਪਰਮਾਤਮਾ ਦੀ ਬਖ਼ਸ਼ਿਸ਼ ਹੈ ਅਤੇ ਇਸ ਦੀ ਰੱਖਿਆ ਕਰਨਾ ਹਰ ਮਨੁੱਖ ਦਾ ਧਾਰਮਿਕ ਅਤੇ ਨੈਤਿਕ ਫ਼ਰਜ਼ ਹੈ।

ਅਸੀਂ ਧਰਤੀ ਨੂੰ ਬਚਾਉਣ ਲਈ ਕਈ ਸੌਖੇ ਪਰ ਪ੍ਰਭਾਵਸ਼ਾਲੀ ਕਦਮ ਚੁੱਕ ਸਕਦੇ ਹਾਂ। ਵੱਧ ਤੋਂ ਵੱਧ ਰੁੱਖ ਲਗਾਉਣੇ ਅਤੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਪਲਾਸਟਿਕ ਦੀ ਵਰਤੋਂ ਘਟਾ ਕੇ ਕੱਪੜੇ ਜਾਂ ਕਾਗਜ਼ ਦੇ ਥੈਲੇ ਵਰਤਣੇ ਚਾਹੀਦੇ ਹਨ। ਪਾਣੀ ਅਤੇ ਬਿਜਲੀ ਦੀ ਬਚਤ ਕਰਨੀ ਚਾਹੀਦੀ ਹੈ। ਜਨਤਕ ਆਵਾਜਾਈ, ਸਾਈਕਲ ਜਾਂ ਪੈਦਲ ਚੱਲਣ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸੂਰਜੀ ਅਤੇ ਪਵਨ ਊਰਜਾ ਦੀ ਵਰਤੋਂ ਵਧਾਉਣੀ ਚਾਹੀਦੀ ਹੈ। ਆਪਣੇ ਆਲੇ-ਦੁਆਲੇ ਸਫ਼ਾਈ ਰੱਖਣੀ ਅਤੇ ਦੂਜਿਆਂ ਨੂੰ ਵੀ ਵਾਤਾਵਰਣ ਦੀ ਰੱਖਿਆ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਛੋਟੇ-ਛੋਟੇ ਯਤਨ ਮਿਲ ਕੇ ਵੱਡਾ ਬਦਲਾਅ ਲਿਆ ਸਕਦੇ ਹਨ। ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਧਰਤੀ ਸਾਡੀ ਮਾਂ ਹੈ ਅਤੇ ਇਸ ਦੀ ਰੱਖਿਆ ਕਰਨਾ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

ਜਲਵਾਯੂ ਪਰਿਵਰਤਨ, ਜੰਗਲੀ ਅੱਗਾਂ, ਹੜ੍ਹ, ਸੋਕੇ ਅਤੇ ਪ੍ਰਦੂਸ਼ਣ ਸਾਨੂੰ ਲਗਾਤਾਰ ਚੇਤਾਵਨੀ ਦੇ ਰਹੇ ਹਨ ਕਿ ਹੁਣ ਸਮਾਂ ਕਾਰਵਾਈ ਕਰਨ ਦਾ ਹੈ। ਆ , ਧਰਤੀ ਦਿਵਸ ਦੇ ਮੌਕੇ 'ਤੇ ਇਹ ਸੰਕਲਪ ਕਰੀਏ ਕਿ ਅਸੀਂ ਆਪਣੇ ਘਰ, ਆਪਣੇ ਪਿੰਡ, ਆਪਣੇ ਪੰਜਾਬ ਅਤੇ ਪੂਰੀ ਧਰਤੀ ਨੂੰ ਹਰਿਆ-ਭਰਿਆ, ਸਾਫ਼ ਅਤੇ ਪ੍ਰਦੂਸ਼ਣ-ਮੁਕਤ ਬਣਾਉਣ ਲਈ ਆਪਣਾ ਯੋਗਦਾਨ ਜ਼ਰੂਰ ਪਾਵਾਂਗੇ।

ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਨੂੰ ਅਪਣਾਉਂਦੇ ਹੋਏ ਕੁਦਰਤ ਦਾ ਸਤਿਕਾਰ ਕਰੀਏ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸੁੰਦਰ, ਸੁਰੱਖਿਅਤ ਅਤੇ ਸਿਹਤਮੰਦ ਧਰਤੀ ਛੱਡ ਕੇ ਜਾਈਏ।

# ਮੋਹਨ ਸਿੰਘ ਮਾਨ ਦੁਆਰਾ ਲਿਖੀ ਗਈ ਦੂਜੀ "ਮਾਤਾ ਧਰਤਿ ਮਹਤੁ" ਬਾਰੇ ਦੋ-ਸ਼ਬਦ

ਸ. ਮੋਹਨ ਸਿੰਘ ਮਾਨ ਦੁਆਰਾ ਲਿਖੀ ਗਈ ਇਹ ਉਹਨਾਂ ਦੀ ਦੂਸਰੀ ਕਿਤਾਬ ਹੈ "ਮਾਤਾ ਧਰਤਿ ਮਹਤੁ" ਸ੍ਰੀ ਜਪੁਜੀ ਸਾਹਿਬ 'ਚੋਂ ਲਈ ਇਸ ਪੰਕਤੀ ਦੇ ਆਧਾਰ ਤੇ ਸਾਰੀ ਕਿਤਾਬ ਲਿਖੀ ਗਈ, ਜਿਸ ਵਿਚ ਸ੍ਰੀ ਜਪੁਜੀ ਸਾਹਿਬ ਦੀ ਇਕ ਪੰਕਤੀ ਲੈ ਕੇ ਉਸ ਨੂੰ ਸਾਇੰਸ ਦੇ ਤਰੀਕੇ ਨਾਲ ਵਿਸਥਾਰ ਸਹਿਤ ਸੌਖੇ ਸ਼ਬਦਾਂ *ਚ ਸਮਝਾਇਆ ਗਿਆ ਹੈ।

206 ਸਫਿਆਂ ਦੇ ਆਧਾਰ 'ਤੇ ਲਿਖੀ ਇਹ ਕਿਤਾਬ ਵਿਚ ਵੰਨ-ਸੁਵੰਨੇ ਕਲਾਕ੍ਰਿਤੀਆਂ ਤੇ ਪੰਛੀਆਂ ਤੇ ਹੋਰ ਤਸਵੀਰਾਂ ਸਹਿਤ ਜ਼ਿੰਦਗੀ ਨੂੰ ਜਿਊਣ ਦਾ 'ਬਲ' ਸਿਖਾਇਆ ਜਾਂਦਾ ਹੈ ਜਾਂ ਇਉਂ ਕਹਿ ਲੂ ਕਿ ਜ਼ਿੰਦਗੀ ਦੇ ਹਰ ਰੰਗ ਨੂੰ ਗੁਰਬਾਣੀ ਦੇ ਆਧਾਰ 'ਤੇ ਸਾਇੰਸੀ ਯੁੱਗ ਕਿਵੇਂ ਜ਼ਿੰਦਗੀ ਬਤੀਤ ਕਰ ਸਕੇ ਤੇ ਧਰਤੀ ਤੇ ਰਹਿ ਕੇ ਕਿਵੇਂ ਇਸ ਨੂੰ ਹਰਿਆ-ਭਰਿਆ, ਸਾਫ-ਸੁਥਰਾ ਤੇ ਧਰਤੀ ਤੇ ਜ਼ਿੰਦਗੀ ਜਿਊਣ ਦਾ ਸੌਖਾ ਤਰੀਕਾ ਦੱਸਦੇ ਹਨ।

ਇਹ ਕਿਤਾਬ ਜਾਣਕਾਰੀ ਨਾਲ ਭਰਪੂਰ, ਭਰੀ ਪਈ ਹੈ ਤੇ ਇਨਸਾਨ ਸਾਇੰਸ ਦੇ ਇਸ ਯੁੱਗ ਵਿਚ ਸਾਇੰਸ ਦੀਆਂ ਬਹੁਤ ਸਾਰੀਆਂ ਜਾਣਕਾਰੀਆਂ ਦਿੰਦੀ ਹੈ। ਹਵਾ, ਪਾਣੀ ਨੂੰ ਬਚਾਉਣ ਲਈ ਉਪਰਾਲੇ ਕਰਨ ਦੀ ਲੋੜ ਹੈ। ਇਹ ਕਿਤਾਬ ਪੰਜਾਬ ਦੀ ਹਰ ਯੂਨੀਵਰਸਿਟੀ 'ਚ ਲੱਗੀ ਹੋਣੀ ਚਾਹੀਦੀ ਹੈ, ਜਿਸ ਨੂੰ ਪੜ੍ਹ ਕੇ ਸਾਡੇ ਬੱਚੇ ਤਰੱਕੀਆਂ ਕਰ ਸਕਦੇ ਹਨ।

'ਪਰਦੇਸ ਟਾਇਮਜ਼' ਵੱਲੋਂ ਲੇਖਕ ਨੂੰ ਸ਼ੁਭ ਇੱਛਾਵਾਂ ਭੇਜਦੇ ਹੋਏ ਉਹਨਾਂ ਦਾ ਧੰਨਵਾਦ ਕਰਦੇ ਜੋ-ਜੋ ਵੀਰ ਉਹਨਾਂ ਦੇ ਸੱਦੇ 'ਤੇ ਇੱਥੇ ਪਹੁੰਚੇ, ਉਹਨਾਂ ਦਾ ਵੀ ਧੰਨਵਾਦ।

ਪਰਦੇਸ ਟਾਇਮਜ਼ ਵੱਲੋਂ ਵੀ ਲੇਖਕ ਨੂੰ ਵਧਾਈਆਂ।

**- ਬਲਬੀਰ ਸਿੰਘ ਐਮ. ਏ.**



ਕਿਤਾਬ ਰਿਲੀਜ਼ ਕਰਦੇ ਹੋਏ ਸਰਬੱਤ ਦਾ ਭਲਾ ਸੁਸਾਇਟੀ ਯੂਨੀਅਨ ਸਿਟੀ, ਕੈਲੇਫੌਰਨੀਆ ਵੱਲੋਂ ਨਰਿੰਦਰ ਸਿੰਘ ਦੁਸਾਂਝ, ਮੋਹਨ ਸਿੰਘ ਮਾਨ, ਕੁੰਦਨ ਸਿੰਘ, ਤਰਸੇਮ ਸਿੰਘ ਟੁੱਟ, ਦਲਬੀਰ ਸਿੰਘ ਹੋਠੀ, ਰਜਿੰਦਰ ਕੁਮਾਰ ਸ਼ਰਮਾ, ਬਲਵਿੰਦਰ ਸਿੰਘ, ਬਲਤੇਜ਼ ਸਿੰਘ ਚਾਹਲ, ਪਰਮਿੰਦਰ ਸਿੰਘ ਢਡਵਾਲ, ਜ਼ਸਵਿੰਦਰ ਸਿੰਘ ਸ਼ੇਰਗਿਲ, ਰਾਜਦੀਪ ਸਿੰਘ ਸ਼ੇਰਗਿਲ, ਹਰਭਜਨ ਸਿੰਘ, ਸ਼ਿਵਚਰਨ ਸਿੰਘ ਸਰਾਂ, ਮੱਖਣ ਸਿੰਘ, ਜਸਬੀਰ ਸਿੰਘ ਝੂਟੀ, ਹਰਕੰਵਲ ਸਿੰਘ, ਜਸਬੀਰ ਸਿੰਘ ਗਿੱਲ, ਸੁਰਜੀਤ ਸਿੰਘ ਮਾਨ, ਜੁਗਿੰਦਰ ਸਿੰਘ, ਅਜਮੇਰ ਸਿੰਘ, ਲੱਕੀ ਚੀਮਾ, ਰਾਮ ਦਿਆਲ, ਰਵਿੰਦਰ ਸਿੰਘ ਬਿੰਦਰਾ, ਰਮੇਸ਼ ਸਿੰਘ ਸ਼ੇਰਗਿਲ, ਬਲਜੀਤ ਸਿੰਘ, ਗੁਰਦੀਪ ਸਿੰਘ, ਅਬਦੁਲ ਰਹੀਮ ਸ਼ੇਖ, ਮਹਿੰਗਾ ਸਿੰਘ ਸੰਧੂ ਅਤੇ ਬਲਬੀਰ ਸਿੰਘ ਐਮ. ਏ.

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

**Harpreet Singh Padam 510-695-6435**

**Gurpreet Singh Padam 510-962-2593**

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

**3143 ARDEN ROAD, HAYWARD, CA- 94545**




# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



**Kashmir Singh Dhugga**

**Gurjeet kaur Dhugga**

kashfabrics@gmail.com

**Kash fabrics**

**29576 Mission Blvd**

**Hayward,CA 94544**

**510-538-1138**



# Quick Lube & Smog

OFFICIAL LAMP ADJUSTING STATION

OFFICIAL BRAKE ADJUSTING STATION

**Auto repair, Diagnostics & Smog Check Station**

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

**SUKHWINDER BHELLA**

**510-757-6775** gogibhella@gmail.com

# TENNYSON AUTO

**Car Sale Service and Repair**

**SUKHWINDER BHELLA, Manager**

tennysonauto1@gmail.com

**510-330-7112, 510-757-6775**

**691 W. Tennyson Rd Hayward, CA 94544**



# Moon Indian Cuisine

MOON indian cuisine

**510-780-9233**

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170


**Over 30 Years Experience in Restaurant & Catering Business**

**ਮੂਨ ਇੰਡੀਅਨ ਕੁਜ਼ੀਨ (ਹੇਵਰਡ)**

600 West Harder Rd. Hayward, CA 94544

Phone (510)780-9233 Fax (510) 780-9812

www.moonindiancuisine.net


MULTI-AWARD WINNING FILM
FROM THE DIRECTOR OF
THE BLACK PRINCE AND SARABHA
KAVI RAZ
A FILM BY KAVI RAZ
THE GOLD BRACELET
KAVI RAZ STUDIOS PRODUCTION
22 WINNER INTERNATIONAL AWARDS
STARRING KAVI RAZ ARCHANA PURAN SINGH
MEHRUNISSA HASSAN ARSH SINGH WITH ARI BARAK SONNY MANDAL AND JOSEPH WHIPP "THE GOLD BRACELET"
EXECUTIVE PRODUCERS INDER DADLANI BHIKHUBHAI PATEL KAVI RAZ WRITTEN, PRODUCED AND DIRECTED BY KAVI RAZ DIRECTOR OF PHOTOGRAPHY JACK CONROY SONGS COMPOSER MICKY NARULA
SONGS COMPOSER AMAN ORIGINAL SCORE BY PETER CARL GANDERUP
SEPTEMBER 11TH
EDITED BY OMI VAIDYA AND CHRIS WORLAND
KR Films HOLLYWOOD
Kodak Motion Picture Film
FILMED WITH PANAVISION CAMERAS & LENSES
DOLBY DIGITAL IN SELECTED THEATRES
color by deluxe
Entertainment Post
TJ SINGH PRODUCTIONS
Marketing & Design Studio




# ਲਗਾਤਾਰ ਬੈਠ ਕੇ ਕੰਮ ਕਰਨ ਵਾਲਿਓ ਹੋ ਜਾਓ ਚੌਕੰਨੇ

ਦਫ਼ਤਰ 'ਚ ਕੰਮ ਵੇਲੇ ਲੋਕਾਂ ਨੂੰ ਲੰਬੇ ਸਮੇਂ ਤੱਕ ਬੈਠਣਾ ਪੈਂਦਾ ਹੈ। ਇਸ ਨਾਲ ਕਮਰ ਦਰਦ ਤੋਂ ਲੈ ਕੇ ਹੋਰ ਕਈ ਤਰ੍ਹਾਂ ਦੀਆਂ ਸਿਹਤ ਸਬੰਧੀ ਪਰੇਸ਼ਾਨੀਆਂ ਹੋਣ ਲੱਗਦੀਆਂ ਹਨ। ਇਕ ਖੋਜ 'ਚ ਪਤਾ ਲੱਗਾ ਹੈ ਕਿ ਲੰਬੇ ਸਮੇਂ ਤੱਕ ਬੈਠੇ ਰਹਿਣ ਨਾਲ ਹੋਣ ਵਾਲੇ ਸਿਹਤ ਸਬੰਧੀ ਨੁਕਸਾਨਾਂ ਨੂੰ ਘੱਟ ਕਰਨ ਲਈ ਹਰ ਘੰਟੇ ਪੰਜ ਮਿੰਟ ਦਾ ਪੈਦਲ ਚੱਲਣਾ ਚੰਗਾ ਇਲਾਜ ਹੈ।

ਇਹ ਵਿਹਾਰਕਤਾ ਤੇ ਪ੍ਰਭਾਵਸ਼ੀਲਤਾ ਵਿਚਕਾਰ ਚੰਗਾ ਸੰਤੁਲਨ ਬਣਾਉਂਦਾ ਹੈ। ਇਹ ਖੋਜ ਬ੍ਰਿਟਿਸ਼ ਜਰਨਲ ਆਫ ਸਪੋਰਟਸ ਮੈਡਿਸਿਨ 'ਚ ਪ੍ਰਕਾਸ਼ਤ ਹੋਈ ਹੈ। ਨਤੀਜਿਆਂ ਤੋਂ ਪਤਾ ਲੱਗਦਾ ਹੈ




ਕਿ ਇਨ੍ਹਾਂ ਛੋਟੇ ਵਕਫ਼ਿਆਂ ਦੇ ਅਸਰ, ਜਿਨ੍ਹਾਂ 'ਚ ਮੂਡ 'ਚ ਸੁਧਾਰ ਤੇ ਥਕਾਨ 'ਚ ਕਮੀ ਸ਼ਾਮਿਲ ਹੈ, ਕੰਮ ਦੇ ਪ੍ਰਦਰਸ਼ਣ ਨੂੰ ਪ੍ਰਭਾਵਿਤ ਨਹੀਂ ਕਰਦੇ। ਅਧਿਐਨ 'ਚ ਸੁਝਾਅ ਦਿੱਤਾ ਗਿਆ ਹੈ ਕਿ ਇਨ੍ਹਾਂ ਉਪਾਵਾਂ ਨੂੰ ਜਨਤਕ ਸਿਹਤ ਰਣਨੀਤੀ ਤੇ ਸਰੀਰਕ ਸਰਗਰਮੀ ਦਿਸ਼ਾ-ਨਿਰਦੇਸ਼ਾਂ 'ਚ ਸ਼ਾਮਲ ਕੀਤਾ ਜਾ ਸਕਦਾ ਹੈ। ਲੰਬੇ ਸਮੇਂ ਤੱਕ ਬੈਠੇ ਰਹਿਣਾ ਵੱਡੀ ਸਿਹਤ ਸਬੰਧੀ ਚਿੰਤਾ ਦੇ ਰੂਪ 'ਚ ਉੱਭਰਿਆ ਹੈ। ਇਸ ਨਾਲ ਮੋਟਾਪੇ, ਸੂਗਰ ਤੇ ਦਿਲ ਦੇ ਰੋਗ ਵਰਗੀਆਂ ਕਈਆਂ ਬਿਮਾਰੀਆਂ ਦੇ ਵਿਕਸਤ ਹੋਣ ਦਾ ਖ਼ਦਸ਼ਾ ਵਧ ਜਾਂਦਾ ਹੈ। ਅਮਰੀਕਾ ਦੀ ਕੋਲੰਬੀਆਂ ਯੂਨੀਵਰਿਸਟੀ ਮੈਡੀਕਲ ਸੈਂਟਰ ਦੇ ਖੋਜੀਆਂ ਨੇ ਕਿਹਾ ਹੈ ਕਿ ਹਾਲਾਂਕਿ ਲੰਬੇ ਸਮੇਂ ਤੱਕ ਗਤੀਹੀਣ ਵਿਹਾਰ ਦੇ ਨੁਕਸਾਨ ਨੂੰ ਘੱਟ ਕਰਨ ਲਈ ਇਕ ਜਨਤਕ ਸਿਹਤ ਰਣਨੀਤੀ ਦੇ ਰੂਪ 'ਚ ਰੈਗੂਲਰ ਤੌਰ 'ਤੇ ਛੋਟੇ-ਛੋਟੇ ਚੱਲਣ-ਫਿਰਣ ਦੇ ਬ੍ਰੇਕ ਤਜਵੀਜ਼ ਕੀਤੇ ਗਏ ਹਨ, ਪਰ ਅਸਲ ਦੁਨੀਆ 'ਚ ਇਸ ਤਰ੍ਹਾਂ ਨਹੀਂ ਹੁੰਦਾ। ਖੋਜੀਆਂ ਨੇ ਲਿਖਿਆ ਹੈ ਕਿ ਖੋਜ ਦੌਰਾਨ ਕਈ ਤਰ੍ਹਾਂ ਦੇ ਵਕਫ਼ਿਆਂ ਬਾਰੇ ਅਧਿਐਨ ਕੀਤਾ ਗਿਆ। ਇਸ 'ਚ 60 ਮਿੰਟ ਬਾਅਦ ਦਾ ਵਕਫ਼ਾ ਸਭ ਤੋਂ ਵੱਧ ਸੰਤੁਲਨ ਦਿੰਦਾ ਹੈ। ਨਤੀਜਿਆਂ ਤੋਂ ਪਤਾ ਲੱਗਿਆ ਕਿ ਇਸ ਤਰ੍ਹਾਂ ਦਾ ਵਕਫ਼ਾ ਲੈਣ ਨਾਲ ਕੰਮ 'ਚ ਪ੍ਰਦਰਸ਼ਣ ਬਿਹਤਰ ਹੁੰਦਾ ਹੈ।

# ਸਮਾਰਟਫ਼ੋਨ ਬਣਾ ਰਹੇ ਹਨ ਡਿਜੀਟਲ ਡਿਮੈਂਸ਼ੀਆ ਦਾ ਸ਼ਿਕਾਰ

ਸਮਾਰਟਫ਼ੋਨ, ਟੈਬਲੇਟ ਤੇ ਲੈਪਟਾਪ ਵਰਗੇ ਡਿਵਾਈਸ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕੇ ਹਨ। ਸਾਡੇ ਕੰਮ ਅਤੇ ਬੱਚਿਆਂ ਦੀ ਪੜ੍ਹਾਈ ਦਾ ਇਹ ਅਹਿਮ ਹਿੱਸਾ ਬਣ ਚੁੱਕੇ ਹਨ, ਪਰ ਸਕ੍ਰੀਨ ਦੇ ਸਾਹਮਣੇ ਘੰਟਿਆਬੱਧੀ ਬਿਤਾਉਣਾ ਸਾਡੇ ਦਿਮਾਗ਼ 'ਤੇ ਅਸਰ ਪਾ ਸਕਦਾ ਹੈ। ਡਾ। ਬਿਪਲਬ ਦਾਸ (ਡਾਇਰੈਕਟਰ- ਨਿਊਰੋਲੋਜੀ ਐਂਡ ਇੰਟਰਵੈਨਸ਼ਨਲ ਨਿਊਰੋਰਾਡੀ ਲੋਜੀ, ਬਤਰਾ ਹਸਪਤਾਲ) ਦੱਸਦੇ ਹਨ ਕਿ ਇਨ੍ਹਾਂ ਡਿਵਾਈਸਾਂ 'ਤੇ ਜ਼ਿਆਦਾ ਨਿਰਭਰ ਰਹਿਣ ਕਰਕੇ ਯਾਦਦਾਸ਼ਤ, ਧਿਆਨ ਲਗਾਉਣ ਦੀ ਸਮਰੱਥਾ ਤੇ ਸੋਚਣ-ਸਮਝਣ ਦੀ ਤਾਕਤ ਨਾਲ ਜੁੜੀਆਂ ਸਮੱਸਿਆਵਾਂ ਹੁੰਦੀਆਂ ਹਨ।

ਇਸ ਨੂੰ ਹੀ ਡਿਜੀਟਲ ਡਿਮੈਂਸ਼ੀਆ ਕਿਹਾ ਜਾਂਦਾ ਹੈ। ਹਾਲਾਂਕਿ, ਇਹ ਕੋਈ ਬਿਮਾਰੀ ਨਹੀਂ ਹੈ, ਸਗੋਂ ਜ਼ਿਆਦਾ ਸਕ੍ਰੀਨ ਟਾਈਮ ਦਾ ਦਿਮਾਗ਼ 'ਤੇ ਹੋਣ ਵਾਲੇ ਅਸਰ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ। ਆ ਜਾਣੀਏ ਇਹ ਕੀ ਸਮੱਸਿਆ ਹੈ ਅਤੇ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ।



### ਸਮਾਰਟਫ਼ੋਨ 'ਤੇ ਵਧਦੀ ਨਿਰਭਰਤਾ ਨਾਲ ਘਟਦਾ ਅਟੈਂਸ਼ਨ ਸਪੈਨ

ਅੱਜਕੱਲ੍ਹ ਲੋਕ ਛੋਟੀ ਤੋਂ ਛੋਟੀ ਗੱਲ ਲਈ ਵੀ ਸਮਾਰਟਫ਼ੋਨ 'ਤੇ ਨਿਰਭਰ ਰਹਿੰਦੇ ਹਨ। ਫ਼ੋਨ ਨੰਬਰ, ਅਪੁਆਇੰਟਮੈਂਟਸ ਜਾਂ ਰੋਜ਼ਮੱਰਾ ਦੇ ਰਸਤੇ ਯਾਦ ਰੱਖਣ ਲਈ ਵੀ ਲੋਕ ਸਮਾਰਟਫ਼ੋਨ ਦੀ ਵਰਤੋਂ ਕਰਦੇ ਹਨ। ਇਸ ਕਾਰਨ ਯਾਦਦਾਸ਼ਤ ਕਮਜ਼ੋਰ ਹੋਣ ਲੱਗਦੀ ਹੈ।

ਇਸ ਤੋਂ ਇਲਾਵਾ, ਦਿਨ ਭਰ 15-20 ਸੈਕੰਡ ਦੇ ਵੀਡੀ ਦੇਖਣਾ, ਡੂਮਸਕ੍ਰੋਲਿੰਗ (ਧੋਮਸਚਰੋਲਲਿਨਗ) ਅਤੇ ਵਾਰ-ਵਾਰ ਫ਼ੋਨ ਦੇ ਨੋਟੀਫਿਕੇਸ਼ਨ ਚੈੱਕ ਕਰਨਾ ਸਾਡੇ ਅਟੈਂਸ਼ਨ ਸਪੈਨ (ਧਿਆਨ ਕੇਂ-ਦਰਿਤ ਕਰਨ ਦੀ ਸਮਰੱਥਾ) ਨੂੰ ਘਟਾ ਦਿੰਦਾ ਹੈ। ਇਸ ਕਾਰਨ ਪੜ੍ਹਾਈ 'ਤੇ ਫੋਕਸ ਕਰਨਾ ਜਾਂ ਕਿਸੇ ਕੰਮ 'ਤੇ ਧਿਆਨ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ। ਇਹ ਸਮੱਸਿਆ ਸਿਰਫ਼ ਇਕ ਵਰਗ ਦੀ ਨਹੀਂ ਹੈ। ਅੱਜ ਬੱਚਿਆਂ ਤੋਂ ਲੈ ਕੇ ਵਡੇਰਿਆਂ ਤਕ, ਹਰ ਕਿਸੇ ਦਾ ਅਟੈਂਸ਼ਨ ਸਪੈਨ ਘਟਦਾ ਜਾ ਰਿਹਾ ਹੈ।

### ਨੀਂਦ 'ਤੇ ਅਸਰ

ਅੱਜਕੱਲ੍ਹ ਲੋਕ ਰਿਲੈਕਸ ਕਰਨ ਲਈ ਦੇਰ ਰਾਤ ਤਕ ਜਾਗ ਕੇ ਸੋਸ਼ਲ ਮੀਡੀਆ ਸਕ੍ਰੋਲ ਕਰਦੇ ਹਨ। ਰਾਤ ਨੂੰ ਫ਼ੋਨ ਦੀ ਵਰਤੋਂ ਸਾਡੇ ਕੁਦਰਤੀ ਸਲੀਪ ਸਾਈਕਲ ਨੂੰ ਵਿਗਾੜ ਦਿੰਦੀ ਹੈ। ਡਿਵਾਈਸ ਤੋਂ ਨਿਕਲਣ ਵਾਲੀ ਬਲੂ ਲਾਈਟ ਸਾਡੇ ਦਿਮਾਗ਼ ਨੂੰ ਰਿਲੈਕਸ ਨਹੀਂ ਹੋਣ ਦਿੰਦੀ, ਜਿਸ ਨਾਲ ਦਿਮਾਗ਼ ਨੂੰ ਸਮਝ ਨਹੀਂ ਆਉਂਦਾ ਕਿ ਸੌਣ ਦਾ ਵੇਲਾ ਹੋ ਗਿਆ ਹੈ। ਨੀਂਦ ਦੀ ਘਾਟ ਕਾਰਨ ਫੋਕਸ ਘਟਦਾ ਹੈ, ਨਵੀਆਂ ਚੀਜ਼ਾਂ ਸਿੱਖਣ ਦੀ ਸਮਰੱਥਾ ਘਟਦੀ ਹੈ ਅਤੇ ਯਾਦਦਾਸ਼ਤ 'ਤੇ ਵੀ ਡੂੰਘਾ ਅਸਰ ਪੈਂਦਾ ਹੈ।

### ਦਿਮਾਗ਼ 'ਤੇ ਸਮਾਰਟਫ਼ੋਨ ਦਾ ਅਸਰ ਘਟਾਉਣ ਲਈ ਕੀ ਕਰੀਏ?

ਸਭ ਤੋਂ ਪਹਿਲਾਂ ਆਪਣੇ ਸਕ੍ਰੀਨ ਟਾਈਮ ਨੂੰ ਸੀਮਤ ਕਰੋ। ਜਦੋਂ ਕੰਮ ਹੋਵੇ, ਸਿਰਫ਼ ਉਦੋਂ ਹੀ ਫ਼ੋਨ ਦੀ ਵਰਤੋਂ ਕਰੋ। ਇਸ ਤੋਂ ਇਲਾਵਾ, ਰੋਜ਼ਾਨਾ ਵਰਜ਼ਿਸ਼, ਸੈਰ, ਬਾਹਰ ਸਮਾਂ ਬਿਤਾਉਣਾ ਅਤੇ ਲੋਕਾਂ ਨਾਲ ਮਿਲਣ-ਜੁਲਣ ਦੀ ਆਦਤ ਅਪਣਾ । ਇਸ ਨਾਲ ਤੁਹਾਡਾ

# ਮਾਈਕ੍ਰੋਵੇਵ 'ਚ ਭੋਜਨ ਗਰਮ ਕਰਨਾ ਸਹੀ ਹੈ ਜਾਂ ਗਲਤ

ਅੱਜ ਕੱਲ੍ਹ ਹਰ ਘਰ ਦੀ ਰਸੋਈ ਵਿੱਚ ਮਾਈਕ੍ਰੋਵੇਵ ਆਸਾਨੀ ਨਾਲ ਦੇਖਿਆ ਜਾਂਦਾ ਹੈ। ਚਾਹੇ ਇਹ ਖਾਣਾ ਗਰਮ ਕਰਨਾ ਹੈ ਜਾਂ ਮਿੰਟਾਂ ਵਿਚ ਖਾਣਾ ਬਣਾਉਣਾ ਹੈ, ਇਸ ਨੇ ਸਾਡੀ ਜ਼ਿੰਦਗੀ ਨੂੰ ਬਹੁਤ ਆਸਾਨ ਬਣਾ ਦਿੱਤਾ ਹੈ। ਹਾਲਾਂਕਿ, ਬਹੁਤ ਸਾਰੇ ਲੋਕਾਂ ਦੇ ਮਨਾਂ ਵਿੱਚ ਅਜੇ ਵੀ ਇੱਕ ਡਰ ਲੁਕਿਆ ਹੋਇਆ ਹੈ ਕਿ ਕੀ ਮਾਈਕ੍ਰੋਵੇਵ ਦੀਆਂ ਕਿਰਨਾਂ ਸਾਡੇ ਭੋਜਨ ਵਿੱਚੋਂ ਸਾਰਾ ਪੋਸ਼ਣ ਚੂਸ ਲੈਂਦੀਆਂ ਹਨ? ਕੀ ਇਸ ਵਿੱਚ ਪਕਾਇਆ ਗਿਆ ਭੋਜਨ ਸਿਹਤ ਲਈ ਹਾਨੀਕਾਰਕ ਹੈ? ਆ ਵਿਗਿਆਨ ਦੀ ਮਦਦ ਨਾਲ ਇਸ ਸੱਚਾਈ ਨੂੰ ਜਾਣਦੇ ਹਾਂ।



ਇਹ ਸਮਝਣ ਲਈ ਕਿ ਮਾਈਕ੍ਰੋਵੇਵ ਸਾਡੇ ਭੋਜਨ ਨਾਲ ਕੀ ਕਰਦਾ ਹੈ, ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਕਿਵੇਂ ਕੰਮ ਕਰਦਾ ਹੈ। ਮਾਈਕ੍ਰੋਵੇਵ ਵਿੱਚ ਊਰਜਾ ਦੀਆਂ ਵਿਸ਼ੇਸ਼ ਤਰੰਗਾਂ ਹੁੰਦੀਆਂ ਹਨ। ਤੁਸੀਂ ਉਹਨਾਂ ਨੂੰ ਰੇਡੀ ਤਰੰਗਾਂ ਦੇ ਛੋਟੇ ਰੂਪਾਂ ਵਜੋਂ ਮੰਨ ਸਕਦੇ ਹੋ। ਇਹ ਤਰੰਗਾਂ ਬਹੁਤ ਚੁਸਤ ਹੁੰਦੀਆਂ ਹਨ ਅਤੇ ਸਿੱਧੇ ਭੋਜਨ ਵਿੱਚ ਮੌਜੂਦ ਪਾਣੀ ਦੇ ਕਣਾਂ ਜਾਂ ਕਣਾਂ ਨਾਲ ਟਕਰਾ ਜਾਂਦੀਆਂ ਹਨ ਜਿਨ੍ਹਾਂ ਦਾ ਇੱਕ ਹਿੱਸਾ ਸਕਾਰਾਤਮਕ ਅਤੇ ਦੂਜਾ ਨੈਗੇਟਿਵ ਹੁੰਦਾ ਹੈ। ਇਨ੍ਹਾਂ ਲਹਿਰਾਂ ਦੇ ਟਕਰਾਉਣ ਕਾਰਨ ਇਹ ਕਣ ਬਹੁਤ ਤੇਜ਼ੀ ਨਾਲ ਕੰਬਣ ਲੱਗਦੇ ਹਨ। ਇਸ ਵਾਈਬ੍ਰੇਸ਼ਨ ਕਾਰਨ ਭੋਜਨ ਦੇ ਅੰਦਰ ਬਹੁਤ ਜ਼ਿਆਦਾ ਗਰਮੀ ਪੈਦਾ ਹੁੰਦੀ ਹੈ ਅਤੇ ਤੁਹਾਡਾ ਭੋਜਨ ਮਿੰਟਾਂ ਵਿੱਚ ਹੀ ਪੱਕ ਜਾਂਦਾ ਹੈ।

ਇਹ ਬਿਲਕੁਲ ਸੱਚ ਹੈ ਕਿ ਜਦੋਂ ਵੀ ਭੋਜਨ ਨੂੰ ਅੱਗ ਜਾਂ ਗਰਮੀ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਇਸ ਦੇ ਕੁਝ ਪੌਸ਼ਟਿਕ ਤੱਤ ਘੱਟ ਜਾਂਦੇ ਹਨ। ਵਿਟਾਮਿਨ ਸੀ ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ। ਇਹ ਗੈਸ 'ਤੇ ਖਾਣਾ ਬਣਾਉਣ ਦੇ ਨਾਲ-ਨਾਲ ਆਮ ਵਨ ਵਿੱਚ ਵੀ ਹੁੰਦਾ ਹੈ। ਪਰ ਦਿਲਚਸਪ ਗੱਲ ਇਹ ਹੈ ਕਿ ਇਸ ਮਾਮਲੇ ਵਿੱਚ ਮਾਈਕ੍ਰੋਵੇਵ ਆਮ ਤਰੀਕਿਆਂ ਨਾਲੋਂ ਬਿਹਤਰ ਹੈ, ਕਿਉਂਕਿ ਮਾਈਕ੍ਰੋਵੇਵ ਵਿੱਚ ਖਾਣਾ ਬਹੁਤ ਜਲਦੀ ਪਕ ਜਾਂਦਾ ਹੈ, ਇਸ ਲਈ ਭੋਜਨ ਨੂੰ ਘੱਟ ਸਮੇਂ ਲਈ ਗਰਮੀ ਦਾ ਸਾਹਮਣਾ ਕਰਨਾ ਪੈਂਦਾ ਹੈ। ਨਤੀਜੇ ਵਜੋਂ, ਵਿਟਾਮਿਨ ਸੀ ਅਤੇ ਹੋਰ ਜ਼ਰੂਰੀ ਤੱਤ ਜੋ ਗਰਮੀ ਨਾਲ ਖਰਾਬ ਹੋ ਜਾਂਦੇ ਹਨ ਮਾਈਕ੍ਰੋਵੇਵ ਵਿੱਚ ਸੁਰੱਖਿਅਤ ਰਹਿੰਦੇ ਹਨ।

ਜੇਕਰ ਤੁਸੀਂ ਸਬਜ਼ੀਆਂ ਨੂੰ ਪਾਣੀ 'ਚ ਭਿ ਕੇ ਗੈਸ 'ਤੇ ਉਬਾਲਦੇ ਹੋ ਤਾਂ ਪੌਸ਼ਟਿਕਤਾ ਦੇ ਲਿਹਾਜ਼ ਨਾਲ ਇਹ ਵੱਡੀ ਗਲਤੀ ਹੋ ਸਕਦੀ ਹੈ। ਬਰੋਕਲੀ ਦੀ ਉਦਾਹਰਨ: ਜੇਕਰ ਤੁਸੀਂ ਬਰੋਕਲੀ ਨੂੰ ਬਹੁਤ ਸਾਰੇ ਪਾਣੀ ਵਿੱਚ ਉਬਾਲਦੇ ਹੋ, ਤਾਂ ਇਸ ਵਿੱਚ ਮੌਜੂਦ 'ਗਲੂਕੋਸੀਨੋਲੇਟ' ਨਾਮਕ ਤੱਤ ਉਸੇ ਪਾਣੀ ਵਿੱਚ ਧੋਤਾ ਜਾਂਦਾ ਹੈ। ਇਹ ਉਹੀ ਤੱਤ ਹੈ ਜੋ ਬਰੋਕਲੀ ਨੂੰ ਆਪਣਾ ਖਾਸ ਸਵਾਦ ਦਿੰਦਾ ਹੈ ਅਤੇ ਕੈਂਸਰ ਨਾਲ ਲੜਨ ਦੀ ਤਾਕਤ ਰੱਖਦਾ ਹੈ।

ਮਾਈਕ੍ਰੋਵੇਵ ਦਾ ਚਮਤਕਾਰ: ਇਸ ਦੀ ਬਜਾਏ ਸਬਜ਼ੀਆਂ ਨੂੰ ਸਟੀਮ ਕਰਨਾ ਸਭ ਤੋਂ ਵਧੀਆ ਹੈ। ਜਦੋਂ ਤੁਸੀਂ ਮਾਈਕ੍ਰੋਵੇਵ ਵਿੱਚ ਥੋੜ੍ਹਾ ਜਿਹਾ ਪਾਣੀ ਪਾ ਕੇ ਸਬਜ਼ੀਆਂ ਨੂੰ ਪਕਾਉਂਦੇ ਹੋ ਤਾਂ ਸਬਜ਼ੀਆਂ ਅੰਦਰੋਂ ਭਾਫ਼ ਵਿੱਚ ਪਕ ਜਾਂਦੀਆਂ ਹਨ। ਇਸ ਵਿਧੀ ਵਿਚ ਗੈਸ 'ਤੇ ਪਕਾਉਣ ਦੇ ਮੁਕਾਬਲੇ ਸਬਜ਼ੀਆਂ ਦੇ ਜ਼ਿਆਦਾਤਰ ਵਿਟਾਮਿਨ ਅਤੇ ਖਣਿਜਾਂ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ।

ਵਿਗਿਆਨ ਦੇ ਅਨੁਸਾਰ, ਸਭ ਤੋਂ ਵਧੀਆ ਖਾਣਾ ਪਕਾਉਣ ਦਾ ਤਰੀਕਾ ਉਹ ਹੈ ਜੋ ਇਹਨਾਂ ਤਿੰਨ ਚੀਜ਼ਾਂ ਨੂੰ ਜੋੜਦਾ ਹੈ:

ਖਾਣਾ ਬਹੁਤ ਜਲਦੀ ਪਕ ਜਾਂਦਾ ਹੈ।

* ਭੋਜਨ ਨੂੰ ਘੱਟੋ-ਘੱਟ ਸਮੇਂ ਲਈ ਗਰਮ ਕੀਤਾ ਜਾਣਾ ਚਾਹੀਦਾ ਹੈ।
* ਖਾਣਾ ਬਣਾਉਣ ਵਿੱਚ ਪਾਣੀ ਦੀ ਵਰਤੋਂ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ।
* ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਤੁਹਾਡਾ ਮਾਈਕ੍ਰੋਵੇਵ ਵਨ ਇਨ੍ਹਾਂ ਤਿੰਨਾਂ ਸ਼ਰਤਾਂ ਨੂੰ 100% ਪੂਰਾ ਕਰਦਾ ਹੈ।

# ਖ਼ਰਾਬ ਨੀਂਦ ਦਿਮਾਗ ਨੂੰ ਕਿੰਨਾ ਨੁਕਸਾਨ ਪਹੁੰਚਾਉਂਦੀ ਹੈ?

ਦਿਮਾਗ ਦੀ ਰਾਤ ਭਰ ਚੱਲਣ ਵਾਲੀ ਸਫਾਈ ਪ੍ਰਣਾਲੀ ਨਾਲ ਜੁੜਿਆ ਇੱਕ ਜੀਨ ਇਹ ਨਿਰਧਾਰਿਤ ਕਰ ਸਕਦਾ ਹੈ ਕਿ ਖਰਾਬ ਨੀਂਦ ਅਲਜ਼ਾਈਮਰ ਨਾਲ ਸੰਬੰਧਿਤ ਦਿਮਾਗ਼ੀ ਬਦਲਾਵਾਂ ਨੂੰ ਕਿੰਨਾ ਪ੍ਰਭਾਵਿਤ ਕਰਦੀ ਹੈ। ਇਹ ਨਤੀਜੇ ਪਿਤਾ ਪੁਰਖੀ ਕਾਰਕਾਂ ਤੇ ਨੀਂਦ ਦੀਆਂ ਆਦਤਾਂ ਦੋਹਾਂ 'ਤੇ ਆਧਾਰਿਤ ਹੋਰ ਨਿੱਜੀ ਰੋਕਥਾਮ ਰਣਨੀਤੀਆਂ ਵੱਲ ਇਸ਼ਾਰਾ ਕਰਦੇ ਹਨ। ਐਡਿਥ ਕੋਵਨ ਯੂਨੀਵਰਸਿਟੀ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਨੀਂਦ ਦੀਆਂ ਆਦਤਾਂ ਅਤੇ ਪਿਤਾ ਪੁਰਖੀ ਕਾਰਕ ਮਿਲ ਕੇ ਅਲਜ਼ਾਈਮਰ ਰੋਗ ਨਾਲ ਜੁੜੇ ਸੁੱਧ ਬਦਲਾਵਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਜੋ ਲੱਛਣ ਸਾਹਮਣੇ ਆਉਣ ਤੋਂ ਕਈ ਸਾਲ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ। ਅਧਿਐਨ 'ਚ ਐਕਵਾਪੋਰਿਨ-4 (ਏਕਿਊਪੀ4) ਜੀਨ ਦੀ ਜਾਂਚ ਕੀਤੀ ਗਈ। ਇਹ ਦਿਮਾਗ਼ 'ਚ ਤਰਲ ਪਦਾਰਥਾਂ ਦੇ ਵਹਾਅ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ, ਜੋ ਦਿਮਾਗ਼ ਦੀ ਕੁਦਰਤੀ ਕਚਰਾ ਨਿਕਾਸ ਪ੍ਰਣਾਲੀ ਦਾ ਸਮਰਥਨ ਕਰਦਾ ਹੈ।

ਦਿਮਾਗ ਦੀ ਗੰਦਗੀ ਨਿਕਾਸ ਦੀ ਪ੍ਰਕਿਰਿਆ ਨੀਂਦ ਦੌਰਾਨ ਖ਼ਾਸ ਕਰ ਕੇ ਸਰਗਰਮ ਹੋ ਜਾਂਦੀ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਅਲਜ਼ਾਈਮਰ ਬੀਮਾਰੀ ਨਾਲ ਜੁੜੇ ਪ੍ਰੋਟੀਨਾਂ ਸਣੇ ਸੰਭਾਵਤ ਤੌਰ 'ਤੇ ਨੁਕਸਾਨ ਪਹੁੰਚਾਉਣ ਵਾਲੇ ਪ੍ਰੋਟੀਨਾਂ ਨੂੰ ਸਾਫ ਕਰਨ 'ਚ ਮਦਦ ਕਰਦੀ ਹੈ। ਖੋਜਕਾਰਾਂ ਨੇ ਦੇਖਿਆ ਕਿ ਨੀਂਦ ਦਾ ਅਸਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਵਿਅਕਤੀ 'ਚ ਏਕਿਊਪੀ4 ਜੀਨ ਦਾ ਕਿਹੜਾ ਵਰਜਨ ਮੌਜੂਦ ਹੈ। ਖੋਜਕਰਤਾ ਡਾ। ਆਇਸ਼ਾ ਮਿਲੀਗਨ ਆਰਮਸਟ੍ਰਾਂਗ ਨੇ ਕਿਹਾ, "ਸਾਡੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਵਿਅਕਤੀਆਂ 'ਚ ਏਕਯੂਪੀ4 ਦੇ ਕੁਝ ਖ਼ਾਸ ਕਿਸਮਾਂ ਮੌਜੂਦ ਸਨ, ਉਨ੍ਹਾਂ 'ਚ ਘੱਟ ਨੀਂਦ ਲੈਣ 'ਤੇ ਦਿਮਾਗ ਦੇ ਗ੍ਰੇ ਮੈਟਰ ਦਾ ਖਾਤਮਾ ਤੇਜ਼ੀ ਨਾਲ ਹੋਇਆ।"

ਇਹ ਸਿਰਫ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਤੁਹਾਡੇ 'ਚ ਕਿਹੜੇ ਜੀਨ ਮੌਜੂਦ ਹਨ, ਬਲਕਿ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਉਹ ਜੀਨ ਤੁਹਾਡੇ ਆਲੇ-ਦੁਆਲੇ ਦੀ ਦੁਨੀਆਂ ਨਾਲ ਕਿਸ ਤਰ੍ਹਾਂ ਪਰਸਪਰ ਕਿਰਿਆ ਕਰਦੇ ਹਨ। ਇੱਕੋ ਕਿਸਮ ਦਾ ਜੀਨ ਵੀ ਕਿਸੇ ਵਿਅਕਤੀ ਦੇ ਸੌਣ ਦੇ ਢੰਗ ਮੁਤਾਬਕ ਸੁਰੱਖਿਆ ਵਾਲਾ ਜਾਂ ਨੁਕਸਾਨਦਾਇਕ ਲੱਗ ਸਕਦਾ ਹੈ। ਇਹ ਮਹੱਤਵਪੂਰਨ ਹੈ, ਕਿਉਂਕਿ ਨੀਂਦ ਉਨ੍ਹਾਂ ਕੁਝ ਕਾਰਕਾਂ 'ਚੋਂ ਇੱਕ ਹੈ ਜਿਸ 'ਤੇ ਵਿਅਕਤੀ ਹਕੀਕਤ 'ਚ ਬਦਲਾਅ ਕਰ ਸਕਦਾ ਹੈ।

ਦਿਮਾਗ਼ ਦੇ ਗ੍ਰੇ ਮੈਟਰ 'ਚ ਯਾਦ ਸ਼ਕਤੀ, ਫ਼ੈਸਲੇ ਕਰਨ, ਰਫਤਾਰ ਤੇ ਹੋਰ ਜ਼ਰੂਰੀ ਕਾਰਜਾਂ 'ਚ ਸ਼ਾਮਲ ਕਈ ਦਿਮਾਗ਼ ਕੋਸ਼ਿਕਾਵਾਂ ਹੁੰਦੀਆਂ ਹਨ। ਗਰੇ ਮੈਟਰ ਦੀ ਮਾਤਰਾ 'ਚ ਕਮੀ ਦਿਮਾਗ਼ 'ਚ ਸੰਰਚਨਾਤਮਕ ਬਦਲਾਅ ਦਾ ਸੂਚਕ ਹੋ ਸਕਦੀ ਹੈ।

# ਸਪੇਨ ਕਿਉਂ ਬਣਦਾ ਹੈ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਸ਼ਿਕਾਰ

ਕੁਝ ਦਿਨ ਪਹਿਲਾਂ ਹਜ਼ਾਰਾਂ ਪਰਵਾਸੀ ਮੋਰੱਕੋ ਤੋਂ ਸਰਹੱਦ ਪਾਰ ਕਰਕੇ ਸਪੇਨ ਦੇ ਸਿਉਟਾ ਪਹੁੰਚੇ ਹਨ, ਜਿਸ ਤੋਂ ਬਾਅਦ ਸਪੇਨ ਦੀ ਸਰਕਾਰ ਨੂੰ ਇਲਾਕੇ ਵਿੱਚ ਸੁਰੱਖਿਆ ਸਥਿਤੀ ਬਣਾਈ ਰੱਖਣ ਲਈ ਫ਼ੌਜ ਬੁਲਾਉਣੀ ਪਈ। ਅਨੁਮਾਨ ਹੈ ਕਿ ਲਗਭਗ 60,000 ਲੋਕ ਉਹ ਹੱਦ ਪਾਰ ਕਰਨ ਵਿੱਚ ਕਾਮਯਾਬ ਰਹੇ ਹਨ ਜੋ ਮੋਰੱਕੋ ਨੂੰ ਅਫ਼ਰੀਕੀ ਇਲਾਕੇ ਵਿੱਚ ਮੌਜੂਦ ਸਪੇਨ ਦੇ ਸ਼ਹਿਰ ਤੋਂ ਵੱਖ ਕਰਦੀ ਹੈ। ਇਹ ਅੰਕੜਾ ਹਾਲੀਆ ਸਾਲਾਂ ਵਿੱਚ ਸਪੇਨ ਦੇ ਸਾਹਮਣੇ ਆਈ ਪਰਵਾਸੀਆਂ ਦੀ ਸਭ ਤੋਂ ਵੱਡੀ ਭੀੜ ਵਿੱਚੋਂ ਇੱਕ ਹੈ। ਸਪੇਨ ਦੇ ਪ੍ਰਧਾਨ ਮੰਤਰੀ ਨੇ ਇਸ ਲਈ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਹ ਗਿਣਤੀ ਉਨ੍ਹਾਂ ਪਰਵਾਸੀਆਂ ਦੀ ਗਿਣਤੀ ਤੋਂ ਵੀ ਵੱਧ ਹੈ, ਜੋ ਪਿਛਲੇ 10 ਸਾਲਾਂ ਵਿੱਚ ਜ਼ਮੀਨੀ ਰਸਤੇ ਸਿਉਟਾ ਅਤੇ ਮੇਲੀਲਾ ਪਹੁੰਚੇ ਹਨ। ਲੰਘੇ ਸ਼ੁੱਕਰਵਾਰ ਦੁਪਹਿਰ ਤੱਕ, ਸਮੁੰਦਰ ਵਿੱਚ ਡੁੱਬਣ ਕਾਰਨ ਘੱਟੋ-ਘੱਟ 57 ਲੋਕਾਂ (ਪਰਵਾਸੀਆਂ) ਦੀ ਮੌਤ ਦੀ ਖ਼ਬਰ ਸੀ।

ਸਿਉਟਾ ਉੱਤਰੀ ਅਫ਼ਰੀਕਾ ਵਿੱਚ ਭੂਮੱਧ ਸਾਗਰ ਉੱਤੇ ਸਥਿਤ ਇੱਕ ਸਪੇਨੀ ਖ਼ੁਦਮੁਖ਼ਤਿਆਰ ਸ਼ਹਿਰ ਹੈ, ਜੋ ਸਟ੍ਰੇਟ ਆਫ਼ ਜਿਬਰਾਲਟਰ ਦੇ ਬਿਲਕੁਲ ਕਿਨਾਰੇ ਉੱਤੇ

ਸਿਉਟਾ ਅਤੇ ਮੇਲੀਲਾ, ਉੱਤਰੀ ਅਫ਼ਰੀਕਾ ਵਿੱਚ ਸਪੇਨ ਦੇ ਦੋ ਇਲਾਕੇ ਹਨ। ਇਨ੍ਹਾਂ ਵਿੱਚ ਸਿਉਟਾ ਵੱਡਾ ਹੈ ਅਤੇ ਮੇਲੀਲਾ ਉਸ ਤੋਂ ਲਗਭਗ 400 ਕਿਲੋਮੀਟਰ ਪੂਰਬ ਵੱਲ ਸਥਿਤ ਹੈ। ਇਹ ਦੋਵੇਂ ਅਫ਼ਰੀਕਾ ਦੇ ਭੂਮੱਧ ਸਾਗਰੀ ਤੱਟ ਉੱਤੇ ਸਥਿਤ ਹਨ। ਇਹ ਦੋਵੇਂ ਖ਼ੁਦਮੁਖ਼ਤਿਆਰ ਸ਼ਹਿਰ ਸਪੇਨ ਦੇ ਹਨ ਅਤੇ ਅਫ਼ਰੀਕਾ ਨਾਲ ਯੂਰਪੀ ਸੰਘ ਦੀ ਇਕਲੌਤੀ ਜ਼ਮੀਨੀ ਸਰਹੱਦ ਬਣਾਉਂਦੇ ਹਨ। 17ਵੀਂ ਸਦੀ ਤੋਂ ਸਪੇਨ ਦੇ ਅਧਿਕਾਰ ਖੇਤਰ ਵਿੱਚ ਰਹੇ ਸਿਉਟਾ ਵਿੱਚ ਇਸਾਈ ਅਤੇ ਮੁਸਲਿਮ ਆਬਾਦੀ ਰਹਿੰਦੀ ਹੈ। ਇੱਥੇ ਸਪੇਨੀ ਅਤੇ ਮੋਰੱਕਨ ਵਸਨੀਕ ਅਤੇ ਸਰਹੱਦ ਪਾਰ ਕੰਮ ਕਰਨ ਵਾਲੇ ਲੋਕ ਵੀ ਰਹਿੰਦੇ ਹਨ, ਜੋ ਕਾਫ਼ੀ ਹੱਦ ਤੱਕ ਮਿਲ-ਜੁਲ ਕੇ ਰਹਿੰਦੇ ਹਨ। ਮੋਰੱਕੋ ਅਧਿਕਾਰਿਤ ਤੌਰ 'ਤੇ ਸਿਉਟਾ ਅਤੇ ਮੇਲੀਲਾ ਨੂੰ ਸਪੇਨ ਦਾ ਇਲਾਕਾ ਨਹੀਂ ਮੰਨਦਾ ਅਤੇ ਆਮ ਤੌਰ 'ਤੇ ਇਨ੍ਹਾਂ ਨੂੰ ਕਬਜ਼ੇ ਵਾਲੇ ਇਲਾਕੇ ਕਹਿੰਦਾ ਹੈ। 1971 ਵਿੱਚ ਸਿਉਟਾ ਵਿੱਚ ਵਾੜ (ਫੈਂਸ) ਲਗਾਉਣ ਦਾ ਕੰਮ ਸ਼ੁਰੂ ਹੋਇਆ। ਇਹ 8 ਕਿਲੋਮੀਟਰ ਲੰਬੀ ਵਾੜ ਧਾਤੂ ਦੀ ਹੈ ਅਤੇ ਕਈ ਵਾਰ ਬਦਲਾਅ ਤੋਂ ਬਾਅਦ ਹੁਣ 10 ਮੀਟਰ ਉੱਚੀ ਹੈ। ਇਸ ਨੂੰ ਇਸ ਲਈ ਲਗਾਇਆ ਗਿਆ ਹੈ ਤਾਂ ਜੋ ਮੋਰੱਕੋ ਦੇ ਇਲਾਕੇ ਤੋਂ ਆਉਣ ਵਾਲੇ ਲੋਕਾਂ ਨੂੰ ਰੋਕਿਆ ਜਾ ਸਕੇ।



ਸਥਿਤ ਹੈ। ਇਹ ਲੰਬੇ ਸਮੇਂ ਤੋਂ ਉਨ੍ਹਾਂ ਪਰਵਾਸੀਆਂ ਲਈ ਇੱਕ ਕ੍ਰਾਸਿੰਗ ਪੁਆਇੰਟ ਰਿਹਾ ਹੈ ਜੋ ਯੂਰਪੀ ਇਲਾਕੇ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦ ਹਨ। ਇਸ ਹਫ਼ਤੇ, ਹਜ਼ਾਰਾਂ ਲੋਕਾਂ ਨੇ ਸਰਹੱਦ ਦੀ ਵਾੜ ਨੂੰ ਪਾਰ ਕੀਤਾ ਜਾਂ ਅਲ-ਤਾਰਾਜਾਲ ਸਰਹੱਦੀ ਬ੍ਰੇਕਵਾਟਰ ਤੋਂ ਤੈਰ ਕੇ ਸਿਉਟਾ ਦੇ ਤੱਟ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ।

### ਗੈਰ-ਕਾਨੂੰਨੀ ਪ੍ਰਵਾਸ ਦਾ ਕਾਰਨ

ਫ਼ਿਲਹਾਲ ਇਹ ਸਪਸ਼ਟ ਨਹੀਂ ਹੈ ਕਿ ਮੋਰੱਕੋ ਤੋਂ ਹੋ ਰਹੇ ਇਸ ਗੈਰ-ਅਧਿਕਾਰਿਤ ਪਰਵਾਸ ਵਿੱਚ ਵਾਧੇ ਦੀ ਵਜ੍ਹਾ ਕੀ ਹੈ ਜਾਂ ਉਸ ਦੇਸ਼ ਦੇ ਅਧਿਕਾਰੀਆਂ ਨੇ ਇਸ ਨੂੰ ਰੋਕਣ ਲਈ ਕਿੰਨੀ ਕੋਸ਼ਿਸ਼ ਕੀਤੀ। ਪੀਪਲਜ਼ ਪਾਰਟੀ ਦੀ ਅਗਵਾਈ ਵਾਲੀ ਸਿਉਟਾ ਦੀ ਸਥਾਨਕ ਸਰਕਾਰ-ਜੋ ਕੇਂਦਰੀ ਸਰਕਾਰ ਦੀ ਸੋਸ਼ਲਿਸਟ ਪਾਰਟੀ ਦਾ ਵਿਰੋਧ ਕਰਦੀ ਹੈ-ਨੇ ਰਾਸ਼ਟਰਪਤੀ ਪੇਦਰੋ ਸਾਂਚੇਜ਼ ਨੂੰ ਰਾਸ਼ਟਰੀ ਐਮਰਜੈਂਸੀ ਐਲਾਨ ਕਰਨ ਲਈ ਕਿਹਾ, ਤਾਂ ਜੋ ਸੰਕਟ ਨਾਲ ਨਜਿੱਠਣ ਲਈ ਅਸਾਧਾਰਣ ਸਰੋਤਾਂ ਤੱਕ ਪਹੁੰਚ ਮਿਲ ਸਕੇ। ਸਰਹੱਦ ਪਾਰ ਕਰਨ ਦੀ ਇਸ ਲਹਿਰ ਦੀ ਕੁਝ ਯੂਰਪੀ ਆਗੂਆਂ ਨੇ ਆਲੋਚਨਾ ਕੀਤੀ, ਜਦਕਿ ਹੋਰਾਂ ਨੇ ਸਪੇਨੀ ਸਰਕਾਰ ਨੂੰ ਮਦਦ ਦੀ ਪੇਸ਼ਕਸ਼ ਕੀਤੀ।

ਬੀਤੇ ਹਫ਼ਤੇ ਸਿਉਟਾ ਵਿੱਚ ਜੋ ਹੋਇਆ, ਉਹ ਕੋਈ ਨਵੀਂ ਸਥਿਤੀ ਨਹੀਂ ਹੈ। ਲਗਭਗ 85,000 ਵਸਨੀਕਾਂ ਵਾਲਾ ਇਹ ਸ਼ਹਿਰ ਹਾਲੀਆ ਸਾਲਾਂ ਵਿੱਚ ਮੈਡਰਿਡ ਅਤੇ ਰਬਾਤ ਦਰਮਿਆਨ ਵੱਡੇ ਕੂਟਨੀਤਿਕ ਸੰਕਟਾਂ ਦਾ ਕੇਂਦਰ ਰਿਹਾ ਹੈ। ਮਈ 2021 ਵਿੱਚ, ਮੋਰੱਕੋ ਸਰਕਾਰ ਨੇ ਆਪਣਾ ਸਰਹੱਦੀ ਕੰਟਰੋਲ ਹਟਾ ਦਿੱਤਾ ਅਤੇ ਮੋਰੱਕੋ ਅਤੇ ਉਪ-ਸਹਾਰਾ ਅਫ਼ਰੀਕੀ ਦੇਸ਼ਾਂ ਦੇ ਲਗਭਗ 8,000 ਲੋਕਾਂ ਨੂੰ ਸਿਰਫ਼ ਦੋ ਦਿਨਾਂ ਵਿੱਚ ਸਿਉਟਾ ਵਿੱਚ ਦਾਖ਼ਲ ਹੋਣ ਦਿੱਤਾ, ਹਾਲਾਂਕਿ ਸਪੇਨੀ ਅਧਿਕਾਰੀਆਂ ਨੇ ਕੋਈ ਅਧਿਕਾਰਿਤ ਅੰਕੜਾ ਨਹੀਂ ਦਿੱਤਾ। ਇਸ ਕਦਮ ਨੂੰ ਮੋਰੱਕੋ ਵੱਲੋਂ ਜਵਾਬੀ ਕਾਰਵਾਈ ਵਜੋਂ ਦੇਖਿਆ ਗਿਆ। ਸਪੇਨ ਨੇ ਪੱਛਮੀ ਸਹਾਰਾ (ਇੱਕ ਵਿਵਾਦਿਤ ਇਲਾਕਾ) ਦੀ ਆਜ਼ਾਦੀ ਦੀ ਮੰਗ ਕਰਨ ਵਾਲੇ ਇੱਕ ਆਗੂ ਨੂੰ ਸਪੇਨ ਦੇ ਹਸਪਤਾਲ ਵਿੱਚ ਇਲਾਜ ਕਰਵਾਉਣ ਦੀ ਇਜਾਜ਼ਤ ਦਿੱਤੀ ਸੀ, ਜਿਸ ਦੇ ਜਵਾਬ ਵਿੱਚ ਮੋਰੱਕੋ ਨੇ ਇਹ ਕਦਮ ਚੁੱਕਿਆ। ਤਣਾਅ ਉਸ ਵੇਲੇ ਘੱਟ ਹੋ ਗਿਆ ਅਤੇ ਸਰਹੱਦ ਉੱਤੇ ਕੰਟਰੋਲ ਮੁੜ ਬਹਾਲ ਹੋ ਗਿਆ, ਜਦੋਂ ਸਪੇਨ ਦੇ ਪ੍ਰਧਾਨ ਮੰਤਰੀ ਨੇ ਪੱਛਮੀ ਸਹਾਰਾ ਬਾਰੇ ਆਪਣੇ ਦੇਸ਼ ਦੇ ਪੁਰਾਣੇ ਰੁਖ਼ ਨੂੰ ਬਦਲ ਦਿੱਤਾ ਅਤੇ ਅਗਲੇ ਸਾਲ ਮੋਰੱਕੋ ਦੇ ਰਾਜਾ ਮੁਹੰਮਦ ਛੇਵੇਂ ਨਾਲ ਮੁਲਾਕਾਤ ਕੀਤੀ। ਸਿਉਟਾ ਅਤੇ ਕੁਝ ਹੱਦ ਤੱਕ ਮੇਲੀਲਾ, ਗੈਰ-ਕਾਨੂੰਨੀ ਤਰੀਕੇ ਨਾਲ ਲੋਕਾਂ ਦੇ ਆਉਣ-ਜਾਣ (ਮਾਈਗ੍ਰੇਸ਼ਨ) ਦੇ ਹੌਟਸਪਾਟ ਕਿਉਂ ਹਨ? ਇਸ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚ ਸਭ ਤੋਂ ਮਹੱਤਵਪੂਰਨ ਹੈ - ਇਨ੍ਹਾਂ ਦੀ ਭੂਗੋਲਿਕ ਸਥਿਤੀ।

ਮੇਲੀਲਾ ਵਿੱਚ ਵੀ ਇਸੇ ਤਰ੍ਹਾਂ ਦੀ ਇੱਕ ਵਾੜ ਹੈ। ਹਾਲਾਂਕਿ ਮਨੁੱਖੀ ਅਧਿਕਾਰ ਸੰਗਠਨਾਂ ਨੇ ਦੋ ਦੇਸ਼ਾਂ ਦਰਮਿਆਨ ਕੰਧ ਬਣਾਉਣ ਨੂੰ ਆਜ਼ਾਦੀ ਨਾਲ ਆਉਣ-ਜਾਣ ਦੇ ਅਧਿਕਾਰ ਦੀ ਉਲੰਘਣਾ ਦੱਸਿਆ ਹੈ, ਪਰ ਸਪੇਨ ਸਰਕਾਰ ਅਤੇ ਯੂਰਪੀ ਸੰਘ ਨੇ ਮਾਈਗ੍ਰੇਸ਼ਨ ਕੰਟਰੋਲ ਅਤੇ ਇਲਾਕੇ ਵਿੱਚ ਸੁਰੱਖਿਆ ਬਣਾਈ ਰੱਖਣ ਲਈ ਸਿਉਟਾ ਦੀ ਵਾੜ ਵਿੱਚ ਕੀਤੇ ਗਏ ਸੁਧਾਰਾਂ ਦਾ ਬਚਾਅ ਕੀਤਾ ਹੈ। ਸਪੇਨ ਦੇ ਰੱਖਿਆ ਮੰਤਰਾਲੇ ਦੇ ਅੰਕੜਿਆਂ ਮੁਤਾਬਕ, ਆਮ ਹਾਲਾਤਾਂ ਵਿੱਚ ਸਿਉਟਾ ਵਿੱਚ ਫ਼ੌਜ ਅਤੇ ਸਿਵਲ ਗਾਰਡ ਦੇ 3,000 ਜਵਾਨ ਤਾਇਨਾਤ ਰਹਿੰਦੇ ਹਨ। ਪਰ ਪਿਛਲੇ ਕੁਝ ਘੰਟਿਆਂ ਵਿੱਚ, ਸਪੇਨ ਸਰਕਾਰ ਨੇ ਹਾਲਾਤ ਨਾਲ ਨਜਿੱਠਣ ਲਈ ਹੋਰ ਫ਼ੌਜੀ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ। ਇੱਥੇ ਹਾਲਾਤ ਕਾਬੂ ਤੋਂ ਬਾਹਰ ਦੱਸੇ ਗਏ ਸੀ, ਹਾਲਾਂਕਿ ਇਸ ਸ਼ੁੱਕਰਵਾਰ ਨੂੰ ਸਥਿਤੀ ਕੁਝ ਹੱਦ ਤੱਕ ਕਾਬੂ ਵਿੱਚ ਰਹੀ।

ਸਿਉਟਾ ਸਪੇਨ ਦਾ ਇੱਕ ਖ਼ੁਦਮੁਖ਼ਤਿਆਰ (ਆਟੋਨੋਮਸ) ਸ਼ਹਿਰ ਹੈ, ਜਿਸ ਦਾ ਖ਼ਾਸ ਕਾਨੂੰਨੀ ਦਰਜਾ 1995 ਦੇ ਆਟੋਨੋਮੀ ਕਾਨੂੰਨ ਤਹਿਤ ਦਿੱਤਾ ਗਿਆ ਹੈ। ਇਸ ਤਰ੍ਹਾਂ ਨਾਲ, ਇਸ ਸ਼ਹਿਰ ਨੂੰ ਸਪੇਨ ਦੀਆਂ ਹੋਰ ਨਗਰ ਪਾਲਿਕਾਵਾਂ ਨਾਲੋਂ ਵੱਧ ਅਧਿਕਾਰ ਮਿਲਦੇ ਹਨ, ਪਰ ਮੈਡਰਿਡ ਜਾਂ ਅੰਡਾਲੂਸੀਆ ਵਰਗੀਆਂ ਖ਼ੁਦਮੁਖ਼ਤਿਆਰ ਕਮਿਊਨਿਟੀਆਂ ਵਾਲੇ ਵਿਸ਼ੇਸ਼ ਅਧਿਕਾਰ ਨਹੀਂ ਮਿਲਦੇ। ਬਹੁਤ ਸਾਰੇ ਪਰਵਾਸੀ ਅਲ ਤਾਰਾਹਲ ਰਾਹੀਂ ਸਿਉਟਾ ਆਉਂਦੇ ਹਨ, ਜੋ ਸਿਉਟਾ ਦੀ ਵਾੜ ਦੇ ਅੰਤ 'ਤੇ ਸਥਿਤ ਇੱਕ ਬੀਚ ਹੈ, ਜਿੱਥੇ ਇੱਕ ਕਸਟਮ ਦਫ਼ਤਰ ਅਤੇ ਇੱਕ ਸਰਹੱਦੀ ਚੈਕਪੋਸਟ ਹੈ। ਇਸ ਹਫ਼ਤੇ ਦੀ ਐਮਰਜੈਂਸੀ ਅਤੇ 2021 ਦੀ ਐਮਰਜੈਂਸੀ, ਦੋਵਾਂ ਵਿੱਚ ਹੀ ਤਾਰਾਹਲ ਬੀਚ ਸਪੇਨ ਦੀ ਧਰਤੀ ਤੱਕ ਪਹੁੰਚਣ ਦੇ ਮੁੱਖ ਟ੍ਰਾਂਜ਼ਿਟ ਪੁਆਇੰਟਾਂ ਵਿੱਚੋਂ ਇੱਕ ਬਣ ਗਈ।

ਸਪੇਨ ਦੇ ਕਾਨੂੰਨ ਮੁਤਾਬਕ, ਜੋ ਪਰਵਾਸੀ ਕਦੇ-ਕਦੇ ਜ਼ਮੀਨੀ ਰਸਤੇ ਆਉਂਦੇ ਹਨ, ਉਨ੍ਹਾਂ ਨੂੰ ਸਿਵਲ ਗਾਰਡ ਜਾਂ ਰੈੱਡ ਕ੍ਰਾਸ ਵਾਲੇ ਦੇਖਦੇ ਹਨ ਅਤੇ ਉਨ੍ਹਾਂ ਨੂੰ ਟੈਂਪਰਰੀ ਫ਼ੋਰੇਨਜ਼ ਅਸਿਸਟੈਂਸ ਸੈਂਟਰ (ਸੀਏਟੀਈ) ਜਾਂ ਟੈਂਪਰਰੀ ਇਮੀਗ੍ਰੈਂਟ ਸਟੇ ਸੈਂਟਰ (ਸੀਈਟੀਆਈ) ਲਿਜਾਇਆ ਜਾਂਦਾ ਹੈ। ਸਮੱਸਿਆ ਇਹ ਹੈ ਕਿ ਇਹ ਸੰਸਥਾਵਾਂ ਇਸ ਹਫ਼ਤੇ ਹੋਈ ਭਾਰੀ ਭੀੜ ਦਾ ਸਾਹਮਣਾ ਨਹੀਂ ਕਰ ਸਕਦੀਆਂ। ਸਪੇਨ ਦੇ ਪ੍ਰਧਾਨ ਮੰਤਰੀ ਪੇਦਰੋ ਸਾਂਚੇਜ਼ ਨੇ ਸ਼ੁੱਕਰਵਾਰ ਨੂੰ ਸਿਉਟਾ ਦੇ ਆਪਣੇ ਦੌਰੇ ਦੌਰਾਨ ਕਿਹਾ, "ਜੋ ਕੁਝ ਹੋਇਆ ਹੈ, ਉਹ ਸਪੇਨ ਦੀ ਖੇਤਰੀ ਅਖੰਡਤਾ ਅਤੇ ਇੱਕ ਸਪੇਨੀ ਸ਼ਹਿਰ ਦੀਆਂ ਸਰਹੱਦਾਂ ਦੀ ਉਲੰਘਣਾ ਹੈ।" ਸਪੇਨ ਦੇ ਗ੍ਰਹਿ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਸਰਹੱਦ ਪਾਰ ਕਰਨ ਵਾਲੇ ਘੱਟੋ-ਘੱਟ 48,000 ਪਰਵਾਸੀ ਪਹਿਲਾਂ ਹੀ ਮੋਰੱਕੋ ਪਰਤ ਚੁੱਕੇ ਹਨ।

# ਪੰਜਾਬ ਦੀ ਖੇਤੀ ਵਿਭਿੰਨਤਾ 'ਚ ਖੜੋਤ ਕਾਰਨ ਵੱਧ ਰਿਹਾ ਸੰਕਟ

ਹਰਵਿੰਦਰ ਸਿੰਘ

ਜਦੋਂ ਗਰਮੀਆਂ ਦਾ ਕਹਿਰ ਉੱਤਰੀ ਭਾਰਤ ਨੂੰ ਆਪਣੀ ਗ੍ਰਿਫ਼ਤ ਵਿੱਚ ਲੈਂਦਾ ਹੈ ਤਾਂ ਪੰਜਾਬ ਇੱਕ ਜਾਣੇ-ਪਛਾਣੇ ਅਤੇ ਅਸੰਤੁਲਿਤ ਢਾਂਚਾਗਤ ਵਿਰੋਧਾਭਾਸ ਵਿੱਚ ਘਿਰਿਆ ਨਜ਼ਰ ਆਉਂਦਾ ਹੈ। ਤਾਪਮਾਨ ਅਕਸਰ 45 ਡਿਗਰੀ ਸੈਂਟੀਗਰੇਡ ਨੂੰ ਪਾਰ ਕਰ ਜਾਂਦਾ ਹੈ, ਜਿਸ ਨਾਲ ਸੂਬੇ ਦਾ ਸਮਾਜਿਕ-ਆਰਥਿਕ ਤਾਣਾ-ਬਾਣਾ ਇੱਕੋ-ਇੱਕ ਸੀਮਿਤ ਸਰੋਤ ਬਿਜਲੀ ਦੀ ਵੰਡ ਨੂੰ ਲੈ ਕੇ ਇੱਕ ਤਰ੍ਹਾਂ ਜੰਗ ਦੇ ਮੈਦਾਨ ਵਿੱਚ ਬਦਲ ਜਾਂਦਾ ਹੈ। ਇੱਕ ਪਾਸੇ ਸ਼ਹਿਰੀ ਕੇਂਦਰ, ਪੇਂਡੂ ਘਰ ਅਤੇ ਲਘੂ ਤੇ ਦਰਮਿਆਨੇ ਉਦਯੋਗ ਬਿਨਾਂ ਕਿਸੇ ਅਗਾਊਂ ਸੂਚਨਾ ਤੋਂ ਲੱਗਣ ਵਾਲੇ ਭਾਰੀ ਬਿਜਲੀ ਕੱਟਾਂ ਦਾ ਸਾਹਮਣਾ ਕਰਦੇ ਹਨ, ਜਿਸ ਨਾਲ ਰੋਜ਼ਾਨਾ ਜੀਵਨ ਪਟੜੀ ਤੋਂ ਉੱਤਰ ਜਾਂਦਾ ਹੈ ਅਤੇ ਉਦਯੋਗਿਕ ਇਕਾਈਆਂ ਦਾ ਕੰਮ ਠੱਪ ਹੋ ਜਾਂਦਾ ਹੈ। ਦੂਜੇ ਪਾਸੇ ਸੂਬੇ ਦਾ ਖੇਤੀਬਾੜੀ ਖੇਤਰ ਝੋਨੇ ਦੀ ਲਵਾਈ ਲਈ ਸਿੰਚਾਈ ਟਿਊਬਵੈੱਲਾਂ ਦੇ ਵਿਸ਼ਾਲ ਨੈੱਟਵਰਕ ਨੂੰ ਚਲਾਉਣ ਵਾਸਤੇ ਨਿਰੰਤਰ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ

ਦੂਜਾ, ਸੁੱਕੇ ਖੇਤਾਂ ਵਿੱਚ ਖੜ੍ਹੇ ਪਾਣੀ ਦੇ ਉਡਣ ਦੀ ਦਰ ਕਈ ਗੁਣਾ ਵਧ ਜਾਂਦੀ ਹੈ। ਝੋਨੇ ਦੇ ਨਵੇਂ ਲਾਏ ਬੂਟਿਆਂ ਨੂੰ 48 ਘੰਟਿਆਂ ਦੇ ਅੰਦਰ ਸੁੱਕਣ ਅਤੇ ਨਸ਼ਟ ਹੋਣ ਤੋਂ ਬਚਾਉਣ ਲਈ ਕਿਸਾਨਾਂ ਨੂੰ ਆਪਣੇ ਟਿਊਬਵੈੱਲ ਇੱਕੋ ਸਮੇਂ ਅਤੇ ਲੰਮੇ ਸਮੇਂ ਲਈ ਚਲਾਉਣੇ ਪੈਂਦੇ ਹਨ। ਮੌਨਸੂਨ ਦੀ ਦੇਰੀ ਕੁਦਰਤ ਨੂੰ ਸਿੰਚਾਈ ਦੇ ਸਮੀਕਰਨ ਵਿੱਚੋਂ ਪੂਰੀ ਤਰ੍ਹਾਂ ਬਾਹਰ ਕਰ ਕੇ ਪੂਰਾ ਹਾਈਡ੍ਰੋਲੋਜੀਕਲ ਬੋਝ ਪਹਿਲਾਂ ਹੀ ਵਰਲੋਡ ਹੋਏ ਬਿਜਲੀ ਗਰਿਡ 'ਤੇ ਪਾ ਦਿੰਦੀ ਹੈ। ਜਦੋਂ ਸੂਬੇ ਦੇ ਸਾਰੇ 14 ਲੱਖ ਟਿਊਬਵੈੱਲ ਇੱਕੋ ਸਮੇਂ ਚੱਲਦੇ ਹਨ ਤਾਂ ਗਰਿਡ ਵਿੱਚ ਵੋਲਟੇਜ ਦੀ ਅਸਥਿਰਤਾ ਅਤੇ ਸਥਾਨਕ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਦਾ ਹੈ। ਇਸ ਨਾਲ ਪੇਂਡੂ ਭਾਈਚਾਰਿਆਂ ਵਿੱਚ ਚਿੰਤਾ ਵਧਦੀ ਹੈ, ਜਿਸ ਨਾਲ ਪਾਵਰਕੌਮ ਦੇ ਦਫ਼ਤਰਾਂ ਅਤੇ ਸਬ-ਸਟੇਸ਼ਨਾਂ ਦੇ ਬਾਹਰ ਕਿਸਾਨਾਂ ਦੇ ਪ੍ਰਦਰਸ਼ਨ ਸ਼ੁਰੂ ਹੋ ਜਾਂਦੇ ਹਨ, ਜੋ ਬਿਜਲੀ ਪ੍ਰਬੰਧਨ ਦੀ ਸਿਆਸਤ ਨੂੰ ਹੋਰ ਗੁੰਝਲਦਾਰ ਬਣਾ ਦਿੰਦੇ ਹਨ।



ਕਰਦਾ ਹੈ।

ਇਹ ਸਾਲਾਨਾ ਟਕਰਾਅ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਮਹਿਜ਼ ਇੱਕ ਮੌਸਮੀ ਕਾਰਗੁਜ਼ਾਰੀ ਦੀ ਅਸਫਲਤਾ ਨਹੀਂ ਹੈ ਸਗੋਂ ਇਹ ਡੂੰਘੇ ਨੀਤੀਗਤ ਜਾਲ ਨੂੰ ਦਰਸਾਉਂਦੀ ਇੱਕ ਅਜਿਹੀ ਖੇਡ ਹੈ, ਜਿੱਥੇ ਤੁਰੰਤ ਆਰਥਿਕ ਹਿੱਤਾਂ ਦੀ ਰਾਖੀ ਲੰਮੇ ਸਮੇਂ ਦੀ ਵਾਤਾਵਰਣਕ ਅਤੇ ਢਾਂਚਾਗਤ ਸਥਿਰਤਾ ਨਾਲ ਸਿੱਧਾ ਸਮਝੌਤਾ ਕਰਦੀ ਹੈ। ਪਾਵਰਕੌਮ ਦੇ ਰਿਕਾਰਡ ਬਿਆਨ ਕਰਦੇ ਹਨ ਕਿ ਝੋਨੇ ਦੇ ਸੀਜ਼ਨ ਦੇ ਸਿਖਰ ਦੌਰਾਨ ਸੂਬੇ ਵਿੱਚ ਬਿਜਲੀ ਦੀ ਕੁੱਲ ਮੰਗ ਲਗਪਗ 17,147 ਮੈਗਾਵਾਟ ਤੱਕ ਪਹੁੰਚ ਜਾਂਦੀ ਹੈ ਜਦੋਂਕਿ ਪੰਜਾਬ ਦੀ ਆਪਣੀ ਅੰਦਰੂਨੀ ਉਤਪਾਦਨ ਸਮਰੱਥਾ ਮਹਿਜ਼ 5,787 ਮੈਗਾਵਾਟ 'ਤੇ ਹੀ ਸਿਮਟ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੇ 11,359 ਮੈਗਾਵਾਟ ਦੇ ਵੱਡੇ ਘਾਟੇ ਨੂੰ ਪੂਰਾ ਕਰਨ ਲਈ ਸੂਬੇ ਨੂੰ ਪੂਰੀ ਤਰ੍ਹਾਂ ਕੇਂਦਰੀ ਗਰਿਡ ਅਤੇ ਬਾਹਰੀ ਸਰੋਤਾਂ ਤੋਂ ਮਹਿੰਗੇ ਭਾਅ 'ਤੇ ਬਿਜਲੀ ਖਰੀਦਣੀ ਪੈਂਦੀ ਹੈ, ਜੋ ਸਪਲਾਈ ਪ੍ਰਬੰਧਨ ਨੂੰ ਬੇਹੱਦ ਚੁਣੌਤੀਪੂਰਨ ਬਣਾ ਦਿੰਦਾ ਹੈ।

ਟਿਊਬਵੈੱਲ ਸਿੰਚਾਈ ਲਈ ਖੇਤੀਬਾੜੀ ਫੀਡਰਾਂ ਨੂੰ ਕਾਨੂੰਨੀ ਤੌਰ 'ਤੇ ਦਿੱਤੀ ਗਈ ਰੋਜ਼ਾਨਾ ਅੱਠ ਘੰਟੇ ਦੀ ਨਿਰੰਤਰ ਬਿਜਲੀ ਸਪਲਾਈ ਦੀ ਗਾਰੰਟੀ ਨੂੰ ਪੂਰਾ ਕਰਨ ਲਈ ਪਾਵਰਕੌਮ ਕੋਲ ਦੂਜੇ ਖੇਤਰਾਂ ਦੀ ਸਪਲਾਈ ਕੱਟਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਸ਼ਹਿਰੀ ਖੇਤਰਾਂ ਵਿੱਚ ਲੰਮੇ ਅਤੇ ਅਣਐਲਾਨੇ ਬਲੈਕਆਊਟ ਹੁੰਦੇ ਹਨ। ਬਿਜਲੀ ਦੀ ਇਹ ਢਾਂਚਾਗਤ ਤਰਜੀਹ ਅਸਲ ਵਿੱਚ ਉਦਯੋਗਿਕ ਅਤੇ ਘਰੇਲੂ ਖੇਤਰਾਂ ਤੋਂ ਸਰੋਤਾਂ ਦਾ ਇੱਕ ਵੱਡਾ ਮੌਸਮੀ ਤਬਾਦਲਾ ਹੈ, ਜੋ ਸਿਰਫ਼ ਵਧੇਰੇ ਪਾਣੀ ਦੀ ਖਪਤ ਕਰਨ ਵਾਲੀ ਫ਼ਸਲੀ ਆਰਥਿਕਤਾ ਨੂੰ ਬਣਾਈ ਰੱਖਣ ਲਈ ਕੀਤਾ ਜਾਂਦਾ ਹੈ। ਇਹ ਨਾਜ਼ੁਕ ਸੰਤੁਲਨ ਉਸ ਸਮੇਂ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ ਜਦੋਂ ਮੌਨਸੂਨ ਦੇਰੀ ਨਾਲ ਆਉਂਦੀ ਹੈ। ਮੌਨਸੂਨ ਦੀ ਦੇਰੀ ਜਾਂ ਬੇਭਰੋਸਗੀ ਇੱਕ ਸਾਧਾਰਨ ਖੇਤੀਬਾੜੀ ਸਮਾਂ-ਸਾਰਣੀ ਨੂੰ ਇੱਕ ਗੰਭੀਰ ਆਰਥਿਕ ਸੰਕਟ ਵਿੱਚ ਬਦਲ ਦਿੰਦੀ ਹੈ। ਮੀਂਹ ਦੀ ਅਣਹੋਂਦ ਕਾਰਨ ਦੋ ਮੁਸ਼ਕਿਲਾਂ ਇੱਕੋ ਸਮੇਂ ਖੜ੍ਹੀਆਂ ਹੁੰਦੀਆਂ ਹਨ। ਇੱਕ, ਬਹੁਤ ਜ਼ਿਆਦਾ ਗਰਮੀ ਅਤੇ ਹੁੰਮਸ ਕਾਰਨ ਘਰੇਲੂ ਅਤੇ ਵਪਾਰਕ ਖਪਤਕਾਰਾਂ ਨੂੰ ਏਅਰ ਕੰਡੀਸ਼ਨਰ ਲਗਾਤਾਰ ਚਲਾਉਣੇ ਪੈਂਦੇ ਹਨ, ਜਿਸ ਨਾਲ ਸ਼ਹਿਰੀ ਖੇਤਰਾਂ ਦੀ ਬਿਜਲੀ ਦੀ ਬੁਨਿਆਦੀ ਮੰਗ ਬੇਤਹਾਸ਼ਾ ਵਧ ਜਾਂਦੀ ਹੈ।

ਪੰਜਾਬ ਸਰਕਾਰ ਇਨ੍ਹਾਂ ਕਮਜ਼ੋਰੀਆਂ ਤੋਂ ਅਣਜਾਣ ਨਹੀਂ ਹੈ। ਖ਼ਰੀਫ਼ ਮੱਕੀ ਪ੍ਰੋਤਸਾਹਨ ਸਕੀਮ ਵਰਗੀਆਂ ਪਹਿਲਕਦਮੀਆਂ ਰਾਹੀਂ ਕਿਸਾਨਾਂ ਨੂੰ ਵਿੱਤੀ ਰਿਆਇਤਾਂ ਅਤੇ ਸਬਸਿਡੀਆਂ (17,500 ਪ੍ਰਤੀ ਹੈਕਟੇਅਰ ਤੱਕ) ਦੇ ਕੇ ਪਾਣੀ ਦੀ ਵੱਧ ਖਪਤ ਕਰਨ ਵਾਲੀਆਂ ਝੋਨੇ ਦੀਆਂ ਕਿਸਮਾਂ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਰ ਵੀ ਮੱਕੀ ਦੀ ਕਾਸ਼ਤ ਹੇਠ ਰਕਬਾ ਮਹਿਜ਼ 66,000 ਹੈਕਟੇਅਰ ਦੇ ਆਸ-ਪਾਸ ਸਥਿਰ ਹੈ, ਜੋ ਕਿ ਸੂਬੇ ਦੇ 31 ਲੱਖ ਹੈਕਟੇਅਰ ਝੋਨੇ ਦੇ ਰਕਬੇ ਦਾ ਇੱਕ ਬਹੁਤ ਹੀ ਛੋਟਾ ਹਿੱਸਾ ਹੈ। ਫ਼ਸਲੀ ਵਿਭਿੰਨਤਾ ਦੀ ਇਹ ਅਸਫਲਤਾ ਕਿਸਾਨਾਂ ਵਿੱਚ ਵਾਤਾਵਰਣਕ ਜਾਗਰੂਕਤਾ ਦੀ ਘਾਟ ਕਾਰਨ ਨਹੀਂ ਸਗੋਂ ਸ਼ੁੱਧ ਆਰਥਿਕ ਤਰਕਸ਼ੀਲਤਾ ਦਾ ਨਤੀਜਾ ਹੈ। ਉਦਾਹਰਣ ਵਜੋਂ, ਪੰਜਾਬ ਦੀਆਂ ਮੰਡੀਆਂ ਵਿੱਚ ਆਉਣ ਵਾਲੇ ਝੋਨੇ ਦੀ ਲਗਪਗ 100 ਫ਼ੀਸਦੀ ਖਰੀਦ ਕੇਂਦਰੀ ਏਜੰਸੀਆਂ ਜਿਵੇਂ ਕਿ ਐੱਫ ਸੀ ਆਈ ਦੁਆਰਾ ਨਿਰਧਾਰਤ ਐੱਮ ਐੱਸ ਪੀ 'ਤੇ ਕੀਤੀ ਜਾਂਦੀ ਹੈ। ਇਹ ਕਿਸਾਨ ਨੂੰ ਪੂਰੀ ਕੀਮਤ ਦੀ ਨਿਸ਼ਚਿਤਤਾ ਅਤੇ ਜ਼ੀਰੋ ਮਾਰਕੀਟ ਜੋਖ਼ਮ ਪ੍ਰਦਾਨ ਕਰਦਾ ਹੈ। ਕੇਂਦਰ ਵੱਲੋਂ ਮੱਕੀ ਲਈ ਅਧਿਕਾਰਤ ਐੱਮ ਐੱਸ ਪੀ ਦਾ ਐਲਾਨ ਕੀਤਾ ਜਾਂਦਾ ਹੈ, ਪਰ ਲੋੜ ਹੈ ਸੂਬੇ ਵਿੱਚ ਬਦਲਵੀਆਂ ਫ਼ਸਲਾਂ ਲਈ ਪ੍ਰਭਾਵਸ਼ਾਲੀ ਸਰਕਾਰੀ ਖਰੀਦ ਢਾਂਚਾ ਕਾਇਮ ਕਰਨ ਦਾ। ਅਜਿਹੇ ਪ੍ਰਬੰਧ ਦੀ ਅਣਹੋਂਦ ਵਜੋਂ ਕਿਸਾਨ ਨਿੱਜੀ ਵਪਾਰੀਆਂ ਅਤੇ ਫੀਡ ਮਿੱਲ ਮਾਲਕਾਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਜਾਂਦੇ ਹਨ, ਜਿੱਥੇ ਮੱਕੀ ਦੀਆਂ ਅਸਲ ਬਜ਼ਾਰੀ ਕੀਮਤਾਂ ਅਕਸਰ ਅਧਿਕਾਰਤ ਐੱਮ ਐੱਸ ਪੀ ਤੋਂ ਕਾਫ਼ੀ ਹੇਠਾਂ ਡਿੱਗ ਜਾਂਦੀਆਂ ਹਨ। ਇਸ ਤੋਂ ਇਲਾਵਾ ਮੱਕੀ ਦਾ ਝਾੜ ਝੋਨੇ ਦੇ ਮੁਕਾਬਲੇ ਪ੍ਰਤੀ ਏਕੜ ਵੀ ਘੱਟ ਹੁੰਦਾ ਹੈ। ਜਦੋਂ ਸਰਕਾਰੀ ਖਰੀਦ ਦੀ ਅਣਹੋਂਦ, ਘੱਟ ਝਾੜ ਅਤੇ ਬਜ਼ਾਰੀ ਕੀਮਤਾਂ ਦੀ ਅਸਥਿਰਤਾ ਨੂੰ ਇਕੱਠਾ ਦੇਖਿਆ ਜਾਵੇ ਤਾਂ ਇੱਕ ਆਮ ਕਿਸਾਨ ਲਈ ਇਹ ਵਿੱਤੀ ਜੋਖ਼ਮ ਅਸਹਿ ਹੋ ਜਾਂਦਾ ਹੈ।

ਇਸ ਨੀਤੀਗਤ ਜੜ੍ਹਤਾ ਦੇ ਲੰਮੇ ਸਮੇਂ ਦੇ ਨਤੀਜੇ ਸਿੱਧੇ ਤੌਰ 'ਤੇ ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਭੁਗਤਣੇ ਪੈ ਰਹੇ ਹਨ। ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਲਈ ਸੂਬੇ ਦੀ ਮੁੱਖ ਫ਼ਸਲ (ਝੋਨਾ) ਅਤੇ ਤਜਵੀਜ਼ਤ ਬਦਲਵੀਂ ਫ਼ਸਲ (ਮੱਕੀ) ਵਿਚਕਾਰ ਸਰੋਤਾਂ ਦੀ ਖਪਤ ਦੇ ਵੱਡੇ ਪਾੜੇ ਨੂੰ ਦੇਖਣਾ ਜ਼ਰੂਰੀ ਹੈ। ਕੇਂਦਰੀ

**(ਬਾਕੀ ਅਗਲੇ ਸਫੇ 'ਤੇ)**

## ਪੰਜਾਬ ਦੀ ਖੇਤੀ ਵਿਭਿੰਨਤਾ 'ਚ ਖੜੋਤ ਕਾਰਨ ਵੱਧ ਰਿਹਾ ਸੰਕਟ

(ਸਫਾ 15 ਦੀ ਬਾਕੀ)

ਭੂ-ਜਲ ਬੋਰਡ ਦੇ ਅਧਿਕਾਰਤ ਅੰਕੜੇ ਭਾਰਤ ਵਿੱਚ ਪੰਜਾਬ ਦੇ ਗੰਭੀਰ ਜਲ ਸੰਕਟ ਦੀ ਹਕੀਕਤ ਨੂੰ ਪੇਸ਼ ਕਰਦੇ ਹਨ। ਰਿਪੋਰਟ ਮੁਤਾਬਿਕ ਪੰਜਾਬ ਵਿੱਚ ਭੂ-ਜਲ ਦੀ ਨਿਕਾਸੀ ਸਾਲਾਨਾ ਰੀਚਾਰਜ ਦੇ ਮੁਕਾਬਲੇ 156.36 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ, ਜਿਸ ਕਾਰਨ ਪੰਜਾਬ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ। ਇਹ ਸਥਿਤੀ ਗੁਆਂਢੀ ਸੂਬਿਆਂ ਜਿਵੇਂ ਕਿ ਰਾਜਸਥਾਨ (147.11 ਫ਼ੀਸਦੀ) ਅਤੇ ਹਰਿਆਣਾ (136.75 ਫ਼ੀਸਦੀ) ਨਾਲੋਂ ਵੀ ਕਿਤੇ ਵੱਧ ਚਿੰਤਾਜਨਕ ਹੈ। ਜਦੋਂ ਅਸੀਂ ਇਸ ਦੀ ਤੁਲਨਾ ਮਹਿਜ਼ 60।63 ਫ਼ੀਸਦੀ ਦੀ ਕੌਮੀ ਔਸਤ ਨਾਲ ਕਰਦੇ ਹਾਂ ਤਾਂ ਸਾਫ਼ ਹੋ ਜਾਂਦਾ ਹੈ ਕਿ ਪੰਜਾਬ ਵਿੱਚ ਪਾਣੀ ਦੀ ਕੁ-ਦਰਤੀ ਪੂਰਤੀ ਨਾਲੋਂ ਉਸ ਦੀ ਖਪਤ ਕਿਸ ਕਦਰ ਅਸੰਤੁਲਿਤ ਰੂਪ ਧਾਰਨ ਕਰ ਚੁੱਕੀ ਹੈ।

ਪੰਜਾਬ ਦਾ ਮੌਜੂਦਾ ਖੇਤੀਬਾੜੀ ਮਾਡਲ ਵਾਤਾਵਰਣਕ ਤੌਰ 'ਤੇ ਦੀਵਾਲੀਆ ਹੋਣ ਕੰਢੇ ਹੈ। ਫ਼ਸਲੀ ਖਪਤ ਦਾ ਵਿਗਿਆਨਕ ਗਣਿਤ ਇਹ ਸਪੱਸ਼ਟ ਕਰਦਾ ਹੈ ਕਿ ਝੋਨੇ ਦੇ ਮੁਕਾਬਲੇ ਮੱਕੀ ਦੀ ਕਾਸ਼ਤ ਨਾਲ ਸਰੋਤਾਂ ਦੀ ਕਿੰਨੀ ਵੱਡੀ ਬੱਚਤ ਹੋ ਸਕਦੀ ਹੈ। ਜਿੱਥੇ ਇੱਕ ਕਿੱਲੋ ਝੋਨਾ ਪੈਦਾ ਕਰਨ ਲਈ 2,200 ਤੋਂ 2,600 ਲਿਟਰ ਪਾਣੀ ਦੀ ਖਪਤ ਹੁੰਦੀ ਹੈ, ਉੱਥੇ ਹੀ ਮੱਕੀ ਲਈ ਮਹਿਜ਼ 550 ਤੋਂ 600 ਲਿਟਰ ਪਾਣੀ ਦੀ ਲੋੜ ਹੁੰਦੀ ਹੈ, ਜੋ ਪ੍ਰਤੀ ਕਿੱਲੋ ਪਾਣੀ ਦੀ ਖਪਤ ਵਿੱਚ ਸਿੱਧੀ 75 ਫ਼ੀਸਦੀ ਦੀ ਕਮੀ ਲਿਆਉਂਦੀ ਹੈ। ਇਸ ਤੋਂ ਇਲਾਵਾ ਝੋਨੇ ਦੀ ਔਸਤ ਮਿਆਦ (140 ਦਿਨ) ਦੇ ਮੁਕਾਬਲੇ ਮੱਕੀ 100 ਦਿਨਾਂ ਵਿੱਚ ਪੱਕ ਜਾਂਦੀ ਹੈ, ਜਿਸ ਨਾਲ ਖੇਤ ਦੀ ਮਿਆਦ 40 ਦਿਨ ਘਟਦੀ ਹੈ। ਝੋਨੇ ਲਈ ਗਰਮੀ ਦੇ ਦਿਨਾਂ ਵਿੱਚ ਕੱਦੂ ਕਰਕੇ ਲਗਾਤਾਰ ਪਾਣੀ ਖੜ੍ਹਾ ਰੱਖਣਾ ਪੈਂਦਾ ਹੈ, ਜਿਸ ਨਾਲ ਵਾਸ਼ਪੀਕਰਨ ਬਹੁਤ ਹੁੰਦਾ ਹੈ ਜਦੋਂਕਿ ਮੱਕੀ ਵਿੱਚ ਸਿਰਫ਼ ਵੱਟਾਂ ਰਾਹੀਂ ਲੋੜ ਅਨੁਸਾਰ ਸਿੰਚਾਈ ਹੁੰਦੀ ਹੈ।

ਇਸ ਬਦਲਾਅ ਦਾ ਸਿੱਧਾ ਅਸਰ ਬਿਜਲੀ ਗਰਿਡ 'ਤੇ ਪੈਂਦਾ ਹੈ, ਝੋਨੇ ਲਈ ਚੱਲਣ ਵਾਲੇ ਉੱਚ-ਹਾਰਸ ਪਾਵਰ ਦੇ ਡੂੰਘੇ ਸਬਮਰਸੀਬਲ ਪੰਪਾਂ ਦੀ ਥਾਂ ਘੱਟ-ਹਾਰਸ ਪਾਵਰ ਦੇ ਸਤਹੀ ਪੰਪਾਂ ਦੀ ਵਰਤੋਂ ਪਾਵਰਕੌਮ ਦੀ ਰੋਜ਼ਾਨਾ ਦੀ ਖੇਤੀਬਾੜੀ ਬੇਸਲੋਡ ਮੰਗ ਨੂੰ ਭਾਰੀ ਮਾਤਰਾ ਵਿੱਚ ਘਟਾ ਸਕਦੀ ਹੈ, ਜੋ ਗਰਮੀਆਂ ਦੀ ਸਿਖਰਲੀ ਮੰਗ ਅਤੇ ਘਰੇਲੂ ਬਿਜਲੀ ਕੱਟਾਂ ਦੇ ਸੰਕਟ ਨੂੰ ਦੂਰ ਕਰੇਗਾ।

ਇਨ੍ਹਾਂ ਸਪੱਸ਼ਟ ਲਾਭਾਂ ਦੇ ਬਾਵਜੂਦ ਕਈ ਜ਼ਿਲ੍ਹਿਆਂ ਵਿੱਚ ਪਾਣੀ ਦਾ ਪੱਧਰ ਸਾਲਾਨਾ 0।5 ਤੋਂ 1 ਮੀਟਰ ਤੱਕ ਹੇਠਾਂ ਜਾ ਰਿਹਾ ਹੈ ਕਿਉਂਕਿ ਪੰਜਾਬ ਦੇ 73 ਫ਼ੀਸਦੀ ਝੋਨੇ ਦੇ ਖੇਤ ਟਿਊਬਵੈੱਲਾਂ 'ਤੇ ਨਿਰਭਰ ਹਨ। ਇਹ ਇੱਕ ਵਿਨਾਸ਼ਕਾਰੀ ਚੱਕਰ ਬਣਾਉਂਦਾ ਹੈ: ਪਾਣੀ ਦਾ ਪੱਧਰ ਡਿੱਗਣ ਨਾਲ ਕਿਸਾਨ ਹੋਰ ਡੂੰਘੇ ਬੋਰ ਕਰਨ ਅਤੇ ਵੱਡੀਆਂ ਮੋਟਰਾਂ ਲਗਾਉਣ ਲਈ ਮਜਬੂਰ ਹੁੰਦੇ ਹਨ, ਜੋ ਮੁਫ਼ਤ ਅਤੇ ਸਬਸਿਡੀ ਵਾਲੀ ਬਿਜਲੀ ਦੀ ਵਧੇਰੇ ਖਪਤ ਕਰਦੀਆਂ ਹਨ। ਪਾਣੀ ਦੀ ਮਾਤਰਾ ਤੋਂ ਇਲਾਵਾ ਇਸ ਬੇਤਹਾਸ਼ਾ ਨਿਕਾਸੀ ਨੇ ਗੁਣਵੱਤਾ ਦਾ ਗੰਭੀਰ ਸੰਕਟ ਖੜ੍ਹਾ ਕੀਤਾ ਹੈ। ਕੇਂਦਰੀ ਭੂ-ਜਲ ਬੋਰਡ ਦੇ ਮੁਲਾਂਕਣਾਂ ਅਨੁਸਾਰ ਪੰਜਾਬ ਵਿੱਚ 53 ਫ਼ੀਸਦੀ ਤੋਂ ਵੱਧ ਭੂ-ਜਲ ਸੈਂਪਲਾਂ ਵਿੱਚ ਯੂਰੇਨੀਅਮ ਦੀ ਮਾਤਰਾ ਸੁਰੱਖਿਅਤ ਸੀਮਾ (30 ਪਾਰਟਸ ਪ੍ਰਤੀ ਬਿਲੀਅਨ) ਤੋਂ ਵੱਧ ਹੈ, ਜੋ ਦੇਸ਼ ਵਿੱਚ ਸਭ ਤੋਂ ਉੱਚੀ ਤੀਬਰਤਾ ਹੈ। ਪੰਜਾਬ ਵਿੱਚ ਗਰਮੀ ਦੇ ਬਿਜਲੀ ਕੱਟ ਅਤੇ ਸੁੱਕ ਰਹੇ ਜਲ-ਸਰੋਤ ਇੱਕੋ ਢਾਂਚਾਗਤ ਸਮੱਸਿਆ ਦੇ ਲੱਛਣ ਹਨ: ਇੱਕ ਪੁਰਾਣਾ ਕਣਕ-ਝੋਨੇ ਦਾ ਫ਼ਸਲੀ ਚੱਕਰ, ਜੋ ਆਪਣੀ ਆਰਥਿਕ ਉਪਯੋਗਤਾ ਪੂਰੀ ਕਰ ਚੁੱਕਾ ਹੈ।

ਇਸ ਸੰਕਟ ਨੂੰ ਸ਼ਹਿਰੀ ਸਹੂਲਤਾਂ ਬਨਾਮ ਖੇਤੀਬਾੜੀ ਦੀ ਲੋੜ ਦੇ ਟਕਰਾਅ ਵਜੋਂ ਦੇਖਣਾ ਗ਼ਲਤ ਹੈ। ਕਿਸਾਨ, ਖਪਤਕਾਰ ਅਤੇ ਬਿਜਲੀ ਅਧਿਕਾਰੀ ਸਾਰੇ ਇੱਕ ਨੁਕਸਦਾਰ ਪ੍ਰੋਤਸਾਹਨ ਢਾਂਚੇ ਦੇ ਅੰਦਰ ਰਹਿ ਕੇ ਫ਼ੈਸਲੇ ਲੈ ਰਹੇ ਹਨ। ਸੱਚੀ ਖੇਤੀਬਾੜੀ ਵਿਭਿੰਨਤਾ ਮਾਮੂਲੀ ਸਬਸਿਡੀਆਂ ਰਾਹੀਂ ਹਾਸਲ ਨਹੀਂ ਕੀਤੀ ਜਾ ਸਕਦੀ।

ਇਸ ਤਾਲਾਬੰਦੀ ਨੂੰ ਤੋੜਨ ਲਈ ਪੰਜਾਬ ਨੂੰ ਅਜਿਹੇ ਢਾਂਚਾਗਤ ਬਦਲਾਅ ਦੀ ਲੋੜ ਹੈ, ਜੋ ਮੰਡੀਆਂ ਵਿੱਚ ਕਿਸਾਨਾਂ ਦੀ ਮਾਰਕੀਟ ਅਸੁਰੱਖਿਆ ਨੂੰ ਹੱਲ ਕਰੇ। ਇਸ ਲਈ ਕਾਨੂੰਨੀ ਜਾਂ ਤਿਕੋਣੀ ਕੰਟਰੈਕਟ ਫਾਰਮਿੰਗ ਦੀਆਂ ਗਾਰੰਟੀਆਂ (ਜੋ ਪ੍ਰੋਸੈਸਿੰਗ ਉਦਯੋਗ ਪ੍ਰਦਾਨ ਕਰਨ), ਮੱਕੀ ਅਤੇ ਦਾਲਾਂ ਵਰਗੇ ਪਾਣੀ ਬਚਾਉਣ ਵਾਲੇ ਬਦਲਾਂ ਲਈ ਸਰਕਾਰੀ ਖਰੀਦ ਨੂੰ ਸੰਸਥਾਗਤ ਰੂਪ ਦੇਣਾ ਅਤੇ ਨਹਿਰੀ ਸਿੰਚਾਈ ਢਾਂਚੇ ਦੇ ਪੁਨਰ-ਸੁਰਜੀਤੀ ਕਾਰਜਾਂ ਵਿੱਚ ਤੇਜ਼ੀ ਲਿਆਉਣਾ ਲਾਜ਼ਮੀ ਹੈ। ਜਦੋਂ ਤੱਕ ਬਦਲਵੀਆਂ ਫ਼ਸਲਾਂ ਦੇ ਬਾਜ਼ਾਰੀ ਜੋਖ਼ਮ ਨੂੰ ਖ਼ਤਮ ਨਹੀਂ ਕੀਤਾ ਜਾਂਦਾ ਉਦੋਂ ਤੱਕ ਪੰਜਾਬ ਹੀਟ ਵੇਵ, ਬਲੈਕਆਊਟ ਅਤੇ ਡਿੱਗਦੇ ਪਾਣੀ ਦੇ ਪੱਧਰ ਦੇ ਮੌਸਮੀ ਚੱਕਰ ਵਿੱਚ ਫਸਿਆ ਰਹੇਗਾ, ਜਿਸ ਦੀ ਕੀਮਤ ਅਸੀਂ ਅੱਜ ਦੀ ਖੇਤੀਬਾੜੀ ਭਰਪੂਰਤਾ ਬਦਲੇ ਭਲਕੇ ਦੇ ਵਾਤਾਵਰਣਕ ਦੀਵਾਲੀਏਪਣ ਨਾਲ ਚੁਕਾਵਾਂਗੇ।

# ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿਚ ਧਰਨੇ ਅਤੇ ਰੈਲੀਆਂ ਦੀ ਭਰਮਾਰ

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪੰਜ ਸਾਲਾ ਕਾਰਜਕਾਲ ਹੁਣ ਆਖਰੀ ਗੇੜ ਵਿੱਚ ਦਾਖ਼ਲ ਹੋ ਚੁੱਕਾ ਹੈ। ਇੱਕ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਆਪਣੇ ਸਾਰੇ ਵਾਅਦੇ ਅਤੇ ਗਰੰਟੀਆਂ ਪੂਰੀਆਂ ਕਰਨ ਦੇ ਦਾਅਵੇ ਕਰ ਰਹੇ ਹਨ ਦੂਜੇ ਪਾਸੇ ਲਗਭਗ ਹਰ ਕੁਝ ਦਿਨ ਬਾਅਦ ਕੋਈ ਨਾ ਕੋਈ ਧਿਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੀ ਹੈ। ਮੌਜੂਦਾ ਸਮੇਂ ਪੰਜਾਬ ਵਿੱਚ ਵੱਖ-ਵੱਖ ਕੱਚੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ, ਸਰਕਾਰੀ ਮੁਲਾਜ਼ਮ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਵੱਲੋਂ ਕਈ ਮੁੱਖ ਮੁੱਦਿਆਂ ਨੂੰ ਲੈ ਕੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਰੋਸ ਪ੍ਰਦਰਸ਼ਨ, ਧਰਨੇ ਅਤੇ ਇੱਥੋਂ ਤੱਕ ਕਿ 'ਪੰਜਾਬ ਬੰਦ' ਦੇ ਸੱਦੇ ਦਿੱਤੇ ਜਾ ਰਹੇ ਹਨ।

ਹਾਲਾਂਕਿ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਖ਼ਾਸ ਗੱਲ ਇਹ ਹੈ ਕਿ ਇਸ ਸਮੇਂ ਦੌਰਾਨ ਜ਼ਿਆਦਾਤਰ ਰੋਸ ਪ੍ਰਦਰਸ਼ਨ ਰੁਜ਼ਗਾਰ, ਵਿੱਤੀ ਸੁਰੱਖਿਆ, ਵਿਦਿਆਰਥੀ ਵਰਗ ਦੇ ਹਿੱਤਾਂ ਦੀ ਰਾਖੀ ਦੀ ਮੰਗ ਨੂੰ ਲੈ ਕੇ ਜ਼ਿਆਦਾ ਦੇਖੇ ਜਾ ਰਹੇ ਹਨ। ਦਿੱਲੀ ਦੇ ਜੰਤਰ-ਮੰਤਰ 'ਤੇ ਨੀਟ ਪੇਪਰ ਲੀਕ ਖ਼ਿਲਾਫ਼ ਹੋਏ ਨੌਜਵਾਨਾਂ ਦੇ ਪ੍ਰਦਰਸ਼ਨ ਤੋਂ ਬਾਅਦ ਪੰਜਾਬ ਵਿੱਚ ਵੀ ਪੇਪਰ ਬੇਨਿਯਮੀਆਂ ਦਾ ਮੁੱਦਾ ਗੂੰਜਣ ਲੱਗ ਗਿਆ ਹੈ। ਇਸਦੇ ਖ਼ਿਲਾਫ਼ ਪੰਜਾਬ ਦੇ ਫਰੀਦਕੋਟ ਸ਼ਹਿਰ ਤੋਂ ਦਿੱਲੀ ਦੇ ਸੰਸਦ ਭਵਨ ਤੱਕ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਹੋ ਰਹੇ ਹਨ। ਇਸ ਤੋਂ ਇਲਾਵਾ ਪ੍ਰਦਰਸ਼ਨਾਂ ਦੌਰਾਨ ਪੰਜਾਬ ਪੁਲਿਸ ਦੀ ਕਾਰਵਾਈ 'ਤੇ ਵੀ ਸਵਾਲ ਉੱਠ ਰਹੇ ਹਨ, ਜਿਨ੍ਹਾਂ ਵਿੱਚ ਸਭ ਤੋਂ ਵੱਡੀ ਉਦਾਹਰਣ ਬਰਨਾਲਾ ਵਿੱਚ ਸਫਾਈ ਸੇਵਕਾਂ ਦੇ ਧਰਨੇ ਦੌਰਾਨ ਔਰਤਾਂ 'ਤੇ ਹੋਏ ਲਾਠੀਚਾਰਜ ਦਾ ਮੁੱਦਾ ਹੈ, ਜਿਸਨੂੰ ਲੈ ਕੇ 30 ਜੁਲਾਈ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ।



### ਸਫਾਈ ਮੁਲਾਜ਼ਮਾਂ ਦਾ 'ਪੰਜਾਬ ਬੰਦ'

ਵੀਰਵਾਰ ਨੂੰ ਸਫਾਈ ਮੁਲਾਜ਼ਮਾਂ ਅਤੇ ਵਾਲਮੀਕਿ ਭਾਈਚਾਰੇ ਵੱਲੋਂ 'ਪੰਜਾਬ ਬੰਦ' ਦਾ ਸੱਦਾ ਦਿੱਤਾ ਗਿਆ ਸੀ। ਇਸ ਨੂੰ ਕੁਝ ਹੋਰ ਟ੍ਰੇਡ ਯੂਨੀਅਨਾਂ ਅਤੇ ਵਪਾਰ ਮੰਡਲਾਂ ਨੇ ਵੀ ਸਮਰਥਨ ਦਿੱਤਾ। ਪ੍ਰਦਰਸ਼ਨਕਾਰੀਆਂ ਮੁਤਾਬਕ ਪੰਜਾਬ ਬੰਦ ਦਾ ਮੁੱਖ ਕਾਰਨ ਕੁਝ ਦਿਨ ਪਹਿਲਾਂ ਬਰਨਾਲਾ ਵਿਖੇ ਸਫ਼ਾਈ ਮੁਲਾਜ਼ਮਾਂ 'ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਰੋਸ ਜ਼ਾਹਰ ਕਰਨਾ ਹੈ। ਇਸ ਤੋਂ ਇਲਾਵਾ ਪ੍ਰਦਰਸ਼ਨਕਾਰੀ ਪੰਜਾਬ ਸਰਕਾਰ ਤੋਂ ਲਾਠੀਚਾਰਜ ਕਰਨ ਵਾਲੇ ਪੁਲਿਸ ਅਫ਼ਸਰਾਂ ਖ਼ਿਲਾਫ਼ ਕਾਰਵਾਈ ਕਰਨ, ਸਫ਼ਾਈ ਮੁਲਾਜ਼ਮ ਨੂੰ ਪੱਕੇ ਕਰਨ ਅਤੇ ਤਨਖ਼ਾਹਾਂ ਵਧਾਉਣ ਦੀ ਮੰਗ ਕਰ ਰਹੇ ਹਨ। ਸਫ਼ਾਈ ਸੇਵਕ ਯੂਨੀਅਨ ਦੇ ਸੱਦੇ 'ਤੇ ਹੋਏ ਪੰਜਾਬ ਬੰਦ ਨੂੰ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ। ਪੰਜਾਬ ਬੰਦ ਦਾ ਜ਼ਿਆਦਾਤਰ ਅਸਰ ਬਰਨਾਲਾ, ਅੰਮ੍ਰਿਤਸਰ, ਲੁਧਿਆਣਾ, ਹੁਸ਼ਿਆਰਪੁਰ, ਸੰਗਰੂਰ, ਗੁਰਦਾਸਪੁਰ ਅਤੇ ਪਟਿਆਲਾ ਵਿੱਚ ਦੇਖਣ ਨੂੰ ਮਿਲਿਆ।

ਇਨ੍ਹਾਂ ਜ਼ਿਲ੍ਹਿਆਂ ਦੇ ਵੱਡੇ ਸ਼ਹਿਰਾਂ ਵਿੱਚ ਮੁੱਖ ਬਾਜ਼ਾਰ ਜ਼ਿਆਦਾਤਰ ਬੰਦ ਰਹੇ, ਜਦਕਿ ਨਗਰ ਨਿਗਮ ਦਫ਼ਤਰਾਂ ਦੇ ਸਾਹਮਣੇ ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤੇ। ਹਾਲਾਂਕਿ, ਪੰਜਾਬ ਬੰਦ ਦੇ ਸੱਦੇ ਤੋਂ ਤਿੰਨ ਦਿਨ ਪਹਿਲਾਂ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਪੰਜ ਸਾਲ ਦੀ ਨੌਕਰੀ ਪੂਰੀ ਕਰ ਚੁੱਕੇ ਠੇਕੇ 'ਤੇ ਕੰਮ ਕਰ ਰਹੇ ਸਫ਼ਾਈ ਮੁਲਾਜ਼ਮਾਂ ਨੂੰ ਨਿਯਮਤ ਕਰਨ ਅਤੇ 1 ਅਗਸਤ 2026 ਤੋਂ ਠੇਕੇ 'ਤੇ ਕੰਮ ਕਰ ਰਹੇ ਸਫ਼ਾਈ ਕਰਮਚਾਰੀਆਂ ਦੀ ਮਹੀਨਾਵਾਰ ਤਨਖ਼ਾਹ 20,520 ਰੁਪਏ ਕਰਨ ਦਾ ਐਲਾਨ ਕੀਤਾ ਸੀ। ਬਰਨਾਲਾ ਵਿਖੇ ਸਫ਼ਾਈ ਕਰਮਚਾਰੀਆਂ (ਮਰਦ ਅਤੇ ਔਰਤਾਂ) 'ਤੇ ਹੋਏ ਲਾਠੀਚਾਰਜ ਮਾਮਲੇ ਵਿੱਚ ਸਰਕਾਰ ਨੇ ਡੀਐੱਸਪੀ ਸਤਵੀਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਸੀ। ਪਰ ਇਸ ਦੇ ਬਾਵਜੂਦ ਸਫ਼ਾਈ ਕਰਮਚਾਰੀਆਂ ਨੇ ਪੰਜਾਬ ਸਰਕਾਰ ਦੇ ਖ਼ਿਲਾਫ਼ 30 ਜੁਲਾਈ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਅਤੇ ਪੂਰੇ ਪੰਜਾਬ ਵਿੱਚ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤੇ।

### ਆਮ ਆਦਮੀ ਕਲੀਨਿਕ ਡਾਕਟਰਾਂ ਦੇ ਧਰਨੇ

ਪੰਜਾਬ ਸਰਕਾਰ ਲਈ ਉਸ ਵੇਲੇ ਵੱਡੀ ਮੁਸ਼ਕਲ ਖੜ੍ਹੀ ਹੋ ਗਈ, ਜਦੋਂ ਹੋਰ ਜਥੇਬੰਦੀਆਂ ਦੇ ਨਾਲ-ਨਾਲ ਆਮ ਆਦਮੀ ਕਲੀਨਿਕ ਦੇ ਕਰਮਚਾਰੀਆਂ ਨੇ ਤਨਖ਼ਾਹਾਂ ਨਾ ਵਧਣ ਕਾਰਨ ਸਰਕਾਰ ਖ਼ਿਲਾਫ਼ ਹੜਤਾਲ ਸ਼ੁਰੂ ਕਰ ਦਿੱਤੀ।

27 ਜੁਲਾਈ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਆਮ ਆਦਮੀ ਕਲੀਨਿਕਾਂ ਵਿੱਚ ਕੰਮ ਕਰਦੇ ਡਾਕਟਰਾਂ, ਸਟਾਫ਼ ਨਰਸਾਂ ਅਤੇ ਹੋਰ ਕਰਮਚਾਰੀਆਂ ਨੇ ਆਪਣੀਆਂ ਸੇਵਾਵਾਂ ਨੂੰ ਰੇਗੂਲਰ ਕਰਨ, ਨੌਕਰੀ ਦੀ ਸੁਰੱਖਿਆ ਅਤੇ ਤਨਖ਼ਾਹਾਂ ਤੇ ਇੰਸੈਂਟਿਵ ਵਧਾਉਣ ਦੀ ਮੰਗ ਨੂੰ ਲੈ ਕੇ ਹੜਤਾਲ ਕੀਤੀ ਸੀ। ਇਸ ਹੜਤਾਲ ਵਿੱਚ ਮੁੱਖ ਤੌਰ 'ਤੇ ਮੈਡੀਕਲ ਅਫ਼ਸਰ, ਫਾਰਮੇਸੀ ਅਫ਼ਸਰ ਅਤੇ ਕਲੀਨਿਕਲ ਅਸਿਸਟੈਂਟ ਸ਼ਾਮਲ ਸਨ। ਇਸ ਹੜਤਾਲ ਕਾਰਨ ਸੂਬੇ ਦੇ ਕਈ ਸ਼ਹਿਰਾਂ ਵਿੱਚ ਆਮ ਆਦਮੀ ਕਲੀਨਿਕਾਂ ਦਾ ਕੰਮ-ਕਾਜ ਠੱਪ ਰਿਹਾ। ਆਮ ਆਦਮੀ ਕਲੀਨਿਕ ਸਾਂਝਾ ਫਰੰਟ ਦੇ ਬੈਨਰ ਹੇਠ ਪ੍ਰਦਰਸ਼ਨਕਾਰੀਆਂ ਨੇ ਜ਼ਿਲ੍ਹਾ ਸਿਵਲ ਸਰਜਨ ਦਫ਼ਤਰਾਂ ਅਤੇ ਹੋਰ ਸਰਕਾਰੀ ਅਦਾਰਿਆਂ ਦੇ ਬਾਹਰ ਪ੍ਰਦਰਸ਼ਨ ਕੀਤੇ ਅਤੇ ਮੰਗ ਕੀਤੀ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਨਿਯਮਤ ਅਸਾਮੀਆਂ ਰਾਹੀਂ ਸਿਹਤ ਵਿਭਾਗ ਵਿੱਚ ਸ਼ਾਮਲ ਕਰੇ। ਉਨ੍ਹਾਂ ਨੇ ਨਿਯਮਤ ਸਰਕਾਰੀ ਸਟਾਫ਼ ਲਈ ਉਪਲਬਧ ਆਮ ਛੁੱਟੀਆਂ, ਮੈਡੀਕਲ ਛੁੱਟੀ ਅਤੇ ਹੋਰ ਸੇਵਾ ਲਾਭਾਂ ਦੀ ਵੀ ਮੰਗ ਕੀਤੀ। ਹਾਲਾਂਕਿ ਸੋਮਵਾਰ ਨੂੰ ਹੀ ਆਮ ਆਦਮੀ ਕਲੀਨਿਕ ਸਾਂਝਾ ਫਰੰਟ ਦੀ ਹੜਤਾਲ 15 ਦਿਨਾਂ ਲਈ ਮੁਲਤਵੀ ਕਰ ਦਿੱਤੀ ਗਈ। ਪਰ 15 ਦਿਨਾਂ ਦਾ ਅਲਟੀਮੇਟਮ ਖ਼ਤਮ ਹੋਣ ਮਗਰੋਂ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਆਮ ਆਦਮੀ ਕਲੀਨਿਕ ਦੇ ਕਰਮਚਾਰੀ ਮੁੜ ਹੜਤਾਲ ਕਰਨ ਦੀ ਚਿਤਾਵਨੀ ਦੇ ਚੁੱਕੇ ਹਨ।

29 ਜੁਲਾਈ ਨੂੰ ਫਰੀਦਕੋਟ ਵਿੱਚ ਬਾਬਾ ਫ਼ਰੀਦ ਯੂਨੀਵਰਸਿਟੀ ਵਿੱਚ ਪੇਪਰ ਦੌਰਾਨ ਹੋਈਆਂ ਕਥਿਤ ਬੇਨਿਯਮੀਆਂ ਖ਼ਿਲਾਫ਼ ਪੰਜਾਬ ਸਟੂਡੈਂਟਸ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਸਮੇਤ ਕਈ ਜਥੇਬੰਦੀਆਂ ਨੇ ਪੱਕਾ ਰੋਸ ਧਰਨਾ ਸ਼ੁਰੂ ਕਰ ਦਿੱਤਾ। ਦਿਨ-ਰਾਤ ਵਿਦਿਆਰਥੀ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀਆਂ ਦੇ ਆਗੂ ਇਸ ਪੱਕੇ ਮੋਰਚੇ ਵਿੱਚ ਸ਼ਾਮਲ ਹੋ ਰਹੇ ਹਨ। ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਹਰਵੀਰ ਕੌਰ ਖੁਦ ਵਿਦਿਆਰਥੀ ਹਨ। ਉਹ ਕਹਿੰਦੇ ਹਨ, "ਇਹ ਧਰਨਾ ਹਰ ਉਸ ਪੇਪਰ ਲੀਕ ਦੇ ਖ਼ਿਲਾਫ਼ ਹੈ ਜੋ ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਹੋਇਆ। ਹਰ ਪੇਪਰ ਦਾ ਪ੍ਰਸ਼ਨ ਪੱਤਰ ਮਿੰਟਾਂ ਵਿੱਚ ਪੰਜਾਬ ਤੋਂ ਬਾਹਰ ਹਰਿਆਣਾ ਪਹੁੰਚ ਜਾਂਦਾ ਹੈ।" "ਆਮ ਘਰਾਂ ਦੇ ਨੌਜਵਾਨਾਂ ਲਈ ਨੌਕਰੀਆਂ ਲੈਣੀਆਂ ਔਖੀਆਂ ਹੋ ਗਈਆਂ ਹਨ, ਕਿਉਂਕਿ ਪੇਪਰ ਪਹਿਲਾਂ ਹੀ ਕੁਝ ਖ਼ਾਸ ਲੋਕਾਂ ਕੋਲ ਪਹੁੰਚ ਜਾਂਦਾ ਹੈ। ਇਸ ਲਈ ਅਸੀਂ ਇਹ ਧਰਨਾ ਦੇ ਰਹੇ ਹਾਂ ਕਿ ਅੱਗੇ ਤੋਂ ਪੰਜਾਬ ਵਿੱਚ ਪੇਪਰ ਲੀਕ ਨਾ ਹੋਣ ਅਤੇ ਸਾਡੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੋਵੇ।" ਧਰਨੇ ਦੀ ਅਗਵਾਈ ਕਰ ਰਹੀਆਂ ਵਿਦਿਆਰਥੀ ਜਥੇਬੰਦੀਆਂ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਦਾ ਵੀ ਸਮਰਥਨ ਮਿਲ ਰਿਹਾ ਹੈ।

ਰਜਿੰਦਰ ਸਿੰਘ ਦੀਪ ਸਿੰਘ ਵਾਲਾ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਤਿੰਨ ਮੁੱਖ ਮੰਗਾਂ ਹਨ:

ਸਿਹਤ ਮੰਤਰੀ/ਮੈਡੀਕਲ ਸਿੱਖਿਆ ਮੰਤਰੀ ਬਲਬੀਰ ਸਿੰਘ ਅਸਤੀਫ਼ਾ ਦੇਣ

ਬਾਬਾ ਫ਼ਰੀਦ ਯੂਨੀਵਰਸਿਟੀ ਦੇ ਸਾਬਕਾ ਵੀਸੀ ਰਾਜੀਵ ਸੂਦ ਦੇ ਕਾਰਜਕਾਲ ਦੌਰਾਨ ਹੋਈਆਂ ਬੇਨਿਯਮੀਆਂ ਦੀ ਜਾਂਚ ਹੋਵੇ

### ਫਾਰਮੇਸੀ ਦਾ ਪੇਪਰ ਲੀਕ

ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਇਹ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਦੋਂ ਤੱਕ ਉਹ ਫਰੀਦਕੋਟ ਵਿੱਚ ਆਪਣਾ ਅੰਦੋਲਨ ਜਾਰੀ ਰੱਖਣਗੇ। ਹਾਲਾਂਕਿ ਪੇਪਰ ਲੀਕ ਦੇ ਇਨ੍ਹਾਂ ਇਲਜ਼ਾਮਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਰੇ ਤੋਂ ਨਕਾਰ ਦਿੱਤਾ ਹੈ। ਉਨ੍ਹਾਂ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ, "ਪੰਜਾਬ ਵਿੱਚ ਇੱਕ ਵੀ ਪੇਪਰ ਲੀਕ ਨਹੀਂ ਹੋਇਆ। ਪੰਜਾਬ ਵਿੱਚ ਦੋ ਥਾਵਾਂ ਤੋਂ ਨਕਲ ਦੀ ਰਿਪੋਰਟ ਆਈ ਸੀ। ਜਿਹੜੇ ਨਕਲ ਕਰਦੇ ਜਾਂ ਕਰਾਉਂਦੇ ਸਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਹੋਈ ਅਤੇ ਕਈਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।"

### ਬੇਰੁਜ਼ਗਾਰ ਸਾਂਝੇ ਮੋਰਚੇ ਦਾ ਪੱਕਾ ਧਰਨਾ

ਬੇਰੁਜ਼ਗਾਰ ਸਾਂਝਾ ਮੋਰਚਾ ਪੰਜਾਬ ਵੱਲੋਂ ਆਪਣੀਆਂ ਰੁਜ਼ਗਾਰ ਸਬੰਧੀ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਡੀਸੀ ਦਫ਼ਤਰ ਦੇ ਗੇਟ ਮੂਹਰੇ ਦਿਨ-ਰਾਤ ਦਾ ਪੱਕਾ ਧਰਨਾ ਲਾਇਆ ਹੋਇਆ ਹੈ। ਸਰਕਾਰ ਵੱਲੋਂ ਲਿਖਤੀ ਭਰੋਸੇ ਦੇ ਬਾਵਜੂਦ ਕੋਈ ਸਾਰਥਕ ਹੱਲ ਨਾ ਨਿਕਲਣ ਕਾਰਨ ਬੇਰੁਜ਼ਗਾਰ ਨੌਜਵਾਨ ਲਗਾਤਾਰ ਉੱਥੇ ਬੈਠੇ ਹੋਏ ਹਨ। ਇਹ ਧਰਨਾ 25 ਦਸੰਬਰ 2025 ਤੋਂ ਲਗਾਤਾਰ ਡੀਸੀ ਦਫ਼ਤਰ ਦੇ ਬਾਹਰ ਲੱਗਿਆ ਹੋਇਆ ਹੈ। ਬੇਰੁਜ਼ਗਾਰ ਸਾਂਝਾ ਮੋਰਚੇ ਦੇ ਆਗੂ ਰਮਨ ਕੁਮਾਰ ਮੁਤਾਬਕ ਮੋਰਚੇ ਦੇ ਆਗੂ 31 ਜੁਲਾਈ 2026 ਨੂੰ ਸੁਨਾਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਘਿਰਾ ਕਰਨਗੇ।

### ਸਿਆਸੀ ਪਾਰਟੀਆਂ ਦੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ

ਪੰਜਾਬ ਕਾਂਗਰਸ ਦੇ ਕੁਝ ਆਗੂਆਂ ਨੇ ਵੀ 29 ਜੁਲਾਈ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਦੇ ਸਾਹਮਣੇ ਕਥਿਤ ਪੇਪਰ ਲੀਕ ਖ਼ਿਲਾਫ਼ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ। ਜਿਸ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਸੰਸਦ ਮੈਂਬਰ ਮੁਹੰਮਦ ਸਦੀਕ, ਕੁਸ਼ਲਦੀਪ ਸਿੰਘ ਢਿੱਲੋਂ, ਗੁਰਪ੍ਰੀਤ ਕਾਂਗੜ ਸਮੇਤ ਵੱਡੀ ਗਿਣਤੀ ਕਾਂਗਰਸੀ ਆਗੂ ਅਤੇ ਵਰਕਰ ਸ਼ਾਮਲ ਹੋਏ। ਕਾਂਗਰਸੀ ਆਗੂ ਇਸ ਮਾਮਲੇ ਵਿੱਚ ਸਿੱਖਿਆ ਮੰਤਰੀ ਹਰਜੋਤ ਬੈਂਸ ਦਾ ਅਸਤੀਫ਼ਾ ਵੀ ਮੰਗ ਰਹੇ ਹਨ। ਕਾਂਗਰਸੀ ਆਗੂਆਂ ਦਾ ਇਲਜ਼ਾਮ ਹੈ ਕਿ ਪੰਜਾਬ ਸਰਕਾਰ ਦੋਗਲਾ ਕਿਰਦਾਰ ਨਿਭਾ ਰਹੀ ਹੈ। ਉਨ੍ਹਾਂ ਮੁਤਾਬਕ ਆਮ ਆਦਮੀ ਪਾਰਟੀ ਦੇ ਆਗੂ ਨੀਟ ਪੇਪਰ ਮਾਮਲੇ ਵਿੱਚ ਕੇਂਦਰ ਸਰਕਾਰ ਦੇ ਸਿੱਖਿਆ ਮੰਤਰੀ ਤੋਂ ਅਸਤੀਫ਼ਾ ਮੰਗ ਰਹੇ ਸਨ, ਜਦੋਂ ਕਿ ਆਪਣੇ ਮੰਤਰੀ ਨੂੰ ਬਚਾ ਰਹੇ ਹਨ। ਹਾਲਾਂਕਿ ਪੰਜਾਬ ਸਰਕਾਰ ਨੇ ਇਨ੍ਹਾਂ ਇਲਜ਼ਾਮਾਂ ਨੂੰ ਨਕਾਰਿਆ ਹੈ।

### ਪੰਜਾਬ ਸਰਕਾਰ ਖ਼ਿਲਾਫ਼ ਪ੍ਰਦਰਸ਼ਨ

ਕਥਿਤ ਪੇਪਰ ਲੀਕ ਮਾਮਲੇ ਵਿੱਚ ਕਾਂਗਰਸ ਦੇ ਆਗੂ ਜਿੱਥੇ ਇੱਕ ਪਾਸੇ ਪੰਜਾਬ ਵਿੱਚ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਘੇਰ ਰਹੇ ਹਨ, ਉੱਥੇ ਸੰਸਦ ਦੇ ਮਾਨਸੂਨ ਇਜਲਾਸ ਦੌਰਾਨ ਵੀ ਸੰਸਦ ਦੇ ਬਾਹਰ ਕਾਂਗਰਸ ਦੇ ਸੰਸਦ ਮੈਂਬਰ ਲਗਭਗ ਰੋਜ਼ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ ਦਾ ਅਸਤੀਫ਼ਾ ਮੰਗ ਰਹੇ ਹਨ। ਬੁੱਧਵਾਰ ਨੂੰ ਸੰਸਦ ਦੇ ਬਾਹਰ ਪੰਜਾਬ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਦਿਆਂ ਲੁਧਿਆਣਾ ਤੋਂ ਕਾਂਗਰਸੀ ਐੱਮਪੀ ਰਾਜਾ ਵੜਿੰਗ ਨੇ ਕਿਹਾ, "4 ਸਾਲਾਂ ਵਿੱਚ ਛੇ ਪੇਪਰ ਲੀਕ ਹੋਏ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਹ ਕਿਉਂ ਨਹੀਂ ਕਹਿ ਰਹੇ ਕਿ ਪੰਜਾਬ ਵਿੱਚ ਹੋਏ ਪੇਪਰ ਲੀਕ 'ਤੇ ਕਾਰਵਾਈ ਕੀਤੀ ਜਾਵੇਗੀ ਅਤੇ ਇੱਕ ਨਵਾਂ ਕਾਨੂੰਨ ਲਿਆਂਦਾ ਜਾਵੇਗਾ?"

### ਹਰਜੋਤ ਸਿੰਘ ਬੈਂਸ ਦੇ ਪਿੰਡ ਵਿੱਚ ਧਰਨਾ

ਪੰਜਾਬ ਯੂਥ ਕਾਂਗਰਸ ਦੇ ਵਰਕਰਾਂ ਨੇ ਆਨੰਦਪੁਰ ਸਾਹਿਬ ਦੇ ਪਿੰਡ ਗੰਭੀਰਪੁਰ ਵਿੱਚ 28 ਜੁਲਾਈ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ

(ਬਾਕੀ ਅਗਲੇ ਸਫੇ 'ਤੇ)

## ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿਚ ਧਰਨੇ ਅਤੇ ਰੈਲੀਆਂ ਦੀ ਭਰਮਾਰ

(ਸਫਾ 16 ਦੀ ਬਾਕੀ)

ਰਿਹਾਇਸ਼ ਦੇ ਬਾਹਰ ਪ੍ਰਦਰਸ਼ਨ ਕੀਤਾ ਅਤੇ ਸੂਬੇ ਵਿੱਚ ਪੇਪਰ ਲੀਕ ਦੀਆਂ ਕਥਿਤ ਘਟਨਾਵਾਂ ਨੂੰ ਲੈ ਕੇ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ। ਇਸ ਦੌਰਾਨ ਪੰਜਾਬ ਯੂਥ ਕਾਂਗਰਸ ਦੇ ਕਾਰਕੁਨਾਂ ਦਾ ਪੁਲਿਸ ਨਾਲ ਟਕਰਾਅ ਵੀ ਹੋਇਆ। ਪ੍ਰਦਰਸ਼ਨਕਾਰੀਆਂ ਨੇ ਮੰਤਰੀ ਦੀ ਰਿਹਾਇਸ਼ ਤੱਕ ਪਹੁੰਚਣ ਲਈ ਬੈਰੀਕੇਡ ਤੋੜ ਦਿੱਤੇ। ਪ੍ਰਦਰਸ਼ਨਕਾਰੀ ਆਨੰਦਪੁਰ ਸਾਹਿਬ ਦੇ ਤਹਿਸੀਲਦਾਰ ਨੂੰ ਮੰਗ ਪੱਤਰ ਸੌਂਪ ਕੇ ਵਾਪਸ ਆ ਗਏ, ਪਰ ਨਾਲ ਹੀ ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ ਅਸਤੀਫ਼ਾ ਨਹੀਂ ਦਿੱਤਾ ਗਿਆ ਤਾਂ ਚੰਡੀਗੜ੍ਹ ਵਿੱਚ ਸਿੱਖਿਆ ਮੰਤਰੀ ਦੇ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ।

### ਚੰਡੀਗੜ੍ਹ ਵਿੱਚ ਰੋਸ ਮਾਰਚ

29 ਜੁਲਾਈ ਨੂੰ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਮ੍ਰਿਤਪਾਲ ਸਿੰਘ ਅਤੇ ਹੋਰ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਮੁਹਾਲੀ ਤੋਂ ਚੰਡੀਗੜ੍ਹ ਵੱਲ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਵਿਸ਼ਾਲ ਰੋਸ ਮਾਰਚ ਕੱਢਿਆ। ਇਹ ਪ੍ਰਦਰਸ਼ਨ ਮੁੱਖ ਮੰਤਰੀ ਭਗਵੰਤ ਮਾਨ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ਦਾ ਘਿਰਾਓ ਕਰਨ ਲਈ ਉਲੀਕਿਆ ਗਿਆ ਸੀ, ਜਿਸ ਨੂੰ ਰੋਕਣ ਲਈ ਪ੍ਰਦਰਸ਼ਨਕਾਰੀਆਂ ਦੀ ਚੰਡੀਗੜ੍ਹ ਪੁਲਿਸ ਨਾਲ ਤਿੱਖੀ ਝੜਪ ਵੀ ਹੋਈ। ਹਾਲਾਂਕਿ ਸ਼ਾਮ ਹੁੰਦਿਆਂ ਪ੍ਰਦਰਸ਼ਨ ਦੇ ਆਗੂ ਮੁੱਖ ਮੰਤਰੀ ਭਗਵੰਤ ਮਾਨ ਦੇ ਐਸਡੀ ਨੂੰ ਆਪਣਾ ਮੰਗ ਪੱਤਰ ਸੌਂਪ ਕੇ ਵਾਪਸ ਪਰਤ ਗਏ ਸਨ।

### ਚੋਣਾਂ ਨੇੜੇ ਕਿਉਂ ਵੱਧ ਜਾਂਦੇ ਰੋਸ ਪ੍ਰਦਰਸ਼ਨ

ਪੰਜਾਬ ਵਿੱਚ ਲਗਭਗ 7-8 ਮਹੀਨੇ ਬਾਅਦ ਵਿਧਾਨ ਸਭਾ ਚੋਣਾਂ ਹਨ ਅਤੇ ਇਸ ਸਮੇਂ ਦੌਰਾਨ ਜਿੱਥੇ ਸਰਕਾਰ ਅਤੇ ਸਿਆਸੀ ਧਿਰਾਂ ਆਪਣੀ ਜਿੱਤ ਪੱਕੀ ਕਰਨ ਲਈ ਜ਼ੋਰ-ਅਜ਼ਮਾਇਸ਼ ਸ਼ੁਰੂ ਕਰ ਚੁੱਕੀਆਂ ਹਨ, ਉੱਥੇ ਹੀ ਵੱਖ-ਵੱਖ ਸੰਘਰਸ਼ਸ਼ੀਲ ਜਥੇਬੰਦੀਆਂ, ਮੁਲਾਜ਼ਮ ਜਥੇਬੰਦੀਆਂ ਅਤੇ ਬੇਰੁਜ਼ਗਾਰ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨਾਂ ਦੇ ਸੱਦੇ ਵੀ ਵੱਧਣ ਲੱਗ ਪਏ ਹਨ। 7 ਅਗਸਤ ਨੂੰ ਸਾਂਝਾ ਮੁਲਾਜ਼ਮ ਫਰੰਟ ਵੱਲੋਂ ਚੰਡੀਗੜ੍ਹ ਵਿੱਚ ਇੱਕ ਰੈਲੀ ਦਾ ਸੱਦਾ ਦਿੱਤਾ ਗਿਆ ਹੈ।

ਸਾਂਝਾ ਮੁਲਾਜ਼ਮ ਫਰੰਟ ਦੇ ਮੈਂਬਰ ਅਤੇ ਪੰਜਾਬ ਸਿਵਲ ਸਕੱਤਰੇਤ ਸਟਾਫ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਸਾਹਿਲ ਸ਼ਰਮਾ ਚੋਣਾਂ ਤੋਂ ਪਹਿਲਾਂ ਦੇ ਇਸ ਸਮੇਂ ਨੂੰ ਮੁਲਾਜ਼ਮਾਂ, ਕੱਚੇ ਮੁਲਾਜ਼ਮ ਅਤੇ ਸੰਘਰਸ਼ਸ਼ੀਲ ਜਥੇਬੰਦੀਆਂ ਲਈ ਆਪਣਾ ਭਵਿੱਖ ਸੁਧਾਰਨ ਦਾ ਸਮਾਂ ਮੰਨਦੇ ਹਨ। ਉਹ ਕਹਿੰਦੇ ਹਨ, "ਹਰ ਪੱਕੇ ਅਤੇ ਕੱਚੇ ਮੁਲਾਜ਼ਮ ਨੂੰ ਉਮੀਦ ਹੁੰਦੀ ਹੈ ਕਿ ਸਰਕਾਰ ਬਣਨ ਤੋਂ ਪਹਿਲਾਂ ਉਨ੍ਹਾਂ ਨਾਲ ਕੀਤੇ ਗਏ ਵਾਅਦੇ ਪੂਰੇ ਕੀਤੇ ਜਾਣ। ਪਰ ਜਦੋਂ ਸਾਢੇ ਚਾਰ ਸਾਲ ਬੀਤ ਜਾਣ 'ਤੇ ਵੀ ਸਰਕਾਰ ਵਾਅਦੇ ਪੂਰੇ ਨਹੀਂ ਕਰਦੀ ਤਾਂ ਧਰਨੇ ਸਰਕਾਰ ਨੂੰ ਸ਼ਕਤੀ ਪ੍ਰਦਰਸ਼ਨ ਦਿਖਾਉਣ ਲਈ ਕੀਤੇ ਜਾਂਦੇ ਹਨ।"

"ਇਸ ਦਾ ਮੁੱਖ ਮਨੋਰਥ ਸਰਕਾਰ ਨੂੰ ਇਹ ਦਿਖਾਉਣਾ ਹੁੰਦਾ ਹੈ ਕਿ ਪ੍ਰਦਰਸ਼ਨ ਕਰ ਰਹੇ ਇਨ੍ਹਾਂ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਕਿੰਨੀ ਵੋਟ ਹੈ ਅਤੇ ਇਹ ਵੋਟ ਤੁਹਾਡੇ ਖ਼ਿਲਾਫ਼ ਵੀ ਭੁਗਤ ਸਕਦੀ ਹੈ।" ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਰਾਜਨੀਤੀ ਦੇ ਸਾਬਕਾ ਪ੍ਰੋਫੈਸਰ ਮੁਹੰਮਦ ਖਾਲਿਦ ਕਥਿਤ ਫਾਰਮੇਸੀ ਪੇਪਰ ਲੀਕ ਮਾਮਲੇ ਨੂੰ ਆਮ ਆਦਮੀ ਪਾਰਟੀ ਲਈ ਵੱਡੀ ਚੁਣੌਤੀ ਮੰਨਦੇ ਹਨ। ਉਹ ਕਹਿੰਦੇ ਹਨ, "ਦਿੱਲੀ ਵਿੱਚ ਨੀਟ ਪੇਪਰ ਲੀਕ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਸਿਆਸੀ ਆਗੂਆਂ ਵਿੱਚ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਮੁੱਖ ਸਨ। ਪਰ ਜਦੋਂ ਹੁਣ ਪੰਜਾਬ ਵਿੱਚ ਉਨ੍ਹਾਂ ਦੀ ਸਰਕਾਰ ਤੋਂ ਜਵਾਬਦੇਹੀ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਸਾਰੇ ਆਗੂ ਮੂੰਹ ਫੇਰ ਰਹੇ ਹਨ।"

"ਇਸੇ ਲਈ ਇਹ ਮੁੱਦਾ ਭੱਖ ਰਿਹਾ ਹੈ। ਵਿਦਿਆਰਥੀ ਇਹ ਚਾਹੁੰਦੇ ਹਨ ਕਿ ਜੋ ਤੁਸੀਂ ਦਿੱਲੀ ਵਿੱਚ ਇਨਸਾਫ਼ ਦਾ ਨਾਅਰਾ ਦੇ ਕੇ ਆਏ ਹੋ, ਉਹ ਪੰਜਾਬ ਵਿੱਚ ਵੀ ਲਾਗੂ ਕੀਤਾ ਜਾਵੇ।" ਪ੍ਰੋਫੈਸਰ ਖਾਲਿਦ ਬਾਕੀ ਯੂਨੀਅਨਾਂ ਵੱਲੋਂ ਇਸ ਸਮੇਂ ਧਰਨੇ-ਪ੍ਰਦਰਸ਼ਨ ਕਰਨ ਨੂੰ ਮੁਲਾਂਕਣ ਦਾ ਸਮਾਂ ਮੰਨਦੇ ਹਨ। ਉਹ ਕਹਿੰਦੇ ਹਨ ਕਿ ਨਵੀਂ ਸਰਕਾਰ ਬਣਨ ਜਾਂ ਸਰਕਾਰ ਦੇ ਦੁਬਾਰਾ ਬਣਨ ਤੋਂ ਪਹਿਲਾਂ ਦਾ ਇਹ ਸਮਾਂ ਆਪਣੀਆਂ ਮੰਗਾਂ ਮਨਵਾਉਣ ਲਈ ਕੀਮਤੀ ਹੁੰਦਾ ਹੈ। ਇਸੇ ਲਈ ਹਰ ਧਿਰ ਕੋਸ਼ਿਸ਼ ਕਰਦੀ ਹੈ ਕਿ ਸਰਕਾਰ ਨੂੰ ਨਵੇਂ ਢੰਗਾਂ ਨਾਲ ਘੇਰਿਆ ਜਾਵੇ ਅਤੇ ਆਪਣੀਆਂ ਮੰਗਾਂ ਮਨਵਾ ਲਈਆਂ ਜਾਣ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰਾਜਨੀਤੀ ਦੇ ਪ੍ਰੋਫੈਸਰ ਰਹਿ ਚੁੱਕੇ ਜਗਰੂਪ ਸਿੰਘ ਸੇਖੋਂ ਮੰਨਦੇ ਹਨ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਇਸ ਵੇਲੇ ਔਖੇ ਸਮੇਂ ਵਿੱਚੋਂ ਲੰਘ ਰਹੀ ਹੈ। ਉਹ ਕਹਿੰਦੇ ਹਨ, "ਦਿੱਲੀ ਵਿੱਚ ਨੌਜਵਾਨਾਂ ਦੇ ਪ੍ਰਦਰਸ਼ਨ ਨੇ ਪੰਜਾਬ ਦੇ ਨੌਜਵਾਨਾਂ ਨੂੰ ਉਮੀਦ ਦਿੱਤੀ ਹੈ ਕਿ ਪੇਪਰ ਲੀਕ ਖ਼ਿਲਾਫ਼ ਆਵਾਜ਼ ਚੁੱਕੀ ਜਾ ਸਕਦੀ ਹੈ।" "ਹਾਲਾਂਕਿ ਪੇਪਰ ਲੀਕ ਰੁਕਣਗੇ ਜਾਂ ਨਹੀਂ, ਇਹ ਭਵਿੱਖ ਦੱਸੇਗਾ, ਪਰ ਨੌਜਵਾਨ ਉਮੀਦ ਨਾਲ ਆਪਣੀ ਸਿੱਖਿਆ ਦਾ ਹੱਕ ਮੰਗ ਰਹੇ ਹਨ। ਦੂਜਾ, ਵਿਰੋਧੀ ਪਾਰਟੀਆਂ ਕੋਲ ਆਪਣਾ ਕੋਈ ਮੁੱਦਾ ਨਹੀਂ ਹੈ ਜਿਸ ਨਾਲ ਉਹ ਲੋਕਾਂ ਅੱਗੇ ਜਾ ਸਕਣ ਅਤੇ ਵੋਟ ਮੰਗ ਸਕਣ, ਇਸ ਲਈ ਉਹ ਸਰਕਾਰ ਨੂੰ ਘੇਰ ਕੇ ਆਪਣਾ ਕੰਮ ਸਾਰ ਰਹੇ ਹਨ।"

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ ਪੰਜਾਬ ਵਿੱਚ ਕਈ ਤਰ੍ਹਾਂ ਦੇ ਪ੍ਰਦਰਸ਼ਨ ਹੋ ਰਹੇ ਹਨ। ਕੱਚੇ-ਪੱਕੇ ਹਰ ਤਰ੍ਹਾਂ ਦੇ ਮੁਲਾਜ਼ਮ ਧਰਨੇ-ਪ੍ਰਦਰਸ਼ਨਾਂ ਰਾਹੀਂ ਸਰਕਾਰ ਅੱਗੇ ਆਪਣੀਆਂ ਮੰਗਾਂ ਰੱਖ ਰਹੇ ਹਨ। ਉਹ ਸਿਰਫ਼ ਇਸ ਕਰਕੇ ਕਿ ਸਰਕਾਰਾਂ ਵਾਅਦੇ ਅਤੇ ਦਾਅਵੇ ਵੱਡੇ ਕਰਦੀਆਂ ਹਨ, ਪਰ ਜ਼ਮੀਨੀ ਪੱਧਰ ਦੀ ਹਕੀਕਤ ਹੋਰ ਹੈ। ਉਹ ਕਹਿੰਦੇ ਹਨ, "ਆਮ ਆਦਮੀ ਪਾਰਟੀ ਕਲੀਨਿਕ ਦੇ ਵਰਕਰਾਂ ਵੱਲੋਂ ਪ੍ਰਦਰਸ਼ਨ ਕਰਨ ਦਾ ਮਤਲਬ ਇਹ ਹੈ ਕਿ ਆਮ ਆਦਮੀ ਪਾਰਟੀ ਦੀ ਸਭ ਤੋਂ ਵੱਡੀ ਗਰੰਟੀ ਵਿੱਚ ਬੇਨਿਯਮੀਆਂ ਹਨ। ਇਸ ਤਰ੍ਹਾਂ ਲੋਕ ਸਰਕਾਰ 'ਤੇ ਵਿਸ਼ਵਾਸ ਨਹੀਂ ਕਰ ਸਕਣਗੇ।"

# ਪੰਜਾਬ ਦੇ ਸਮਗਲਰਾਂ ਲਈ ਵਰਦਾਨ ਬਣਿਆ ਡਰੋਨ

ਰਾਜ ਸਭਾ ਵਿੱਚ ਭਾਰਤ ਦੇ ਗ੍ਰਹਿ ਵਿਭਾਗ ਨੇ ਦੱਸਿਆ ਕਿ ਡਰੋਨਾਂ ਦੀ ਮਦਦ ਨਾਲ ਨਸ਼ਿਆਂ ਦੀ ਸਮਗਲਿੰਗ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਪੰਜਾਬ ਇਸ ਨਾਲ ਭਾਰਤ ਦਾ ਸਭ ਤੋਂ ਵੱਧ ਪ੍ਰਭਾਵਿਤ ਸਰਹੱਦੀ ਸੂਬਾ ਹੈ। ਗ੍ਰਹਿ ਵਿਭਾਗ ਨੇ ਰਾਜ ਸਭਾ ਵਿੱਚ ਦੱਸਿਆ ਕਿ ਸਰਹੱਦ ਪਾਰ ਤੋਂ ਬੈਠੇ ਨਸ਼ਾ ਤਸਕਰਾਂ ਦੇ ਗਿਰੋਹ ਪੰਜਾਬ ਵਿੱਚ ਨਸ਼ਿਆਂ ਦਾ ਵਪਾਰ ਕਰਨ ਲਈ ਆਧੁਨਿਕ ਤਕਨੀਕਾਂ ਅਤੇ ਡਰੋਨਾਂ ਦਾ ਇਸਤੇਮਾਲ ਕਰ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਨਸ਼ਿਆਂ ਦੇ ਕਾਰੋਬਾਰ ਵਾਸਤੇ ਸੰਗਠਿਤ ਨਸ਼ਾ ਤਸਕਰੀ ਗਿਰੋਹ ਵਟਸਐਪ, ਟੈਲੀਗ੍ਰਾਮ, ਸਨੈਪਚੈਟ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਦਾ ਇਸਤੇਮਾਲ ਕਰਦੇ ਹਨ। ਇਸ ਤੋਂ ਇਲਾਵਾ ਇਹ ਵੀ ਦੱਸਿਆ ਗਿਆ ਹੈ ਕਿ ਤਸਕਰ ਨਸ਼ਿਆਂ ਦੇ ਕਾਰੋਬਾਰ ਤੋਂ ਹੁੰਦੀ ਕਮਾਈ ਨੂੰ ਟਰਾਂਸਫਰ ਕਰਨ ਅਤੇ ਵਿੱਤੀ ਲੈਣ-ਦੇਣ ਦੇ ਸਬੂਤਾਂ ਨੂੰ ਲੁਕਾਉਣ ਲਈ ਕ੍ਰਿਪਟੋਕਰੰਸੀ ਅਤੇ ਵਰਚੁਅਲ ਡਿਜੀਟਲ ਐਸੇਟਸ ਦੀ ਵਰਤੋਂ ਕਰਦੇ ਹਨ।



ਹਰਿਆਣਾ ਤੋਂ ਰਾਜ ਸਭਾ ਮੈਂਬਰ ਕਾਰਤੀਕੇਯ ਸ਼ਰਮਾ ਅਤੇ ਮੱਧ ਪ੍ਰਦੇਸ਼ ਤੋਂ ਰਾਜ ਸਭਾ ਮੈਂਬਰ ਤਰੁਣ ਚੁੱਘ ਨੇ ਇਸ ਸਬੰਧੀ ਰਾਜ ਸਭਾ ਵਿੱਚ ਸਵਾਲ ਕੀਤੇ ਸਨ। ਇਨ੍ਹਾਂ ਸਵਾਲਾਂ ਦੇ ਲਿਖਤੀ ਜਵਾਬ ਗ੍ਰਹਿ ਵਿਭਾਗ ਦੇ ਰਾਜ ਮੰਤਰੀ ਨਿਤਿਆਨੰਦ ਰਾਇ ਨੇ ਦਿੱਤੇ ਹਨ। ਪੰਜਾਬ ਦੇ ਛੇ ਜ਼ਿਲ੍ਹੇ ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ, ਗੁਰਦਾਸਪੁਰ ਅਤੇ ਫ਼ਾਜ਼ਿਲਕਾ, ਭਾਰਤ-ਪਾਕਿਸਤਾਨ ਦੀ ਕੌਮਾਂਤਰੀ ਸਰਹੱਦ ਉੱਤੇ ਸਥਿਤ ਹਨ। ਗ੍ਰਹਿ ਵਿਭਾਗ ਮੁਤਾਬਕ ਪਿਛਲੇ ਕੁਝ ਸਾਲਾਂ ਵਿੱਚ ਡਰੋਨਾਂ ਰਾਹੀਂ ਤਸਕਰੀ ਇੱਕ ਗੰਭੀਰ ਚੁਣੌਤੀ ਵਜੋਂ ਉਭਰੀ ਹੈ। ਸਾਲ 2021 ਤੋਂ ਡਰੋਨ ਦੀ ਮਦਦ ਨਾਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਬੇਹੱਦ ਤੇਜ਼ੀ ਨਾਲ ਵਾਧਾ ਹੋਇਆ ਹੈ।

ਗ੍ਰਹਿ ਮੰਤਰਾਲੇ ਨੇ ਦੱਸਿਆ, "ਕੇਵਲ ਸਾਲ 2025 ਦੌਰਾਨ ਦੇਸ਼ ਭਰ ਵਿੱਚ ਡਰੋਨ ਨਾਲ ਜੁੜੀਆਂ 305 ਨਸ਼ਾ ਤਸਕਰੀ ਦੀਆਂ ਘਟਨਾਵਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚੋਂ 298 ਘਟਨਾਵਾਂ ਪੰਜਾਬ ਸਰਹੱਦ 'ਤੇ ਵਾਪਰੀਆਂ ਹਨ। ਇਨ੍ਹਾਂ ਕਾਰਵਾਈਆਂ ਦੌਰਾਨ ਲਗਭਗ 460 ਕਿਲੋਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ, ਜਿਨ੍ਹਾਂ ਵਿੱਚ 448 ਕਿਲੋਗ੍ਰਾਮ ਹੈਰੋਇਨ, 09 ਕਿਲੋਗ੍ਰਾਮ ਮੇਥਾਮਫੇਟਾਮਾਈਨ ਅਤੇ 03 ਕਿਲੋਗ੍ਰਾਮ ਅਫੀਮ ਸ਼ਾਮਲ ਸਨ। ਇਹ ਅੰਕੜੇ ਦਰਸਾਉਂਦੇ ਹਨ ਕਿ ਇਹ ਉਭਰਦਾ ਖ਼ਤਰਾ ਸਭ ਤੋਂ ਵੱਧ ਪੰਜਾਬ ਵਿੱਚ ਕੇਂਦਰਿਤ ਹੈ।" ਕੇਂਦਰੀ ਰਾਜ ਮੰਤਰੀ ਨਿਤਿਆਨੰਦ ਰਾਇ ਨੇ ਦੱਸਿਆ ਕਿ ਗ੍ਰਹਿ ਵਿਭਾਗ ਹਰ ਮਹੀਨੇ ਕੇਂਦਰੀ ਅਤੇ ਰਾਜ ਪੱਧਰੀ ਜਾਂਚ ਏਜੰਸੀਆਂ ਤੋਂ ਵੇਰਵੇ ਪ੍ਰਾਪਤ ਕਰਦਾ ਹੈ।

ਉਨ੍ਹਾਂ ਲਿਖਤੀ ਜਵਾਬ ਵਿੱਚ ਦੱਸਿਆ, "ਨਸ਼ਿਆਂ ਨਾਲ ਸਬੰਧਿਤ ਅੰਕੜਿਆਂ ਦੀ ਭਰੋਸੇਯੋਗਤਾ ਅਤੇ ਇਕਸਾਰਤਾ ਯਕੀਨੀ ਬਣਾਉਣ ਲਈ ਸਾਰੀਆਂ ਕੇਂਦਰੀ ਅਤੇ ਸੂਬਾ ਪੱਧਰੀ ਨਸ਼ਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਆਪਣੀਆਂ ਕਾਰਵਾਈਆਂ ਦਾ ਵੇਰਵਾ ਹਰ ਮਹੀਨੇ ਮਾਸਿਕ ਮਾਸਟਰ ਰਿਪੋਰਟ (ਐਮਐਮਆਰ) ਦੇ ਰੂਪ ਵਿੱਚ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਨੂੰ ਭੇਜਣਾ ਲਾਜ਼ਮੀ ਕੀਤਾ ਗਿਆ ਹੈ।"

ਕੇਂਦਰੀ ਰਾਜ ਮੰਤਰੀ ਨਿਤਿਆਨੰਦ ਰਾਇ ਨੇ ਦੱਸਿਆ, "ਸਰਕਾਰ ਵੱਲੋਂ ਸਰਹੱਦ ਪਾਰ ਨਸ਼ਾ ਤਸਕਰੀ ਨਾਲ ਨਜਿੱਠਣ ਲਈ ਵਿਸਤ੍ਰਿਤ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਵਿੱਚ ਸੰਵੇਦਨਸ਼ੀਲ ਸਰਹੱਦੀ ਖੇਤਰਾਂ ਵਿੱਚ ਆਧੁਨਿਕ ਐਂਟੀ-ਡਰੋਨ ਪ੍ਰਣਾਲੀਆਂ ਦੀ ਤਾਇਨਾਤੀ, ਸੀਸੀਟੀਵੀ ਕੈਮਰੇ, ਪੈਨ-ਟਿਲਟ-ਜ਼ੂਮ ਕੈਮਰੇ ਅਤੇ ਨਾਈਟ ਵਿਜ਼ਨ ਡਿਵਾਈਸ, ਨਵੇਂ ਡਿਜ਼ਾਈਨ ਵਾਲੀ ਸਰਹੱਦੀ ਫੈਂਸਿੰਗ ਅਤੇ ਬਾਰਡਰ ਫਲੱਡ ਲਾਈਟਾਂ ਆਦਿ ਦੀ ਸਥਾਪਨਾ ਸ਼ਾਮਲ ਹੈ।" "ਇਸ ਤੋਂ ਇਲਾਵਾ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਨੇ ਰਾਸ਼ਟਰੀ ਨਸ਼ਾ ਮੁਕਤ ਭਾਰਤ ਕਾਰਜ ਯੋਜਨਾ ਤਹਿਤ ਸਾਲ 2024-25 ਅਤੇ 2025-26 ਦੌਰਾਨ ਪੰਜਾਬ ਸੂਬੇ ਨੂੰ 5.67 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਹੈ।"

ਕੇਂਦਰੀ ਰਾਜ ਮੰਤਰੀ ਨਿਤਿਆਨੰਦ ਰਾਇ ਨੇ ਰਾਜ ਸਭਾ ਵਿੱਚ ਦੱਸਿਆ ਸਰਹੱਦ ਪਾਰ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਰੁਝਾਨ ਦਰਸਾਉਂਦੇ ਹਨ ਕਿ ਸਰਹੱਦ ਪਾਰ ਤੋਂ ਕੰਮ ਕਰ ਰਹੇ ਨਸ਼ਾ ਤਸਕਰੀ ਗਿਰੋਹ ਹੁਣ ਵੱਧ ਤੋਂ ਵੱਧ ਆਧੁਨਿਕ ਤਕਨੀਕਾਂ ਦੀ ਵਰਤੋਂ ਕਰ ਰਹੇ ਹਨ, ਜਿਵੇਂ ਕਿ ਡਰੋਨ, ਜੀਪੀਐਸ ਨਾਲ ਲੈਸ ਖੇਪਾਂ, ਐਨਕ੍ਰਿਪਟਡ ਸੰਚਾਰ ਪ੍ਰਣਾਲੀਆਂ ਅਤੇ ਸਥਾਨਕ ਰਿਸੀਵਰ ਨੈੱਟਵਰਕ ਤਾਂ ਜੋ ਭਾਰਤ ਵਿੱਚ ਹੈਰੋਇਨ, ਮੇਥਾਮਫੇਟਾਮਾਈਨ, ਹਥਿਆਰ ਅਤੇ ਗੋਲਾ-ਬਾਰੂਦ ਦੀ ਤਸਕਰੀ ਕੀਤੀ ਜਾ ਸਕੇ।

ਰਾਜ ਸਭਾ ਮੈਂਬਰ ਤਰੁਣ ਚੁੱਘ ਵੱਲੋਂ ਨਸ਼ਿਆਂ ਬਾਰੇ ਪੁੱਛੇ ਇੱਕ ਵੱਖਰੇ ਸਵਾਲ ਦੇ ਜਵਾਬ ਵਿੱਚ ਕੇਂਦਰੀ ਰਾਜ ਮੰਤਰੀ ਨਿਤਿਆਨੰਦ ਰਾਇ ਨੇ ਦੱਸਿਆ, "ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਵੱਲੋਂ ਨਸ਼ਾ ਤਸਕਰੀ ਨਾਲ ਸਬੰਧਿਤ ਮਾਮਲਿਆਂ ਦੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਨਸ਼ਾ ਤਸਕਰ ਡਿਜੀਟਲ ਪਲੇਟਫਾਰਮਾਂ ਦੀ ਵਿਆਪਕ ਵਰਤੋਂ ਕਰ ਰਹੇ ਹਨ। ਜਾਂਚ ਤੋਂ ਪਤਾ ਲੱਗਿਆ ਹੈ ਕਿ ਪੰਜਾਬ ਅਤੇ ਇਸ ਨਾਲ ਲੱਗਦੇ ਸੂਬਿਆਂ ਵਿੱਚ ਸਰਗਰਮ ਸੰਗਠਿਤ ਨਸ਼ਾ ਤਸਕਰੀ ਗਿਰੋਹ ਵਟਸਐਪ, ਟੈਲੀਗ੍ਰਾਮ, ਸਨੈਪਚੈਟ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਖਰੀਦ, ਆਵਾਜਾਈ, ਲੁਕਾਉਣ ਅਤੇ ਵੰਡ ਨਾਲ ਸਬੰਧਿਤ ਸਰਗਰਮੀਆਂ ਦਾ ਤਾਲਮੇਲ ਕਰ ਰਹੇ ਹਨ।" "ਐਨਸੀਬੀ ਵੱਲੋਂ ਕੀਤੀ ਗਈ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਸਰਹੱਦ ਪਾਰ ਨਸ਼ਾ ਤਸਕਰੀ ਅਤੇ ਵੰਡ ਦੇ ਨੈੱਟਵਰਕਾਂ ਵਿੱਚ ਵੀ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਪਲੇਟਫਾਰਮ ਤਸਕਰਾਂ ਵਿਚਕਾਰ ਸੰਚਾਰ ਅਤੇ ਤਾਲਮੇਲ, ਕੈਰੀਅਰਾਂ ਦੀ ਭਰਤੀ, ਲਾਈਵ ਲੋਕੇਸ਼ਨ ਸਾਂਝੀ ਕਰਨ, ਨਸ਼ੇ ਦੀਆਂ ਖੇਪਾਂ ਦੀਆਂ ਤਸਵੀਰਾਂ ਅਤੇ ਵੀਡੀਓ ਭੇਜਣ, ਡਿਲਿਵਰੀ ਅਤੇ ਭੁਗਤਾਨਾਂ ਦਾ ਤਾਲਮੇਲ ਕਰਨ ਅਤੇ ਸਪਲਾਇਰਾਂ ਅਤੇ ਪ੍ਰਾਪਤਕਰਤਾਵਾਂ ਵਿਚਕਾਰ ਸੰਪਰਕ ਬਣਾਈ ਰੱਖਣ ਲਈ ਵਰਤੇ ਜਾ ਰਹੇ ਹਨ।"

"ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਕੁਝ ਮਾਮਲਿਆਂ ਵਿੱਚ ਵਰਚੁਅਲ ਪ੍ਰਾਈਵੇਟ ਨੈੱਟਵਰਕ (ਵੀ ਪੀ ਐਨ) ਦੀ ਦੁਰਵਰਤੋਂ ਕਰਕੇ ਆਪਣੀ ਪਛਾਣ ਲੁਕਾਈ ਜਾਂਦੀ ਹੈ ਅਤੇ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ ਨੂੰ ਅੰਜਾਮ ਦਿੱਤਾ ਜਾਂਦਾ ਹੈ।" ਗ੍ਰਹਿ ਵਿਭਾਗ ਮੁਤਾਬਕ, "ਪੰਜਾਬ ਐਂਟੀ-ਨਾਰਕੋਟਿਕਸ ਟਾਸਕ ਫੋਰਸ ਨੇ ਵੀ ਰਿਪੋਰਟ ਦਿੱਤੀ ਹੈ ਕਿ ਨਸ਼ਿਆਂ ਤੋਂ ਹੋਈ ਕਮਾਈ ਨੂੰ ਟਰਾਂਸਫਰ ਕਰਨ ਅਤੇ ਵਿੱਤੀ ਲੈਣ-ਦੇਣ ਦੇ ਸਬੂਤਾਂ ਨੂੰ ਲੁਕਾਉਣ ਲਈ ਕ੍ਰਿਪਟੋਕਰੰਸੀ ਅਤੇ ਵਰਚੁਅਲ ਡਿਜੀਟਲ ਐਸੇਟਸ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਹਾਲਾਂਕਿ, ਨਿੱਜਤਾ ਕੇਂਦਰਿਤ ਕ੍ਰਿਪਟੋਕਰੰਸੀਆਂ ਅਤੇ ਵਿਦੇਸ਼-ਆਧਾਰਿਤ ਐਕਸਚੇਂਜਾਂ ਕਾਰਨ ਅਸਲ ਭੇਜਣ ਵਾਲੇ ਅਤੇ ਪ੍ਰਾਪਤ ਕਰਨ ਵਾਲੇ ਦੀ ਪਛਾਣ ਕਰਨਾ ਮੁਸ਼ਕਲ ਹੋ ਸਕਦਾ ਹੈ।" "ਅਜਿਹੇ ਮਾਮਲਿਆਂ ਵਿੱਚ ਸਬੰਧਿਤ ਡਿਜੀਟਲ ਉਪਕਰਨ ਜ਼ਬਤ ਕਰਕੇ ਜਾਂਚ ਦੌਰਾਨ ਉਨ੍ਹਾਂ ਦੀ ਫੋਰੈਂਸਿਕ ਜਾਂਚ ਕੀਤੀ ਜਾਂਦੀ ਹੈ। ਐਨਸੀਬੀ ਡਿਜੀਟਲ ਫੋਰੈਂਸਿਕ, ਵਿੱਤੀ ਜਾਂਚ ਅਤੇ ਰਵਾਇਤੀ ਖੁਫੀਆ ਜਾਣਕਾਰੀ ਨੂੰ ਇਕੱਠੇ ਵਰਤਦਿਆਂ ਤਕਨਾਲੋਜੀ-ਆਧਾਰਿਤ ਜਾਂਚ ਰਣਨੀਤੀ ਅਪਣਾਉਂਦਾ ਹੈ ਤਾਂ ਜੋ ਨਸ਼ਾ ਤਸਕਰੀ ਦੇ ਨੈੱਟਵਰਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਤੋੜਿਆ ਜਾ ਸਕੇ। ਜ਼ਬਤ ਕੀਤੇ ਗਏ ਇਲੈਕਟ੍ਰਾਨਿਕ ਉਪਕਰਨਾਂ ਦੀ ਵਿਸਤ੍ਰਿਤ ਫੋਰੈਂਸਿਕ ਜਾਂਚ ਕੀਤੀ ਜਾਂਦੀ ਹੈ।"

ਕੇਂਦਰੀ ਮੰਤਰੀ ਨੇ ਆਪਣੇ ਜਵਾਬ ਵਿੱਚ ਦੱਸਿਆ, "ਜਾਂਚ ਦੌਰਾਨ ਵਿਸ਼ੇਸ਼ ਖੁਫੀਆ ਅਤੇ ਜਾਂਚ ਪਲੇਟਫਾਰਮਾਂ ਜਿਵੇਂ ਕਿ ਨੈਸ਼ਨਲ ਇੰਟੈਲੀਜੈਂਸ ਗ੍ਰਿਡ, ਮਲਟੀ ਏਜੰਸੀ ਸੈਂਟਰ, ਫਾਈਨੈਂਸ਼ਲ ਇੰਟੈਲੀਜੈਂਸ ਨੈੱਟਵਰਕ ਐਕਸਚੇਂਜ, ਓਪਨ ਸੋਰਸ ਇੰਟੈਲੀਜੈਂਸ ਟੂਲਜ਼, ਨੈਸ਼ਨਲ ਇੰਟੀਗ੍ਰੇਟਡ ਡੇਟਾਬੇਸ ਆਨ ਅਰੈਸਟਡ ਨਾਰਕੋ-ਆਫੈਂਡਰਜ਼, ਇੰਟਰ-ਓਪਰੇਬਲ ਕਰਿਮਿਨਲ ਜਸਟਿਸ ਸਿਸਟਮ, ਚਿਤਰਖੋਜ ਅਤੇ ਪੰਜਾਬ ਆਰਟੀਫ਼ਿਸ਼ਲ ਇੰਟੈਲੀਜੈਂਸ ਸਿਸਟਮ ਦੀ ਵਿਆਪਕ ਪੱਧਰ ਉੱਤੇ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਟੈਲੀਕਾਮ ਅਤੇ ਵਿੱਤੀ ਖੁਫੀਆ ਡੇਟਾ-ਬੇਸਾਂ ਦੀ ਮਦਦ ਨਾਲ ਲਿੰਕ ਵਿਸ਼ਲੇਸ਼ਣ, ਅਪਰਾਧਿਕ ਸਾਥੀਆਂ ਦੀ ਪਛਾਣ ਅਤੇ ਅੰਤਰ-ਰਾਜੀ ਅਤੇ ਅੰਤਰ-ਏਜੰਸੀ ਤਾਲਮੇਲ ਕੀਤਾ ਜਾਂਦਾ ਹੈ।" "ਸਾਈਬਰ ਫੋਰੈਂਸਿਕ ਪ੍ਰਯੋਗਸ਼ਾਲਾਵਾਂ, ਟੈਲੀਕਾਮ ਸੇਵਾ ਪ੍ਰਦਾਤਾਵਾਂ, ਵਿੱਤੀ ਸੰਸਥਾਵਾਂ ਅਤੇ ਕੇਂਦਰ ਅਤੇ ਰਾਜ ਦੀਆਂ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਨਜ਼ਦੀਕੀ ਤਾਲਮੇਲ ਬਣਾਈ ਰੱਖਿਆ ਜਾਂਦਾ ਹੈ। ਜਿੱਥੇ ਲੋੜ ਪੈਂਦੀ ਹੈ, ਉੱਥੇ ਸਬੰਧਿਤ ਤਕਨੀਕੀ ਏਜੰਸੀਆਂ ਅਤੇ ਸੇਵਾ ਦੇਣ ਵਾਲਿਆਂ ਦੀ ਸਹਾਇਤਾ ਵੀ ਲਈ ਜਾਂਦੀ ਹੈ।"

# ਅਕਾਲੀ ਦਲ ਨੇ ਫਿਰ ਕੀਤੀ ਬੀਜੇਪੀ ਨਾਲ ਸਾਂਝ ਭਿਆਲੀ ਦੀ ਕੋਸ਼ਿਸ਼

ਚੰਡੀਗੜ੍ਹ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੁਣ ਕੇਂਦਰ ਸਰਕਾਰ ਦੇ ਪ੍ਰਸਤਾਵ ਦਾ ਸਮਰਥਨ ਕੀਤਾ ਹੈ। ਉਨ੍ਹਾਂ ਨੇ ਆਪਣੇ ਅਧਿਕਾਰਤ ਐਕਸ ਅਕਾਊਂਟ 'ਤੇ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਨੇ ਭਾਰਤ ਸਰਕਾਰ ਵੱਲੋਂ ਸਦਨ ਵਿੱਚ ਸਾਰੇ ਰਾਜਾਂ ਦੀਆਂ ਸੀਟਾਂ ਵਿੱਚ 50 ਫੀਸਦੀ ਦੀ ਇਕਸਾਰ ਵਾਧਾ ਕਰਨ ਦੇ ਪ੍ਰਸਤਾਵ ਦਾ ਸਮਰਥਨ ਕੀਤਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਹਿਲਾ ਰਾਖਵਾਂਕਰਨ ਅਤੇ ਪਰਿਸੀਮਨ ਤੁਰੰਤ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਚੰਡੀਗੜ੍ਹ ਵਿੱਚ ਆਪਣੇ ਸੀਨੀਅਰ ਆਗੂਆਂ ਦੀ ਮੀਟਿੰਗ ਦੌਰਾਨ ਦੇਸ਼ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ। ਪਾਰਟੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈਂਦਾ ਹੈ, ਜਿਨ੍ਹਾਂ ਨੇ ਔਰਤਾਂ ਦੀ ਇੱਜ਼ਤ, ਬਰਾਬਰੀ ਅਤੇ ਸਮਾਨ ਅਧਿਕਾਰਾਂ ਦੀ ਹਿਮਾਇਤ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਵੀ ਆਪਣੇ ਸਦਨ ਵਿੱਚ ਮਹਿਲਾਵਾਂ ਲਈ ਰਾਖਵਾਂਕਰਨ ਦਾ ਪ੍ਰਬੰਧ ਕਰਕੇ ਪਹਿਲਾਂ ਹੀ ਇੱਕ ਮਿਸਾਲ ਕਾਇਮ ਕੀਤੀ ਹੈ। ਸੰਸਦ ਦੇ ਸਾਹਮਣੇ ਮੌਜੂਦ ਮੁੱਖ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਨਿਰਪੱਖ ਅਤੇ ਸਮਾਨ ਪਰਿਸੀਮਨ ਦੀ ਵੀ ਮੰਗ ਕੀਤੀ, ਜਿਸ ਨਾਲ ਸਾਰੇ ਰਾਜਾਂ ਨੂੰ ਬਰਾਬਰ ਪ੍ਰਤੀਨਿਧਤਾ ਯਕੀਨੀ ਬਣਾਈ ਜਾ ਸਕੇ।

# ਕਾਮਨਵੈਲਥ ਖੇਡਾਂ 'ਚ ਸਿਲਵਰ ਮੈਡਲ ਜਿੱਤਣ ਵਾਲੀ ਪੰਜਾਬਣ ਹਰਜਿੰਦਰ ਕੌਰ

ਗਲਾਸਗੋ ਵਿੱਚ ਖੇਡੀਆਂ ਗਈਆਂ ਕਾਮਨਵੈਲਥ ਖੇਡਾਂ ਵਿੱਚ ਭਾਰਤ ਦੀ ਵੇਟਲਿਫਟਰ ਹਰਜਿੰਦਰ ਕੌਰ ਨੇ ਚਾਂਦੀ ਦਾ ਮੈਡਲ ਜਿੱਤਿਆ ਹੈ। ਪੰਜਾਬ ਦੇ ਨਾਭਾ ਨੇੜਲੇ ਪਿੰਡ ਮੈਹਸ਼ ਦੀ ਰਹਿਣ ਵਾਲੀ ਹਰਜਿੰਦਰ ਨੇ ਵੇਟਲਿਫਟਿੰਗ ਮੁਕਾਬਲਿਆਂ ਵਿੱਚ ਮਹਿਲਾਵਾਂ ਦੇ 69 ਕਿਲੋਗ੍ਰਾਮ ਭਾਰ ਵਰਗ ਵਿੱਚ ਕੁੱਲ 227 ਕਿਲੋ ਭਾਰ ਚੁੱਕ ਕੇ ਸਿਲਵਰ ਮੈਡਲ ਹਾਸਲ ਕੀਤਾ। ਹਰਜਿੰਦਰ ਕੌਰ ਨੇ ਸਨੈਚ ਵਿੱਚ 101 ਕਿਲੋ ਤੇ ਕਲੀਨ ਐਂਡ ਜਰਕ ਵਿੱਚ 126 ਕਿਲੋ ਭਾਰ ਚੁੱਕਿਆ। ਇਹ ਹਰਜਿੰਦਰ ਦਾ ਵਿਅਕਤੀਗਤ (ਪਰਸਨਲ ਬੈਸਟ) ਸਭ ਤੋਂ ਵਧੀਆ ਪ੍ਰਦਰਸ਼ਨ ਹੈ।

ਗੋਲਡ ਮੈਡਲ ਜੇਤੂ ਕੈਨੇਡਾ ਦੀ ਵੇਟਲਿਫਟਰ ਦੇ ਭਾਰ ਚੁੱਕਣ ਤੋਂ ਪਹਿਲਾਂ ਇੱਕ ਵਾਰ ਤਾਂ ਹਰਜਿੰਦਰ ਨੇ ਸਨੈਚ, ਕਲੀਨ ਐਂਡ ਜਰਕ ਅਤੇ ਕੁੱਲ ਭਾਰ ਵਿੱਚ ਗੇਮਜ਼ ਰਿਕਾਰਡ ਬਣਾ ਦਿੱਤਾ ਸੀ। ਵੇਟਲਿਫਟਰ ਹਰਜਿੰਦਰ ਕੌਰ ਨੇ ਦੋਵੇ ਵਰਗਾਂ ਵਿੱਚ ਤਿੰਨੇ ਕੋਸ਼ਿਸ਼ਾਂ ਵਿੱਚ ਸਫਲਤਾ ਹਾਸਲ ਕੀਤੀ ਅਤੇ ਹਰ ਵਾਰ ਆਪਣੇ ਪ੍ਰਦਰਸ਼ਨ ਵਿੱਚ ਸੁਧਾਰ ਕੀਤਾ। ਹਰਜਿੰਦਰ ਕੌਰ ਨੇ 2022 ਵਿੱਚ ਹੋਇਆਂ ਬਰਮਿੰਘਮ ਕਾਮਨਵੈਲਥ ਖੇਡਾਂ ਵਿੱਚ ਕਾਂਸੇ ਦਾ ਤਗਮਾ ਜਿੱਤਿਆ ਸੀ ਤੇ ਇਸ ਵਾਰ ਉਹ ਆਪਣੇ ਮੈਡਲ ਦਾ ਰੰਗ ਬਦਲਣ ਵਿੱਚ ਕਾਮਯਾਬ ਰਹੇ।



ਜੇਕਰ ਪੰਜਾਬ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਇਹ ਪਹਿਲਾਂ ਤਗਮਾ ਹੈ। ਕਾਮਨਵੈਲਥ ਗੇਮਜ਼ 2026 ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਤੋਂ ਬਾਅਦ ਨਿਊਜ਼ ਏਜੰਸੀ ਏਐਨਆਈ ਨਾਲ ਗੱਲਬਾਤ ਕਰਦਿਆਂ ਵੇਟਲਿਫ਼ਟਰ ਹਰਜਿੰਦਰ ਕੌਰ ਨੇ ਕਿਹਾ, "ਮੈਂ ਭਾਰਤ ਲਈ ਸਿਲਵਰ ਮੈਡਲ ਜਿੱਤ ਕੇ ਬਹੁਤ ਖ਼ੁਸ਼ ਹਾਂ। ਮੈਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਮੈਂ ਆਪਣੀ ਕਾਰਗੁਜ਼ਾਰੀ ਤੋਂ ਬਹੁਤ ਖ਼ੁਸ਼ ਹਾਂ, ਮੈਂ ਆਪਣਾ ਮੈਡਲ ਆਪਣੇ ਪਰਿਵਾਰ ਨੂੰ ਸਮਰਪਿਤ ਕਰਾਂਗੀ। ਮੈਂ ਭਾਰਤੀ ਫੈਡਰੇਸ਼ਨ ਅਤੇ ਭਾਰਤ ਸਰਕਾਰ ਦੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਨੂੰ ਇੱਥੇ ਪਹੁੰਚਣ ਵਿੱਚ ਮਦਦ ਕੀਤੀ।

ਹਰਜਿੰਦਰ ਕੌਰ ਦਾ ਜਨਮ 14 ਅਕਤੂਬਰ 1996 ਨੂੰ ਪੰਜਾਬ ਦੇ ਨਾਭਾ ਨੇੜੇ ਪਿੰਡ ਮੈਹਸ਼ ਵਿੱਚ ਇੱਕ ਸਧਾਰਨ ਕਿਸਾਨ ਪਰਿਵਾਰ ਵਿੱਚ ਹੋਇਆ। ਹਰਜਿੰਦਰ ਕੌਰ ਇੱਕ ਕਮਰੇ ਦੇ ਘਰ ਵਿੱਚ ਪਲੀ ਅਤੇ ਵੱਡੀ ਹੋਈ। ਹਰਜਿੰਦਰ ਕੌਰ ਦੇ ਪਰਿਵਾਰ ਨੂੰ ਗੰਭੀਰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੇ ਪਿਤਾ ਸਾਹਿਬ ਸਿੰਘ ਲਈ ਸਿਖਲਾਈ ਦਾ ਬੁਨਿਆਦੀ ਖ਼ਰਚਾ ਚੁੱਕਣਾ ਵੀ ਔਖਾ ਸੀ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ, ਪੇਂਡੂ ਜੀਵਨ ਨੇ ਹੀ ਉਨ੍ਹਾਂ ਦੀ ਖੇਡ ਸਫ਼ਲਤਾ ਦੀ ਨੀਂਹ ਰੱਖੀ। ਹਰਜਿੰਦਰ ਕੌਰ ਰੋਜ਼ਾਨਾ ਪਸ਼ੂਆਂ ਲਈ ਚਾਰਾ ਤਿਆਰ ਕਰਨ ਲਈ ਟੋਕੇ ਵਾਲੀ ਮਸ਼ੀਨ ਹੱਥਾਂ ਨਾਲ ਚਲਾਉਂਦੇ ਸਨ। ਇਸ ਸਖ਼ਤ ਮਿਹਨਤ ਕਾਰਨ ਵੀ ਉਨ੍ਹਾਂ ਨੂੰ ਕਾਫ਼ੀ ਮਜ਼ਬੂਤੀ ਮਿਲੀ। ਸਾਲ 2022 ਵਿੱਚ ਹੋਈਆਂ ਬਰਮਿੰਘਮ ਕਾਮਨਵੈਲਥ ਖੇਡਾਂ 'ਚ ਹਰਜਿੰਦਰ ਕੌਰ ਨੇ ਜਦੋਂ ਕਾਂਸੇ ਦਾ ਤਗ਼ਮਾ ਜਿੱਤਿਆ ਸੀ ਤਾਂ ਉਦੋਂ ਉਨ੍ਹਾਂ ਦੇ ਪਿਤਾ ਸਾਹਿਬ ਸਿੰਘ ਨੇ ਬੀਬੀਸੀ ਨਾਲ ਗੱਲਬਾਤ ਕਰਦਿਆ ਦੱਸਿਆ ਸੀ ਕਿ ਹਰਜਿੰਦਰ ਬਹੁਤ ਮਿਹਨਤੀ ਲੜਕੀ ਹੈ, ਉਹ ਘਰ ਦੇ ਕੰਮਾਂ ਤੋਂ ਇਲਾਵਾ ਉਨ੍ਹਾਂ ਨਾਲ ਵੀ ਕੰਮ 'ਚ ਹੱਥ ਵਟਾਉਂਦੀ ਸੀ। ਸਾਹਿਬ ਸਿੰਘ ਨੇ ਕਿਹਾ, ਹਰਜਿੰਦਰ ਤੇ ਉਸ ਦੀ ਭੈਣ ਦੋਵੇਂ ਸਾਈਕਲ 'ਤੇ ਸਕੂਲ ਜਾਂਦੀਆਂ ਸਨ। ਜਦੋਂ ਮੈਂ ਬਾਹਰੋ ਕੰਮ ਕਰਕੇ ਆਉਣਾ ਤਾਂ ਘਰ ਪਸ਼ੂਆਂ ਦੇ ਚਾਰੇ ਲਈ ਹਰਜਿੰਦਰ ਤੋਂ ਮਦਦ ਮੰਗਣੀ ਤਾਂ ਉਸ ਨੇ ਕਦੇ ਵੀ ਮਨ੍ਹਾ ਨਹੀਂ ਕੀਤਾ ਸੀ ਭਾਵੇਂ ਉਹ ਸਕੂਲ ਤੋਂ ਜਿੰਨਾ ਮਰਜ਼ੀ ਥੱਕੀ ਆਈ ਹੋਵੇ।"

ਸਾਹਿਬ ਸਿੰਘ ਨੇ ਅੱਗੇ ਕਿਹਾ, "ਹਰਜਿੰਦਰ ਕੌਰ ਨੂੰ ਪਹਿਲਾਂ ਕਬੱਡੀ ਗੇਮ 'ਚ ਲਗਨ ਸੀ, ਉੱਥੇ ਵੀ ਵਧੀਆ ਪਰਫਾਮ ਕਰਦੀ ਸੀ। ਫਿਰ ਸਾਡੇ ਲੜਕੇ ਨੇ ਹਰਜਿੰਦਰ ਨੂੰ ਸਲਾਹ ਦਿੱਤੀ ਕਿ ਕਬੱਡੀ ਛੱਡ ਕੇ ਵੇਟਲਿਫਟਿੰਗ ਵੱਲ ਧਿਆਨ ਦਿ , ਫਿਰ ਹਰਜਿੰਦਰ ਕੌਰ ਨੇ ਅਜਿਹਾ ਹੀ ਕੀਤਾ, ਉਸ ਨੂੰ ਵਧੀਆ ਕੋਚ ਮਿਲ ਗਏ। ਜਿਨ੍ਹਾਂ ਦੀ ਬਦਲੌਤ ਉਹ ਇਸ ਖੇਡ ਨੂੰ ਸਿੱਖੀ ਅਤੇ ਅੱਜ ਸਭ ਦਾ ਨਾਂਅ ਰੌਸ਼ਨ ਕੀਤਾ। ਹਰਜਿੰਦਰ ਕੌਰ ਦੇ ਪਿਤਾ ਨੇ ਕਿਹਾ ਕਿ ਪਹਿਲਾਂ ਹਾਲਾਤ ਅਜਿਹੇ ਸਨ ਕਿ ਬੱਚੇ ਦੇ ਕਾਲਜ ਦੀ ਫੀਸ ਭਰਨ ਲਈ ਪੈਸੇ ਨਹੀਂ ਹੁੰਦੇ ਸਨ। ਹਰਜਿੰਦਰ ਕੌਰ ਦੇ ਮਾਤਾ ਕੁਲਦੀਪ ਕੌਰ ਨੇ ਵੀ ਉਦੋਂ ਬੀਬੀਸੀ ਪੰਜਾਬੀ ਨਾਲ ਗੱਲਬਾਤ ਦੌਰਾਨ ਕਿਹਾ ਸੀ ਕਿ ਇਹ ਅਰਦਾਸਾਂ ਅਤੇ ਉਨ੍ਹਾਂ ਦੀ ਲੜਕੀ ਦੀ ਮਿਹਨਤ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਦੇ ਘਰ ਦੇ ਹਾਲਾਤ ਸਨ ਉਨ੍ਹਾਂ ਨੂੰ ਨਹੀਂ ਲੱਗਦਾ ਸੀ ਇਹ ਸੁਧਰਨਗੇ ਪਰ ਬੱਚਿਆਂ ਦੀ ਮਿਹਨਤ 'ਤੇ ਵਿਸ਼ਵਾਸ਼ ਸੀ ਜਿਨ੍ਹਾਂ ਕਰਕੇ ਹਾਲਾਤ ਬਦਲੇ ਹਨ।

# ਬਾਡੀ ਬਿਲਡਰਾਂ ਦੀ ਅਚਾਨਕ ਮੌਤ ਦੇ ਕੀ ਕਾਰਨ ਹਨ

ਜੁਲਾਈ ਮਹੀਨੇ ਦੇ ਸ਼ੁਰੂ ਵਿੱਚ, ਮੈਲਸਨ ਅਰਾਊਜੋ ਨੇ ਜਿਮ ਵਿੱਚ ਆਪਣੀ ਇੱਕ ਤਸਵੀਰ ਪੋਸਟ ਕੀਤੀ, ਜਿਵੇਂ ਕਿ ਉਹ ਅਕਸਰ ਕਰਦੇ ਹੁੰਦੇ ਸੀ, ਜਿਸ ਵਿੱਚ ਉਨ੍ਹਾਂ ਦੀ ਉਹ ਸਰੀਰਕ ਬਣਤਰ ਦਿਖਾਈ ਦੇ ਰਹੀ ਸੀ ਜਿਸ ਨੇ ਉਨ੍ਹਾਂ ਨੂੰ ਇੱਕ ਪੇਸ਼ੇਵਰ ਬਾਡੀ ਬਿਲਡਰ ਅਤੇ ਹਜ਼ਾਰਾਂ ਫਾਲੋਅਰਾਂ ਵਾਲਾ ਫਿਟਨੈੱਸ ਇਨਫਲੂਐਂਸਰ ਬਣਾਇਆ ਸੀ। ਲਾਲ ਰੰਗ ਦੀ ਬਨਿਆਨ ਪਹਿਨੇ ਹੋਏ, ਉਨ੍ਹਾਂ ਨੇ ਆਪਣੀਆਂ ਅਸਧਾਰਣ ਤੌਰ 'ਤੇ ਮਜ਼ਬੂਤ ਬਾਹਾਂ ਦਿਖਾਈਆਂ, ਜੋ ਕਿਸੇ ਸੁਪਰਹੀਰੋ ਦੀਆਂ ਲੱਗਦੀਆਂ ਸਨ। ਕੁਝ ਘੰਟਿਆਂ ਬਾਅਦ, 35 ਸਾਲਾ ਇਹ ਬ੍ਰਾਜ਼ੀਲੀ ਵਿਅਕਤੀ ਬਾਹੀਆ ਸੂਬੇ ਵਿੱਚ ਆਪਣੇ ਘਰ ਵਿੱਚ ਅਚਾਨਕ ਬਿਮਾਰ ਹੋਣ ਤੋਂ ਬਾਅਦ ਮਰਿਆ ਮਿਲਿਆ। ਹਾਲਾਂਕਿ ਅਰਾਊਜੋ ਦੀ ਮੌਤ ਦੇ ਕਾਰਨ ਦੀ ਅਜੇ ਤੱਕ ਪੁਸ਼ਟੀ ਨਹੀਂ ਹੋਈ, ਪਰ ਉਹ ਉਨ੍ਹਾਂ ਕਈ ਬਾਡੀ ਬਿਲਡਰਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਦੀ ਅਚਾਨਕ ਮੌਤ ਹੋਈ ਹੈ। ਮਈ ਦੇ ਅਖੀਰ ਵਿੱਚ, ਬ੍ਰਾਜ਼ੀਲ ਦੇ ਸਭ ਤੋਂ ਮਸ਼ਹੂਰ ਨੌਜਵਾਨ ਬਾਡੀ ਬਿਲਡਰਾਂ ਵਿੱਚੋਂ ਇੱਕ, ਗੈਬਰੀਅਲ ਗੈਨਲੀ ਦੀ 22 ਸਾਲ ਦੀ ਉਮਰ ਵਿੱਚ ਅਚਾਨਕ ਦਿਲ ਦੇ ਰੁਕਣ ਕਾਰਨ (ਕਾਰਡੀਅਕ) ਮੌਤ ਹੋ ਗਈ। ਪਿਛਲੇ ਸਾਲ ਵੀ 30 ਅਤੇ 40 ਸਾਲ ਦੀ ਉਮਰ ਦੇ ਦੋ ਹੋਰ ਬ੍ਰਾਜ਼ੀਲੀਅਨ ਬਾਡੀ ਬਿਲਡਰਾਂ ਦੀ ਦਿਲ ਨਾਲ ਸੰਬੰਧਿਤ ਸਮੱਸਿਆਵਾਂ ਕਾਰਨ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚੋਂ ਇੱਕ ਦੀ ਮੁਕਾਬਲੇ ਦੌਰਾਨ ਮੌਤ ਹੋਈ। ਇਸ ਤਰ੍ਹਾਂ ਦੀਆਂ ਮੌਤਾਂ ਦੁਨੀਆ ਭਰ ਵਿੱਚ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਅਮਰੀਕੀ ਬਾਡੀ ਬਿਲਡਰ ਡਾਲਸ ਮੈਕਕਾਰਵਰ, ਜਿਨ੍ਹਾਂ ਦੀ 2017 ਵਿੱਚ 26 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਸੀ ਅਤੇ ਜਰਮਨ ਫਿਟਨੈੱਸ ਇਨਫਲੂਐਂਸਰ ਤੇ ਬਾਡੀ ਬਿਲਡਰ ਜੋਅ ਲਿੰਡਨਰ, ਜਿਨ੍ਹਾਂ ਦੀ 2023 ਵਿੱਚ 30 ਸਾਲ ਦੀ ਉਮਰ ਵਿੱਚ ਮੌਤ ਹੋਈ ਸੀ, ਸ਼ਾਮਲ ਹਨ।

ਤਾਂ ਫਿਰ ਅਜਿਹਾ ਕਿਉਂ ਹੋ ਰਿਹਾ ਹੈ ਕਿ ਮਜ਼ਬੂਤ ਅਤੇ ਫਿਟ ਦਿਖਾਈ ਦੇਣ ਵਾਲੇ ਕੁਝ ਬਾਡੀ ਬਿਲਡਰ ਕਾਫ਼ੀ ਛੋਟੀ ਉਮਰ ਵਿੱਚ ਹੀ ਅਚਾਨਕ ਮਰ ਰਹੇ ਹਨ? ਮੁਕਾਬਲੇ ਵਾਲੀ ਬਾਡੀ ਬਿਲਡਿੰਗ ਨਾਲ ਜੁੜੇ ਖ਼ਤਰਿਆਂ ਬਾਰੇ 2025 ਦੇ ਇੱਕ ਅਧਿਐਨ ਵਿੱਚ ਰੌਸ਼ਨੀ ਪਾਈ ਗਈ, ਜਿਸ ਵਿੱਚ ਖੋਜਕਾਰਾਂ ਨੇ 2005 ਤੋਂ 2020 ਦਰਮਿਆਨ ਇਸ ਖੇਡ ਦੀ ਗਵਰਨਿੰਗ ਬਾਡੀ ਵੱਲੋਂ ਕਰਵਾਏ ਗਏ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਲਗਭਗ 20,000 ਸ਼ੌਕੀਨ ਅਤੇ ਪੇਸ਼ੇਵਰ ਬਾਡੀ ਬਿਲਡਰਾਂ ਦਾ ਅਧਿਐਨ ਕੀਤਾ।

ਯੂਰਪੀਅਨ ਹਾਰਟ ਜਰਨਲ ਵਿੱਚ ਪ੍ਰਕਾਸ਼ਿਤ ਇਸ ਅਧਿਐਨ ਵਿੱਚ ਪਾਇਆ ਗਿਆ ਕਿ ਪੇਸ਼ੇਵਰ ਬਾਡੀ ਬਿਲਡਰਾਂ ਵਿੱਚ ਅਚਾਨਕ ਦਿਲ ਰੁਕਣ (ਸਡਨ ਕਾਰਡਿਅਕ ਡੈਥ) ਨਾਲ ਮੌਤ ਦੀ ਸੰਭਾਵਨਾ ਸ਼ੌਕੀਨ ਮੁਕਾਬਲੇਬਾਜ਼ਾਂ ਨਾਲੋਂ ਪੰਜ ਗੁਣਾ ਤੋਂ ਵੀ ਵੱਧ ਸੀ। ਅਚਾਨਕ ਦਿਲ ਦੇ ਬੰਦ ਹੋ ਜਾਣ ਦੀ ਘਟਨਾ ਨੌਜਵਾਨ ਅਤੇ ਸਿਹਤਮੰਦ ਲੋਕਾਂ ਵਿੱਚ ਕਾਫ਼ੀ ਦੁਰਲੱਭ ਹੁੰਦੀ ਹੈ ਅਤੇ ਅਕਸਰ ਦਿਲ ਦੀਆਂ ਪਹਿਲਾਂ ਤੋਂ ਮੌਜੂਦ ਬਿਮਾਰੀਆਂ ਨਾਲ ਜੁੜੀ ਹੁੰਦੀ ਹੈ। ਅਧਿਐਨ ਵਿੱਚ ਕੁੱਲ 121 ਮੌਤਾਂ ਦੀ ਪਛਾਣ ਕੀਤੀ ਗਈ, ਜਿਨ੍ਹਾਂ ਵਿੱਚੋਂ 46 ਨੂੰ ਅਚਾਨਕ ਦਿਲ ਦੇ ਬੰਦ ਹੋਣ ਕਾਰਨ ਹੋਈਆਂ ਮੌਤਾਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ। ਮੌਤ ਦੀ ਔਸਤ ਉਮਰ 45 ਸਾਲ ਸੀ, ਪਰ ਸਰਗਰਮ ਤੌਰ 'ਤੇ ਮੁਕਾਬਲੇ ਕਰਨ ਵਾਲੇ ਖਿਡਾਰੀਆਂ ਵਿੱਚ ਇਹ ਕੇਵਲ 34.7 ਸਾਲ ਸੀ। ਇਟਲੀ ਦੀ ਯੂਨੀਵਰਸਿਟੀ ਆਫ ਪਾਡੋਵਾ ਨਾਲ ਸੰਬੰਧਿਤ ਅਤੇ ਅਧਿਐਨ ਦੇ ਮੁੱਖ ਲੇਖਕ, ਡਾ. ਮਾਰਕੋ ਵੇਕਿਆਤੋ ਨੇ ਕਿਹਾ ਕਿ ਬਾਡੀ ਬਿਲਡਰਾਂ ਦੀਆਂ ਮੌਤਾਂ ਦੇ ਪਿੱਛੇ ਕਈ ਕਾਰਕ ਹੋ ਸਕਦੇ ਹਨ, ਜਿਨ੍ਹਾਂ ਵਿੱਚ ਪ੍ਰਦਰਸ਼ਨ ਵਧਾਉਣ ਵਾਲੀਆਂ ਦਵਾਈਆਂ ਦੀ "ਵਿਆਪਕ ਵਰਤੋਂ", ਮੁਕਾਬਲਿਆਂ ਲਈ ਤੇਜ਼ੀ ਨਾਲ ਵਜ਼ਨ ਘਟਾਉਣਾ ਅਤੇ "ਬਹੁਤ ਜ਼ਿਆਦਾ ਤਾਕਤ ਵਾਲੀ ਟ੍ਰੇਨਿੰਗ" ਸ਼ਾਮਲ ਹਨ।

2025 ਵਿੱਚ ਜਰਨਲ ਸਰਕੂਲੇਸ਼ਨ ਵਿੱਚ ਪ੍ਰਕਾਸ਼ਿਤ ਡੈਨਮਾਰਕ ਦੇ ਖੋਜਕਾਰਾਂ ਦੇ ਇੱਕ ਹੋਰ ਅਧਿਐਨ ਵਿੱਚ 1,189 ਅਜਿਹੇ ਮਰਦਾਂ ਦਾ ਅਧਿਐਨ ਕੀਤਾ ਗਿਆ ਜੋ ਐਨਾਬੋਲਿਕ ਸਟੀਰਾਇਡ ਵਰਤਦੇ ਸਨ ਅਤੇ ਉਨ੍ਹਾਂ ਦੀ ਤੁਲਨਾ ਲਗਭਗ 60,000 ਆਮ ਆਬਾਦੀ ਵਾਲੇ ਮਰਦਾਂ ਨਾਲ 11 ਸਾਲਾਂ ਤੱਕ ਕੀਤੀ ਗਈ। ਇਸ ਵਿੱਚ ਪਾਇਆ ਗਿਆ ਕਿ ਸਟੀਰਾਇਡ ਵਰਤਣ ਵਾਲਿਆਂ ਵਿੱਚ ਕਾਰਡੀਓਮਾਇਓਪੈਥੀ (ਦਿਲ ਦੀ ਮਾਸਪੇਸ਼ੀ ਨੂੰ ਕਮਜ਼ੋਰ ਕਰਨ ਵਾਲੀ ਬਿਮਾਰੀ) ਹੋਣ ਦੀ ਸੰਭਾਵਨਾ ਲਗਭਗ ਨੌਂ ਗੁਣਾ ਵੱਧ ਸੀ। ਦਿਲ ਦੇ ਦੌਰੇ ਦਾ ਖ਼ਤਰਾ ਤਿੰਨ ਗੁਣਾ ਜ਼ਿਆਦਾ ਸੀ, ਜਦਕਿ ਦਿਲ ਫੇਲ ਹੋਣ ਦਾ ਖ਼ਤਰਾ ਤਿੰਨ ਗੁਣਾ ਤੋਂ ਵੀ ਵੱਧ ਆਇਆ ਸੀ। ਮਰਦਾਂ ਵਿੱਚ ਹੋਰ ਸਿਹਤ ਸਮੱਸਿਆਵਾਂ, ਜਿਵੇਂ ਕਿ ਸ਼ੁੱਕਰਾਣੂਆਂ ਦੀ ਗਿਣਤੀ ਘਟਣਾ ਅਤੇ ਲਿੰਗਕ ਕਾਰਗੁਜ਼ਾਰੀ ਵਿੱਚ ਦਿੱਕਤ ਦਾ ਕਾਰਨ ਬਣਨ ਦੇ ਨਾਲ-ਨਾਲ, ਐਨਾਬੋਲਿਕ ਸਟੀਰਾਇਡ ਬਲੱਡ ਪ੍ਰੈਸ਼ਰ ਵਧਾ ਸਕਦੇ ਹਨ, ਧਮਨੀਆਂ ਵਿੱਚ ਪਲੇਕ ਜੰਮ੍ਹਣ ਦੀ ਪ੍ਰਕਿਰਿਆ ਤੇਜ਼ ਕਰ ਸਕਦੇ ਹਨ ਅਤੇ ਦਿਲ ਦੀ ਬਣਤਰ ਵਿੱਚ ਤਬਦੀਲੀਆਂ ਲਿਆ ਸਕਦੇ ਹਨ। ਅਸਲ ਵਿੱਚ, ਯੂਰਪੀਅਨ ਹਾਰਟ ਜਰਨਲ ਵਾਲੇ ਅਧਿਐਨ ਵਿੱਚ ਖੋਜਕਾਰਾਂ ਨੇ ਮਰੇ ਹੋਏ ਬਾਡੀ ਬਿਲਡਰਾਂ ਦੇ ਪੋਸਟਮਾਰਟਮ ਰਿਕਾਰਡਾਂ ਦੀ ਸਮੀਖਿਆ ਕੀਤੀ। ਕਈ ਮਾਮਲਿਆਂ ਵਿੱਚ ਉਨ੍ਹਾਂ ਦੇ ਦਿਲ ਵੱਡੇ ਪਾਏ ਗਏ ਅਤੇ ਖੱਬੇ ਵੈਂਟ੍ਰਿਕਿਊਲਰ ਹਾਈਪਰਟ੍ਰੋਫੀ ਮੋਟੀ ਹੋਈ ਮਿਲੀ, ਜਿਸ ਨਾਲ ਦਿਲ ਦੀ ਧੜਕਣ ਵਿੱਚ ਗੜਬੜ ਅਤੇ ਦਿਲ ਫੇਲ੍ਹ ਹੋਣ ਦਾ ਖ਼ਤਰਾ ਵੱਧ ਸਕਦਾ ਹੈ।

ਕਈ ਕੇਸਾਂ ਵਿੱਚ ਟਾਕਸੀਕੋਲੋਜੀਕਲ ਜਾਚਾਂ ਅਤੇ ਜਨਤਕ ਰਿਪੋਰਟਾਂ ਨੇ ਐਨਾਬੋਲਿਕ ਦਵਾਈਆਂ ਦੀ ਦੁਰਵਰਤੋਂ ਦਾ ਸੰਕੇਤ ਦਿੱਤਾ, ਜਿਨ੍ਹਾਂ ਦੀ ਆਮ ਤੌਰ 'ਤੇ ਪੋਸਟਮਾਰਟਮ ਦੌਰਾਨ ਜਾਂਚ ਨਹੀਂ ਕੀਤੀ ਜਾਂਦੀ। ਜਵਾਨ ਉਮਰ ਵਿੱਚ ਮਰਨ ਵਾਲੇ ਬਾਡੀ ਬਿਲਡਰਾਂ ਦੇ ਪੋਸਟਮਾਰਟਮ ਵਿੱਚ ਅਕਸਰ ਦਿਲ ਦਾ ਅਸਧਾਰਣ ਤੌਰ 'ਤੇ ਵੱਡਾ ਹੋਣਾ ਸਾਹਮਣੇ ਆਇਆ ਹੈ। ਸਭ ਤੋਂ



ਵੱਧ ਚਰਚਿਤ ਮਾਮਲਿਆਂ ਵਿੱਚੋਂ ਇੱਕ ਵਿੱਚ, ਅਮਰੀਕੀ ਬਾਡੀ ਬਿਲਡਰ ਡੈਲਸ ਮੈਕਕਾਰਵਰ, ਜੋ ਇਸ ਖੇਡ ਦੇ ਸਭ ਤੋਂ ਵੱਡੇ ਸਿਤਾਰਿਆਂ ਵਿੱਚੋਂ ਇੱਕ ਸੀ, ਦੀ 2017 ਵਿੱਚ 26 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਪੋਸਟਮਾਰਟਮ ਵਿੱਚ ਪਤਾ ਲੱਗਿਆ ਕਿ ਉਨ੍ਹਾਂ ਦਾ ਦਿਲ 833 ਗ੍ਰਾਮ (1.8 ਪੌਂਡ) ਭਾਰ ਦਾ ਸੀ, ਜੋ ਇੱਕ ਬਾਲਗ ਪੁਰਸ਼ ਦੇ ਆਮ ਦਿਲ ਦੇ ਭਾਰ ਨਾਲੋਂ ਦੁੱਗਣੇ ਤੋਂ ਵੀ ਵੱਧ ਸੀ। 2022 ਦੀ ਇੱਕ ਸਮੀਖਿਆ ਵਿੱਚ ਪਾਇਆ ਗਿਆ ਕਿ ਅਮਰੀਕੀ ਬਾਡੀ ਬਿਲਡਰਾਂ ਦੇ ਦਿਲਾਂ ਦਾ ਔਸਤ ਵਜ਼ਨ ਆਮ ਨਾਲੋਂ ਲਗਭਗ 74% ਵੱਧ ਸੀ ਅਤੇ ਖੱਬੇ ਵੈਂਟ੍ਰਿਕਲ ਦੀਆਂ ਕੰਧਾਂ ਉਮੀਦ ਨਾਲੋਂ 125% ਤੱਕ ਮੋਟੀਆਂ ਸਨ।

ਇੱਕ ਵੱਖਰੇ ਅਧਿਐਨ ਵਿੱਚ, ਖੋਜਕਾਰਾਂ ਨੇ ਇਟਲੀ ਅਤੇ ਸਪੇਨ ਦੇ ਉਨ੍ਹਾਂ ਬਾਡੀ ਬਿਲਡਰਾਂ ਦੀਆਂ ਫੋਰੈਂਸਿਕ ਰਿਪੋਰਟਾਂ ਦੀ ਜਾਂਚ ਕੀਤੀ ਜੋ ਐਨਾਬੋਲਿਕ ਸਟੀਰਾਇਡ ਦੀ ਵਰਤੋਂ ਨਾਲ ਜੁੜੇ ਹੋਏ ਸਨ। ਕਈ ਮਾਮਲਿਆਂ ਵਿੱਚ 20 ਸਾਲਾਂ ਦੀ ਉਮਰ ਵਾਲੇ ਨੌਜਵਾਨ ਖਿਡਾਰੀਆਂ ਦੇ ਦਿਲ ਵੱਡੇ ਮਿਲੇ, ਦਿਲ ਦੀ ਮਾਸਪੇਸ਼ੀ ਬਹੁਤ ਮੋਟੀ ਹੋਈ ਅਤੇ ਕੋਰੋਨਰੀ ਧਮਨੀਆਂ ਦੀਆਂ ਗੰਭੀਰ ਬਿਮਾਰੀਆਂ ਪਾਈਆਂ ਗਈਆਂ। 24 ਸਾਲ ਦੇ ਇੱਕ ਬਾਡੀ ਬਿਲਡਰ ਦੀਆਂ ਮੁੱਖ ਕੋਰੋਨਰੀ ਧਮਨੀਆਂ ਵਿੱਚ 75% ਤੋਂ ਵੱਧ ਰੁਕਾਵਟ ਪਾਈ ਗਈ, ਹਾਲਾਂਕਿ ਉਸ ਦੇ ਪਰਿਵਾਰ ਵਿੱਚ ਦਿਲ ਦੀ ਬਿਮਾਰੀ ਦਾ ਕੋਈ ਜਾਣਿਆ-ਪਛਾਣਿਆ ਇਤਿਹਾਸ ਨਹੀਂ ਸੀ। ਐਂਡੋਕ੍ਰਿਨੋਲੋਜਿਸਟ ਅਤੇ ਖੇਡ ਚਿਕਿਤਸਕ ਕਲੇਟਨ ਮਾਸੇਡੋ ਕਹਿੰਦੇ ਹਨ, "ਦਿਲ ਵੀ ਕਿਸੇ ਹੋਰ ਮਾਸਪੇਸ਼ੀ ਵਾਂਗ ਹੀ ਇੱਕ ਮਾਸਪੇਸ਼ੀ ਹੈ।" "ਮੈਂ ਹਮੇਸ਼ਾ ਕਹਿੰਦਾ ਹਾਂ ਕਿ ਮੈਂ ਕਿਸੇ ਮਰੀਜ਼ ਦੇ ਬਾਇਸੈਪਸ ਵੇਖ ਕੇ ਹੀ ਉਸ ਦੇ ਦਿਲ ਦੇ ਆਕਾਰ ਦਾ ਅੰਦਾਜ਼ਾ ਲਗਾ ਸਕਦਾ ਹਾਂ, ਕਿਉਂਕਿ ਇਹ ਸਰੀਰ ਦੀਆਂ ਹੋਰ ਮਾਸਪੇਸ਼ੀਆਂ ਨਾਲ ਹੀ ਵਧਦਾ ਹੈ।" ਸਟੀਰਾਇਡ ਤੋਂ ਬਿਨਾਂ ਕੀਤੀ ਜਾਣ ਵਾਲੀ ਵੇਟ ਟ੍ਰੇਨਿੰਗ ਵੀ ਦਿਲ ਦੇ ਵਧਣ ਦਾ ਕਾਰਨ ਬਣ ਸਕਦੀ ਹੈ, ਜੋ ਸਰੀਰ ਦੀ ਇੱਕ ਕੁਦਰਤੀ ਅਤੇ ਆਮ ਅਨੁਕੂਲਤਾ ਹੁੰਦੀ ਹੈ। ਪਰ ਬ੍ਰਾਜ਼ੀਲੀਅਨ ਸੁਸਾਇਟੀ ਆਫ ਕਾਰਡੀਓਲੋਜੀ ਦੇ ਬਾਹੀਆ ਚੈਪਟਰ ਦੇ ਪ੍ਰਧਾਨ ਲੁਈਜ਼ ਐਡੁਆਰਡੋ ਫੋਂਟੇਲੇਸ ਰਿਟ ਦੇ ਅਨੁਸਾਰ ਜਦੋਂ ਸਟੀਰਾਇਡ ਦੀ ਵਰਤੋਂ ਤੀਬਰ ਵੇਟ ਟ੍ਰੇਨਿੰਗ ਨਾਲ ਕੀਤੀ ਜਾਂਦੀ ਹੈ, ਤਾਂ ਦਿਲ ਨਾ ਸਿਰਫ਼ ਵੱਡਾ ਹੁੰਦਾ ਹੈ, ਸਗੋਂ ਆਪਣੀ ਠੀਕ ਤਰੀਕੇ ਨਾਲ ਸੁੰਕੜਨ ਦੀ ਸਮਰੱਥਾ ਵੀ ਗੁਆ ਸਕਦਾ ਹੈ।

ਉਹ ਕਹਿੰਦੇ ਹਨ, "ਇਹ ਸਥਿਤੀ ਦਿਲ ਦੇ ਫੇਲ੍ਹ ਹੋਣ ਤੱਕ ਪਹੁੰਚ ਸਕਦੀ ਹੈ ਅਤੇ ਫਿਰ ਇੱਕ ਅਜਿਹੇ ਮੋੜ 'ਤੇ ਆ ਸਕਦੀ ਹੈ ਜਿੱਥੋਂ ਮੁੜ ਵਾਪਸ ਨਹੀਂ ਆਇਆ ਜਾ ਸਕਦਾ।" ਹਾਲਾਂਕਿ ਕੁਝ ਮਾਮਲਿਆਂ ਵਿੱਚ ਦਿਲ ਦੀ ਇਹ ਮੋਟਾਈ ਵਿਰਾਸਤੀ ਕਾਰਨਾਂ ਕਰਕੇ ਵੀ ਹੋ ਸਕਦੀ ਹੈ। ਰਿਟ ਕਹਿੰਦੇ ਹਨ, "ਇੱਥੇ ਇੱਕ ਧੁੰਦਲਾ ਜਿਹਾ ਖੇਤਰ ਮੌਜੂਦ ਹੈ। ਇਹ ਜੈਨੇਟਿਕ ਤੌਰ 'ਤੇ ਤੈਅ ਦਿਲ ਦੀ ਬਿਮਾਰੀ ਹੋ ਸਕਦੀ ਹੈ। ਇਹ ਐਨਾਬੋਲਿਕ ਸਟੀਰਾਇਡ ਨਾਲ ਜੁੜੀ ਹੋ ਸਕਦੀ ਹੈ। ਇਹ ਟ੍ਰੇਨਿੰਗ ਨਾਲ ਜੁੜੀ ਹੋ ਸਕਦੀ ਹੈ। ਜਾਂ ਫਿਰ ਇਹ ਤਿੰਨਾਂ ਕਾਰਕਾਂ ਦਾ ਮਿਲਿਆ-ਜੁਲਿਆ ਨਤੀਜਾ ਵੀ ਹੋ ਸਕਦਾ ਹੈ।" 'ਐਨਾਬੋਲਿਕ ਸਟੀਰਾਇਡ ਵਰਤਣ ਦਾ ਕੋਈ ਸੁਰੱਖਿਅਤ ਤਰੀਕਾ ਨਹੀਂ'। ਸਾਬਕਾ ਬਾਡੀ ਬਿਲਡਰ ਰੋਡਰਿਗੋ ਗੋਇਸ ਦਾ ਕਹਿਣਾ ਹੈ ਕਿ ਉਹ 30 ਸਾਲ ਦੀ ਉਮਰ ਤੱਕ ਕੁਦਰਤੀ ਤਰੀਕੇ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਰਹੇ, ਜਿਸ ਤੋਂ ਬਾਅਦ ਉਨ੍ਹਾਂ ਨੇ ਡਾਕਟਰੀ ਨਿਗਰਾਨੀ ਹੇਠ ਸਟੀਰਾਇਡ ਦੇ "ਸਾਈਕਲ" ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। "ਸਾਈਕਲਿੰਗ" ਦਾ ਮਤਲਬ ਉਹ ਸਮਾਂ ਹੁੰਦਾ ਹੈ, ਜੋ ਆਮ ਤੌਰ 'ਤੇ ਕਈ ਹਫ਼ਤਿਆਂ ਦਾ ਹੁੰਦਾ ਹੈ, ਜਦੋਂ ਵਰਤੋਂਕਾਰ ਐਨਾਬੋਲਿਕ ਸਟੀਰਾਇਡ ਲੈਂਦੇ ਹਨ ਅਤੇ ਫਿਰ ਸਰੀਰ ਨੂੰ ਮੁੜ ਸੰਭਲਣ ਦਾ ਮੌਕਾ ਦੇਣ ਲਈ ਉਨ੍ਹਾਂ ਨੂੰ ਬੰਦ ਕਰ ਦਿੰਦੇ ਹਨ। ਗੋਇਸ ਕਹਿੰਦੇ ਹਨ। "ਸਰੀਰ 'ਤੇ ਇਸ ਦੇ ਪ੍ਰਭਾਵ ਹੈਰਾਨ ਕਰ ਦੇਣ ਵਾਲੇ ਹੁੰਦੇ ਹਨ। ਤੁਸੀਂ ਕੁਦਰਤੀ ਤਰੀਕੇ ਨਾਲ ਹੋਣ ਵਾਲੇ ਵਿਕਾਸ ਨਾਲੋਂ ਕਾਫ਼ੀ ਤੇਜ਼ੀ ਨਾਲ ਮਾਸਪੇਸ਼ੀਆਂ ਬਣਾਉਂਦੇ ਹੋ। ਤੁਸੀਂ ਹੋਰ ਪਤਲੇ ਦਿਖਾਈ ਦਿੰਦੇ ਹੋ ਅਤੇ ਤੁਹਾਡੀਆਂ ਮਾਸਪੇਸ਼ੀਆਂ ਜ਼ਿਆਦਾ ਤੇਜ਼ੀ ਨਾਲ ਰਿਕਵਰ ਕਰਦੀਆਂ ਹਨ। ਇਸੇ ਲਈ ਇਹ ਇੰਨਾ ਆਕਰਸ਼ਕ ਲੱਗਦਾ ਹੈ।" ਹਾਲਾਂਕਿ, ਡਾਕਟਰੀ ਨਿਗਰਾਨੀ ਹੇਠ ਸੰਭਲ ਕੇ ਖੁਰਾਕਾਂ ਲੈਣ ਦੇ ਬਾਵਜੂਦ, ਗੋਇਸ ਨੂੰ ਵਾਲ ਝੜਨ, ਤਣਾਅ, ਨੀਂਦ ਨਾ ਆਉਣ ਅਤੇ ਰਾਤ ਨੂੰ ਬਹੁਤ ਵੱਧ ਪਸੀਨਾ ਆਉਣ ਵਰਗੇ ਸਾਈਡ-ਇਫੈਕਟ ਹੋਏ। ਪਰ ਉਹ ਕਹਿੰਦੇ ਹਨ ਕਿ ਸਭ ਤੋਂ ਗੰਭੀਰ ਪ੍ਰਭਾਵ ਮਨੋਵਿਗਿਆਨਿਕ ਸਨ। "ਮੈਂ ਕਦੇ ਵੀ ਇੰਜੈਕਸ਼ਨਾਂ ਦੇ ਇਸ ਪੂਰੇ ਰੁਟੀਨ ਨਾਲ ਸਹਿਜ ਮਹਿਸੂਸ ਨਹੀਂ ਕੀਤਾ। ਇੱਕ ਤਰੀਕੇ ਨਾਲ ਮੈਨੂੰ ਲੱਗਦਾ ਸੀ ਕਿ ਮੈਂ ਕਿਸੇ ਨਸ਼ੇ ਦਾ ਆਦੀ ਹਾਂ। ਇਹ ਕਹਿਣਾ ਮੁਸ਼ਕਲ ਹੈ, ਪਰ ਮੈਨੂੰ ਮਹਿਸੂਸ ਹੁੰਦਾ ਸੀ ਕਿ ਮੈਂ ਕੁਝ ਗ਼ਲਤ ਕਰ ਰਿਹਾ ਹਾਂ।" ਗੋਇਸ ਹੁਣ ਸਟੀਰਾਇਡ ਦੀ ਦੁਰਵਰਤੋਂ ਦੇ ਖ਼ਿਲਾਫ਼ ਮੁਹਿੰਮ ਚਲਾਉਂਦੇ ਹਨ। ਉਹ ਕਹਿੰਦੇ ਹਨ, "ਐਨਾਬੋਲਿਕ ਸਟੀਰਾਇਡ ਵਰਤਣ ਦਾ ਕੋਈ ਵੀ ਸੁਰੱਖਿਅਤ ਤਰੀਕਾ ਨਹੀਂ ਹੈ। ਡਾਕਟਰ ਸਿਰਫ਼ ਨੁਕਸਾਨ ਨੂੰ ਕੰਟ੍ਰੋਲ ਕਰ ਸਕਦੇ ਹਨ, ਪਰ ਨੁਕਸਾਨ ਤਾਂ ਹੋਵੇਗਾ ਹੀ।" ਸਟੀਰਾਇਡ ਨਾਲ ਹੋਣ ਵਾਲੇ ਸਿਹਤ ਨੁਕਸਾਨਾਂ ਨੂੰ ਮਾਪਣ ਵਿੱਚ ਇੱਕ ਵੱਡੀ ਚੁਣੌਤੀ ਇਹ ਹੈ ਕਿ ਕਈ ਦੇਸ਼ ਸਟੀਰਾਇਡ ਨਾਲ ਸੰਬੰਧਿਤ ਮੌਤਾਂ ਦਾ ਵਿਵਸਥਿਤ ਰਿਕਾਰਡ ਨਹੀਂ ਰੱਖਦੇ। ਬ੍ਰਾਜ਼ੀਲ ਵਿੱਚ ਐਨਾਬੋਲਿਕ ਸਟੀਰਾਇਡ ਨਾਲ ਜੁੜੀ ਮੌਤ ਦਰ ਬਾਰੇ ਕੋਈ ਅਧਿਕਾਰਕ ਅੰਕੜੇ ਨਹੀਂ ਹਨ। ਕਈ ਹੋਰ ਦੇਸ਼ ਵੀ ਮੌਤ ਦੇ ਮਾਮਲਿਆਂ ਵਿੱਚ ਸਟੀਰਾਇਡ ਦੀ ਵਰਤੋਂ ਨੂੰ ਭੂਮਿਕਾ ਨਿਭਾਉਣ ਵਾਲੇ ਕਾਰਕ ਵਜੋਂ ਨਿਯਮਿਤ ਤੌਰ 'ਤੇ ਦਰਜ ਨਹੀਂ ਕਰਦੇ। ਆਮ ਤੌਰ 'ਤੇ ਮੌਤਾਂ ਨੂੰ ਉਨ੍ਹਾਂ ਦੇ ਤੁਰੰਤ ਕਾਰਨ, ਜਿਵੇਂ ਦਿਲ ਦਾ ਦੌਰਾ, ਸਟ੍ਰੋਕ ਜਾਂ ਕਾਰਡੀਓਮਾਇਓਪੈਥੀ, ਦੇ ਆਧਾਰ 'ਤੇ ਦਰਜ ਕੀਤਾ ਜਾਂਦਾ ਹੈ, ਨਾ ਕਿ ਪ੍ਰਦਰਸ਼ਨ ਵਧਾਉਣ ਵਾਲੀਆਂ ਦਵਾਈਆਂ ਦੀ ਸੰਭਾਵਿਤ ਭੂਮਿਕਾ ਦੇ ਆਧਾਰ 'ਤੇ। ਮੈਡੀਕਲ ਜਾਂਚ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਸਟੀਰਾਇਡ ਦੀ ਵਰਤੋਂ ਅਕਸਰ ਪਤਾ ਨਹੀਂ ਲੱਗਦੀ, ਕਿਉਂਕਿ ਐਨਾਬੋਲਿਕ ਸਟੀਰਾਇਡ ਸਰੀਰ ਵੱਲੋਂ ਕੁਦਰਤੀ ਤੌਰ 'ਤੇ ਬਣਾਏ ਜਾਂਦੇ ਹਾਰਮੋਨਾਂ ਨਾਲ ਬਹੁਤ ਮਿਲਦੇ-ਜੁਲਦੇ ਹੁੰਦੇ ਹਨ, ਜਿਸ ਕਾਰਨ ਮੌਤ ਤੋਂ ਬਾਅਦ ਉਨ੍ਹਾਂ ਦੀ ਪਛਾਣ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਨ੍ਹਾਂ ਸਾਰੇ ਕਾਰਕਾਂ ਨੂੰ ਇਕੱਠੇ ਵੇਖਿਆ ਜਾਵੇ ਤਾਂ ਇਹ ਜਾਣਨਾ ਬਹੁਤ ਔਖਾ ਹੈ ਕਿ ਅਸਲ ਵਿੱਚ ਕਿੰਨੀਆਂ ਮੌਤਾਂ ਪ੍ਰਦਰਸ਼ਨ ਵਧਾਉਣ ਵਾਲੀਆਂ ਦਵਾਈਆਂ ਨਾਲ ਜੁੜੀਆਂ ਹੋ ਸਕਦੀਆਂ ਹਨ। ਮਾਸੇਡੋ ਕਹਿੰਦੇ ਹਨ, "ਮੈਂ ਹਰ ਰੋਜ਼ ਇਸ ਨਾਲ ਕੰਮ ਕਰਦਾ ਹਾਂ। ਮੈਂ ਕਿਸੇ ਦੇ ਬਾਇਸੈਪਸ ਵੇਖ ਕੇ ਹੀ ਸਮਝ ਸਕਦਾ ਹਾਂ।" "ਬਦਕਿਸਮਤੀ ਨਾਲ, ਜਦੋਂ ਮੈਂ ਅਜਿਹੇ ਬਾਇਸੈਪਸ ਵੇਖਦਾ ਹਾਂ, ਤਾਂ ਮੈਨੂੰ ਅਕਸਰ ਸਮਝ ਆ ਜਾਂਦੀ ਹੈ ਕਿ ਉਸ ਵਿਅਕਤੀ ਦਾ ਦਿਲ ਪਹਿਲਾਂ ਹੀ ਪ੍ਰਭਾਵਿਤ ਹੋ ਚੁੱਕਾ ਹੈ ਜਾਂ ਪ੍ਰਭਾਵਿਤ ਹੋਣਾ ਸ਼ੁਰੂ ਹੋ ਗਿਆ ਹੈ। ਬਹੁਤ ਵਾਰ ਇਸ ਦੀ ਕੀਮਤ ਬਾਅਦ ਵਿੱਚ ਚੁਕਾਉਣੀ ਪੈਂਦੀ ਹੈ। (ਇਕ ਸੁਝਾਅ)

# ਐਫਬੀਆਈ ਦੀ ਸਿਕਾਇਤ 'ਤੇ ਪੰਜਾਬ ਪੁਲਿਸ ਦੀ ਗ੍ਰਿਫਤਾਰੀ

ਪੰਜਾਬ ਪੁਲਿਸ ਨੇ ਸ਼ੁੱਕਰਵਾਰ ਨੂੰ ਆਪਣੇ ਹੀ ਇੱਕ ਪੁਲਿਸ ਅਧਿਕਾਰੀ ਗੁਰਿੰਦਰਜੀਤ ਸਿੰਘ ਨਾਗਰਾ ਨੂੰ ਗ੍ਰਿਫ਼ਤਾਰ ਕੀਤਾ ਹੈ। ਸਾਬਕਾ ਐੱਸਐੱਚ ਗੁਰਿੰਦਰਜੀਤ ਸਿੰਘ ਨਾਗਰਾ ਦੀ ਗ੍ਰਿਫ਼ਤਾਰੀ ਅਮਰੀਕਾ ਦੀ ਜਾਂਚ ਏਜੰਸੀ ਐੱਫਬੀਆਈ ਵੱਲੋਂ "ਆਪ੍ਰੇਸ਼ਨ ਹਾਰਡਬਾਲ" ਤਹਿਤ ਦਰਜ ਕੀਤੀ ਗਈ ਇੱਕ ਚਾਰਜਸ਼ੀਟ ਵਿੱਚ ਨਾਮ ਆਉਣ ਮਗਰੋਂ ਹੋਈ ਜਾਂਚ ਤੋਂ ਬਾਅਦ ਹੋਈ ਹੈ। ਗੁਰਿੰਦਰਜੀਤ ਸਿੰਘ ਨਾਗਰਾ ਹੁਸ਼ਿਆਰਪੁਰ ਵਿੱਚ ਥਾਣਾ ਟਾਂਡਾ ਦੇ ਐੱਸਐੱਚ ਵੱਜੋਂ ਤਾਇਨਾਤ ਸਨ। ਐੱਫਬੀਆਈ ਦੀ ਚਾਰਜਸ਼ੀਟ ਵਿੱਚ ਨਾਮ ਆਉਣ ਮਗਰੋਂ ਉਨ੍ਹਾਂ ਨੂੰ ਲਾਈਨ ਹਾਜ਼ਰ ਕੀਤਾ ਗਿਆ ਸੀ ਅਤੇ ਥਾਣਾ ਟਾਂਡਾ ਤੋਂ ਹਟਾ ਕੇ ਪੁਲਿਸ ਲਾਈਨ ਭੇਜ ਦਿੱਤਾ ਗਿਆ ਸੀ।

ਜਲੰਧਰ ਰੇਂਜ ਦੇ ਡੀਆਈਜੀ ਦਫਤਰ ਵੱਲੋਂ ਇਸ ਮਾਮਲੇ 'ਚ ਜਾਰੀ ਪ੍ਰੈਸ ਨੋਟ ਮੁਤਾਬਕ, ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਅਮਰੀਕਾ ਵਿੱਚ ਰਹਿੰਦੇ ਪਰਿਵਾਰ ਤੋਂ ਜ਼ਬਰਦਸਤੀ ਵਸੂਲੀ ਕਰਨ ਅਤੇ ਗੈਰ-ਕਾਨੂੰਨੀ ਤਰੀਕੇ ਨਾਲ 16 ਲੱਖ ਰੁਪਏ ਲੈਣ ਵਿੱਚ ਸ਼ਾਮਲ ਪਾਏ ਗਏ ਹਨ। ਪ੍ਰੈਸ ਨੋਟ ਮੁਤਾਬਕ, ਕਾਫ਼ੀ ਸਬੂਤ ਮਿਲਣ ਤੋਂ ਬਾਅਦ, ਇੰਸਪੈਕਟਰ ਗੁਰਿੰਦਰਜੀਤ ਨਾਗਰਾ ਨੂੰ ਐਫ਼ਆਈਆਰ ਨੰਬਰ 20 (ਮਿਤੀ 16/01/2026, ਥਾਣਾ ਟਾਂਡਾ, ਹੁਸ਼ਿਆਰਪੁਰ) ਵਿੱਚ ਮੁਲਜ਼ਮ ਬਣਾਇਆ ਗਿਆ ਹੈ। ਇਹ ਮਾਮਲਾ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 13 ਅਤੇ ਬੀਐਨਐੱਸ ਦੀ ਧਾਰਾ 308 ਤਹਿਤ ਦਰਜ ਕੀਤਾ ਗਿਆ ਹੈ।

ਇੰਸਪੈਕਟਰ ਗੁਰਿੰਦਰਜੀਤ ਨਾਗਰਾ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਖ਼ਿਲਾਫ਼ ਉਚਿਤ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਚਾਰਜਸ਼ੀਟ ਵਿੱਚ ਨਾਮ ਆਉਣ ਮਗਰੋਂ ਡੀਆਈਜੀ ਜਲੰਧਰ ਰੇਂਜ ਨੇ ਇੱਕ ਆਈਪੀਐੱਸ ਅਧਿਕਾਰੀ ਨੂੰ ਗੁਰਿੰਦਰਜੀਤ ਸਿੰਘ ਨਾਗਰਾ 'ਤੇ ਲੱਗੇ ਇਲਜ਼ਾਮਾਂ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਸਨ। ਜੁਲਾਈ ਮਹੀਨੇ ਵਿੱਚ ਅਮਰੀਕਾ ਦੀ ਜਾਂਚ ਏਜੰਸੀ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫਬੀਆਈ) ਵੱਲੋਂ ਪੰਜਾਬ ਪੁਲਿਸ ਦੇ ਅਧਿਕਾਰੀ ਗੁਰਿੰਦਰਜੀਤ ਸਿੰਘ ਖ਼ਿਲਾਫ਼ 4 ਲੱਖ ਅਮਰੀਕੀ ਡਾਲਰ ਦੀ ਫ਼ਿਰੌਤੀ ਦੇ ਮਾਮਲੇ ਵਿੱਚ ਚਾਰਜਸ਼ੀਟ ਦਾਇਰ ਕੀਤੀ ਗਈ ਸੀ।



ਸਾਬਕਾ ਐੱਸਐੱਚ ਗੁਰਿੰਦਰਜੀਤ ਨਾਗਰਾ ਉਨ੍ਹਾਂ 37 ਲੋਕਾਂ ਵਿੱਚੋਂ ਇੱਕ ਹੈ, ਜੋ ਅਮਰੀਕਾ ਨੂੰ ਜਬਰਨ ਵਸੂਲੀ ਅਤੇ ਹੋਰ ਅਪਰਾਧਾਂ ਲਈ ਲੋੜੀਂਦੇ ਹਨ। ਇਸੇ ਸਾਲ ਟਾਂਡਾ ਦੇ ਮਿਆਣੀ ਪਿੰਡ ਵਿੱਚ ਬਲਵਿੰਦਰ ਸਿੰਘ ਨਾਮ ਦੇ ਇੱਕ ਵਿਅਕਤੀ ਦਾ ਕਤਲ ਹੋਇਆ ਸੀ। ਐੱਫਬੀਆਈ ਦੇ ਕੇਸ ਦਾ ਸਬੰਧ ਵੀ ਕਤਲ ਦੇ ਇਸੇ ਮਾਮਲੇ ਨਾਲ ਹੈ। ਉਸ 'ਤੇ ਇਲਜ਼ਾਮ ਸਨ ਕਿ ਉਸਨੇ ਪੰਜਾਬ ਦੀ ਜੇਲ੍ਹ ਵਿੱਚ ਬੰਦ ਜੱਗੂ ਭਗਵਾਨਪੁਰੀਆ ਨਾਲ ਮਿਲ ਕੇ ਅਮਰੀਕਾ ਵਿੱਚ ਇੱਕ ਪਰਿਵਾਰ ਤੋਂ 4 ਲੱਖ ਅਮਰੀਕੀ ਡਾਲਰ ਦੀ ਫਿਰੌਤੀ ਮੰਗੀ ਸੀ।

ਐਫ਼ਬੀਆਈ ਵੱਲੋਂ ਲਾਏ ਗਏ ਇਲਜ਼ਾਮਾਂ ਮੁਤਾਬਕ, ਗੁਰਿੰਦਰਜੀਤ ਨਾਗਰਾ ਅਮਰੀਕਾ ਵਿੱਚ ਰਹਿ ਰਹੇ ਇੱਕ ਭਾਰਤੀ ਪਰਿਵਾਰ ਨੂੰ ਝੂਠੇ ਮੁਕਦਮੇ ਵਿੱਚ ਫਸਾਉਣ ਦੀਆਂ ਧਮਕੀਆਂ ਦੇ ਰਿਹਾ ਸੀ। ਉਸ 'ਤੇ ਇਲਜ਼ਾਮ ਹੈ ਕਿ ਉਹ ਇਸ ਕਥਿਤ ਝੂਠੇ ਕੇਸ ਨੂੰ ਰਫ਼ਾ-ਦਫ਼ਾ ਕਰਨ ਦੇ ਬਦਲੇ ਵਿੱਚ ਪਰਿਵਾਰ ਤੋਂ ਫਿਰੌਤੀ ਦੀ ਮੰਗ ਕਰ ਰਿਹਾ ਸੀ। ਐੱਫ਼ਬੀਆਈ ਨੇ ਇਸ ਪੂਰੇ ਮਾਮਲੇ ਸਬੰਧੀ ਇੱਕ ਵੀਡੀ ਬਿਆਨ ਜਾਰੀ ਕਰਨ ਦੇ ਨਾਲ-ਨਾਲ ਕੇਸ ਦੇ ਸਾਰੇ ਵੇਰਵੇ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਵੀ ਸਾਂਝੇ ਕੀਤੇ ਸਨ। 8 ਜੁਲਾਈ 2026 ਨੂੰ ਸੰਯੁਕਤ ਰਾਜ ਅਮਰੀਕਾ ਦੇ ਸੰਘੀ ਵਕੀਲਾਂ ਅਤੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫਬੀਆਈ) ਨੇ ਆਪਣੇ 'ਆਪ੍ਰੇਸ਼ਨ ਹਾਰਡਬਾਲ' ਤਹਿਤ ਦੁਨੀਆ ਭਰ ਵਿੱਚ ਅਪਰਾਧ ਫੈਲਾਉਣ ਦੇ ਮੁਲਜ਼ਮਾਂ ਖਿਲਾਫ਼ ਤਿੰਨ ਦੋਸ਼ ਪੱਤਰ (ਚਾਰਜਸ਼ੀਟ) ਪੇਸ਼ ਕੀਤੇ ਸਨ।

ਇਸ ਵਿੱਚ ਅਮਰੀਕਾ, ਕੈਨੇਡਾ, ਯੂਰਪ ਅਤੇ ਭਾਰਤ ਵਿੱਚ ਮੌਜੂਦ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਨੈੱਟਵਰਕਾਂ ਨਾਲ ਸਬੰਧ ਰੱਖਣ ਵਾਲੇ 37 ਮੁਲਜ਼ਮਾਂ 'ਤੇ ਦੁਨੀਆਂ ਭਰ ਵਿੱਚ ਅਪਰਾਧ ਫੈਲਾਉਣ ਦੇ ਇਲਜ਼ਾਮ ਲਗਾਏ ਗਏ ਸਨ। ਚਾਰਜਸ਼ੀਟ ਦੇ ਅਧਾਰ 'ਤੇ ਅਮਰੀਕੀ ਲਾਅ ਇੰਫੋਰਸਮੈਂਟ ਨੇ ਅਮਰੀਕਾ, ਕੈਨੇਡਾ ਅਤੇ ਯੂਰਪ ਵਿੱਚ 24 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ 'ਆਪ੍ਰੇਸ਼ਨ ਹਾਰਡਬਾਲ' ਨੂੰ ਚਲਾਉਣ ਵਾਲੀ ਮੁੱਖ ਏਜੰਸੀ ਹੈ। ਲਾਸ ਏਂਜਲਸ ਵਿੱਚ ਅਮਰੀਕੀ ਅਟਾਰਨੀ ਦਫ਼ਤਰ ਦੇ ਸੰਘੀ ਵਕੀਲਾਂ ਦੇ ਨਾਲ ਕੰਮ ਕਰਦੇ ਹੋਏ ਐੱਫਬੀਆਈ ਨੇ ਭਾਰਤ-ਅਧਾਰਿਤ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਨੈੱਟਵਰਕਾਂ ਨੂੰ ਖਤਮ ਕਰਨ ਲਈ ਚਲ ਰਹੀ ਅੰਤਰਰਾਸ਼ਟਰੀ ਜਾਂਚ ਦੀ ਅਗਵਾਈ ਕੀਤੀ ਹੈ।

25 ਜੂਨ ਨੂੰ ਆਏ ਫੈਡਰਲ ਗ੍ਰੈਂਡ ਜਿਊਰੀ ਦੇ ਸੱਤ ਪੜਾਵੀ ਦੋਸ਼ ਪੱਤਰ ਵਿੱਚ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਅਤੇ ਰਵਿੰਦਰ ਸਿੰਘ ਢਾਂਡਾ 'ਤੇ ਅਪਰਾਧਿਕ ਗਿਰੋਹ ਚਲਾਉਣ ਦੇ ਇਲਜ਼ਾਮ ਲਗਾਏ ਗਏ ਹਨ, ਜੋ ਅਮਰੀਕਾ, ਕੈਨੇਡਾ ਸਮੇਤ ਦੁਨੀਆਂ ਭਰ ਵਿੱਚ ਸੁਪਾਰੀ ਦੇ ਕੇ ਕਤਲ ਕਰਵਾਉਣ, ਨਸ਼ਾ ਤਸਕਰੀ, ਅਗਵਾ, ਫ਼ਿਰੌਤੀ, ਹਥਿਆਰਾਂ ਦੀ ਤਸਕਰੀ ਅਤੇ ਹੋਰ ਅਪਰਾਧਾਂ ਵਿੱਚ ਕਥਿਤ ਤੌਰ ਉੱਤੇ ਸ਼ਾਮਲ ਹਨ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਬਿਆਨ ਵਿੱਚ ਕਿਹਾ, "ਅਸੀਂ ਅਮਰੀਕੀ ਨਿਆਂ ਵਿਭਾਗ ਵੱਲੋਂ ਕਈ ਦੇਸ਼ਾਂ ਵਿੱਚ ਸਰਗਰਮ ਅੰਤਰਰਾਸ਼ਟਰੀ ਸੰਗਠਿਤ ਅਪਰਾਧਿਕ ਨੈੱਟਵਰਕਾਂ ਖ਼ਿਲਾਫ਼ ਦਾਇਰ ਕੀਤੇ ਗਏ ਦੋਸ਼-ਪੱਤਰਾਂ ਅਤੇ ਕੀਤੀ ਗਈ ਕਾਨੂੰਨੀ ਕਾਰਵਾਈ ਸੰਬੰਧੀ ਐਲਾਨਾਂ ਨੂੰ ਦੇਖਿਆ ਹੈ।" "ਭਾਰਤ ਲਗਾਤਾਰ ਇਹ ਮੰਨਦਾ ਆਇਆ ਹੈ ਕਿ ਅੰਤਰਰਾਸ਼ਟਰੀ ਸੰਗਠਿਤ ਅਪਰਾਧ, ਦਹਿਸ਼ਤਗਰਦੀ, ਨਸ਼ਿਆਂ ਦੀ ਸਮਗਲਿੰਗ, ਮਨੁੱਖੀ ਸਮਗਲਿੰਗ, ਗੈਰ-ਕਾਨੂੰਨੀ ਹਥਿਆਰਾਂ ਦੀ ਸਮਗਲਿੰਗੀ ਅਤੇ ਇਨ੍ਹਾਂ ਨਾਲ ਜੁੜੇ ਅਪਰਾਧਿਕ ਨੈੱਟਵਰਕ ਸਾਡੇ ਸਮਾਜਾਂ ਲਈ ਇੱਕ ਗੰਭੀਰ ਖ਼ਤਰਾ ਹਨ।" "ਭਾਰਤ ਅਤੇ ਅਮਰੀਕਾ ਵਿਚਕਾਰ ਦਹਿਸ਼ਤਗਰਦੀ ਅਤੇ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਨਾਲ ਨਜਿੱਠਣ ਲਈ ਮਜ਼ਬੂਤ ਅਤੇ ਲਗਾਤਾਰ ਵਧ ਰਿਹਾ ਸਹਿਯੋਗ ਹੈ। ਸਾਲਾਂ ਤੋਂ ਦੋਵੇਂ ਦੇਸ਼ਾਂ ਦੀਆਂ ਏਜੰਸੀਆਂ ਨੇ ਮਿਲ ਕੇ ਨਜ਼ਦੀਕੀ ਤੌਰ 'ਤੇ ਕੰਮ ਕੀਤਾ ਹੈ ਅਤੇ ਇਹ ਸਹਿਯੋਗ ਹੋਰ ਵੀ ਮਜ਼ਬੂਤ ਹੁੰਦਾ ਜਾ ਰਿਹਾ ਹੈ।"

# ਪਹਿਲੀ ਵਿਸ਼ਵ ਜੰਗ 'ਚ ਲੜੇ ਭਾਰਤੀਆਂ ਦੀ ਇੰਗਲੈਂਡ ਨੂੰ ਹੁਣ ਕਿਵੇਂ ਯਾਦ ਆਈ

ਵੰਡ ਤੋਂ ਪਹਿਲਾਂ ਦੇ ਭਾਰਤ ਦੇ ਹਜ਼ਾਰਾਂ ਅਣਗੌਲੇ ਫੌਜੀ, ਜਿਨ੍ਹਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਸੇਵਾ ਕੀਤੀ ਅਤੇ ਮਾਰੇ ਗਏ ਸਨ, ਹੁਣ 80 ਸਾਲ ਤੋਂ ਵੱਧ ਸਮੇਂ ਬਾਅਦ ਕੈਜ਼ੁਅਲਟੀ ਰਿਕਾਰਡਾਂ ਦੇ ਸਭ ਤੋਂ ਵੱਡੇ ਅਪਡੇਟ ਵਿੱਚ ਪਹਿਲੀ ਵਾਰ ਅਧਿਕਾਰਕ ਤੌਰ 'ਤੇ ਮਾਨਤਾ ਹਾਸਲ ਕਰ ਰਹੇ ਹਨ। 9,909 ਬ੍ਰਿਟਿਸ਼ ਇੰਡੀਆਈ ਫੌਜ ਦੇ ਫੌਜੀਆਂ ਦੇ ਨਾਮ ਹੁਣ ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ (ਸੀਡਬਲਯੂਜੀਸੀ) ਦੇ ਕੈਜ਼ੁਅਲਟੀ ਡੇਟਾਬੇਸ ਵਿੱਚ ਸ਼ਾਮਲ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਖੋਜਕਾਰਾਂ ਨੇ ਲੱਭਿਆ ਸੀ। ਯੂਕੇ ਦੇ ਵਲੰਟੀਅਰਾਂ ਨੇ ਕਈ ਸਾਲ ਪੰਜਾਬ ਰਾਜ ਵਿੱਚ ਪਹਿਲੀ ਵਿਸ਼ਵ ਜੰਗ ਤੋਂ ਥੋੜ੍ਹੇ ਸਮੇਂ ਬਾਅਦ ਤਿਆਰ ਕੀਤੇ ਗਏ ਵਿਲੱਖਣ ਰਜਿਸਟਰਾਂ ਵਿੱਚ ਨਾਮ ਲੱਭਣ ਲਈ ਕੰਮ ਕੀਤਾ। ਹੁਣ ਉਨ੍ਹਾਂ ਬ੍ਰਿਟਿਸ਼ ਵਾਰਸਾਂ ਨੂੰ ਲੱਭਣ ਲਈ ਕੰਮ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੇ ਪੁਰਖਿਆਂ ਦੀ ਕੁਰਬਾਨੀ ਨੂੰ ਹੁਣ ਅਧਿਕਾਰਕ ਤੌਰ 'ਤੇ ਮਾਨਤਾ ਮਿਲ ਰਹੀ ਹੈ।



ਲੈਸਟਰ ਦੇ ਡੈਂਟਿਸਟ ਸੰਨੀ ਪਲਾਹੇ ਨੇ ਕਿਹਾ, "ਸਰਕਲ ਪੂਰਾ ਹੋ ਗਿਆ ਹੈ। ਮੈਂ ਬਹੁਤ ਜ਼ਿਆਦਾ ਸੰਪੂਰਨ ਮਹਿਸੂਸ ਕਰ ਰਿਹਾ ਹਾਂ।" ਉਹ ਕਈ ਸਾਲਾਂ ਤੋਂ ਆਪਣੇ ਪੜਦਾਦਾ ਬਾਰੇ ਜਾਣਕਾਰੀ ਲੱਭ ਰਹੇ ਸਨ, ਜਿਨ੍ਹਾਂ ਬਾਰੇ ਉਨ੍ਹਾਂ ਨੇ ਸੁਣਿਆ ਸੀ ਕਿ ਉਹ ਜੰਗ 'ਤੇ ਗਏ ਸਨ ਅਤੇ ਕਦੇ ਵਾਪਸ ਨਹੀਂ ਆਏ। ਪਰ ਖੋਜਕਾਰਾਂ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਦੱਸਿਆ ਕਿ ਉਨ੍ਹਾਂ ਦੇ ਪੜਦਾਦਾ ਦਾ ਨਾਮ ਕੇਸਰ ਸਿੰਘ ਨਵੇਂ ਤਰੀਕੇ ਨਾਲ ਜਾਂਚੇ ਗਏ ਰਜਿਸਟਰਾਂ ਵਿੱਚ ਮਿਲ ਗਿਆ ਹੈ ਅਤੇ ਹੁਣ ਉਸ ਨੂੰ ਅਧਿਕਾਰਤ ਸੂਚੀਆਂ ਵਿੱਚ ਸ਼ਾਮਲ ਕੀਤਾ ਜਾਵੇਗਾ।

"ਇਹ ਕਿਸੇ ਅਧਿਕਾਰਤ ਸੰਸਥਾ ਵੱਲੋਂ ਮਾਨਤਾ ਮਿਲੀ ਹੈ, ਜੋ ਪਹਿਲਾਂ ਕਦੇ ਨਹੀਂ ਸੀ। ਹੁਣ ਉਹ ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ ਵਿੱਚ ਇੱਕ ਐਂਟਰੀ ਵਜੋਂ ਦਰਜ ਹਨ। ਸਾਰੀਆਂ ਕੁਰਬਾਨੀਆਂ ਹੁਣ ਸਹੀ ਲੱਗਦੀਆਂ ਹਨ।" ਉਹ ਕਹਿੰਦੇ ਹਨ ਕਿ ਇਹ ਮਾਨਤਾ ਉਨ੍ਹਾਂ ਨੂੰ ਮਾਣ ਦਿੰਦੀ ਹੈ ਕਿ ਉਹ ਪਹਿਲੇ ਵਿਸ਼ਵ ਯੁੱਧ ਨਾਲ ਜੁੜੇ ਇੱਕ ਵਿਸ਼ਵ ਪੱਧਰੀ ਭਾਈਚਾਰੇ ਦਾ ਹਿੱਸਾ ਹਨ। ਲਗਭਗ 14 ਲੱਖ ਲੋਕ ਉਪਮਹਾਦੀਪ ਤੋਂ, ਜੋ ਹੁਣ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਹਨ, ਪਹਿਲੇ ਵਿਸ਼ਵ ਯੁੱਧ ਵਿੱਚ ਬ੍ਰਿਟਿਸ਼ ਇੰਡੀਆਈ ਫੌਜ ਵਿੱਚ ਸੇਵਾ ਕਰ ਚੁੱਕੇ ਹਨ।

ਜੰਗ ਤੋਂ ਬਾਅਦ ਦੇ ਸਾਲਾਂ ਵਿੱਚ ਅਧਿਕਾਰੀਆਂ ਨੇ ਪੰਜਾਬ ਦੇ ਹਰ ਸ਼ਹਿਰ ਅਤੇ ਪਿੰਡ ਦਾ ਦੌਰਾ ਕੀਤਾ ਤਾਂ ਜੋ ਸਿਰਫ਼ ਉਸ ਰਾਜ ਤੋਂ ਆਏ 3,20,000 ਸੈਨਿਕਾਂ ਦੇ ਨਾਮ ਅਤੇ ਹਾਲਤ ਦਰਜ ਕੀਤੇ ਜਾ ਸਕਣ। 1947 ਵਿੱਚ ਭਾਰਤ ਦੀ ਵੰਡ ਤੋਂ ਬਾਅਦ ਪੰਜਾਬ ਰਾਜ ਭਾਰਤ ਅਤੇ ਪਾਕਿਸਤਾਨ ਵਿਚ ਵੰਡਿਆ ਗਿਆ। ਹੱਥ ਨਾਲ ਲਿਖੇ ਰਿਕਾਰਡਾਂ ਨਾਲ ਭਰੇ ਟੁੱਟੇ-ਫੁੱਟੇ, ਨਾਜ਼ੁਕ ਚਮੜੇ ਦੇ ਬੰਨੇ ਹੋਏ ਦਰਜਨਾਂ ਰਜਿਸਟਰ, ਜਿਨ੍ਹਾਂ 'ਤੇ ਹਰ ਪਿੰਡ ਦਾ ਨਾਮ ਉਕਰਿਆ ਹੋਇਆ ਹੈ, ਹੁਣ ਪਾਕਿਸਤਾਨ ਦੇ ਲਾਹੌਰ ਮਿਊਜ਼ੀਅਮ ਦੀਆਂ ਸ਼ੈਲਫਾਂ 'ਤੇ ਰੱਖੇ ਹਨ। ਯੂਕੇ ਪੰਜਾਬ ਹੈਰੀਟੇਜ ਐਸੋਸੀਏਸ਼ਨ ਦੇ ਮੈਂਬਰਾਂ ਨੇ ਇਹ ਰਿਕਾਰਡ ਡਿਜੀਟਲ ਕਰਨ ਅਤੇ ਵਿਸ਼ਲੇਸ਼ਣ ਕਰਨ ਦਾ ਪ੍ਰੋਜੈਕਟ ਸ਼ੁਰੂ ਕੀਤਾ, ਜੋ ਕਈ ਸਾਲਾਂ ਤੱਕ ਚੱਲਦਾ ਰਿਹਾ। ਇਸ ਮਹੱਤਵਪੂਰਨ ਖੋਜ ਵਿੱਚ ਹਿੱਸਾ ਲੈਣ ਵਾਲੀ ਅਤੇ ਯੂਨੀਵਰਸਿਟੀ ਆਫ ਗ੍ਰੀਨਵਿਚ ਦੀ ਪੀਐੱਚਡੀ ਵਿਦਿਆਰਥਣ ਜੈਸਮਿਨ ਬਸਰਾ ਨੇ ਕਿਹਾ, "ਇੱਕ ਪੰਜਾਬੀ ਹੋਣ ਦੇ ਨਾਤੇ ਮੈਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ ਕਿ ਮੈਂ ਕਮਿਊਨਿਟੀ ਲਈ ਇਹ ਕੰਮ ਕਰ ਸਕਦੀ ਹਾਂ।" ਇਸ ਪ੍ਰਕਿਰਿਆ ਦੌਰਾਨ ਬਸਰਾ ਨੂੰ ਅਚਾਨਕ ਆਪਣੇ ਹੀ ਦੋ ਰਿਸ਼ਤੇਦਾਰਾਂ ਦੇ ਨਾਮ ਮਿਲੇ, ਉਸਦੇ ਪੜਦਾਦਾ ਅਤੇ ਉਨ੍ਹਾਂ ਦੇ ਭਰਾ, ਜਿਨ੍ਹਾਂ ਨੇ ਵੀ ਪਹਿਲੀ ਵਿਸ਼ਵ ਜੰਗ ਵਿੱਚ ਬ੍ਰਿਟਿਸ਼ ਭਾਰਤੀ ਫੌਜ ਲਈ ਲੜਾਈ ਲੜੀ ਸੀ। ਉਹ ਕਹਿੰਦੀ ਹੈ, "ਇਹ ਸੰਬੰਧ ਬਹੁਤ ਭਾਵੁਕ ਸੀ। ਇੱਕ ਸੈਕੰਡ ਜਨਰੇਸ਼ਨ ਬ੍ਰਿਟਿਸ਼ ਪੰਜਾਬੀ ਹੋਣ ਦੇ ਨਾਤੇ, ਪੰਜਾਬ ਨਾਲ ਵੀ ਕਾਫ਼ੀ ਦੂਰ ਦਾ ਅਹਿਸਾਸ ਹੁੰਦਾ ਹੈ ਅਤੇ ਬ੍ਰਿਟਿਸ਼ ਇਤਿਹਾਸ ਨਾਲ ਵੀ ਪੂਰੀ ਤਰ੍ਹਾਂ ਜੁੜਾਅ ਨਹੀਂ ਹੈ, ਪਰ ਮੈਨੂੰ ਲੱਗਦਾ ਹੈ ਕਿ ਇਹ ਦੋਵਾਂ ਨਾਲ ਜੋੜਨ ਵਾਲੀ ਇੱਕ ਸਪਸ਼ਟ ਕੜੀ ਹੈ।"

ਵਲੰਟੀਅਰਾਂ ਵੱਲੋਂ ਕੀਤੇ ਗਏ ਇਸ ਕੰਮ ਨੂੰ ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ ਨੇ ਬਹੁਤ ਸਹਾਰਿਆ ਅਤੇ ਅੱਗੇ ਵਧਾਇਆ ਹੈ, ਜਿਸ ਨੇ ਹੁਣ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਆਪਣਾ ਸਭ ਤੋਂ ਵੱਡਾ ਰਿਕਾਰਡ ਅਪਡੇਟ ਜਾਰੀ ਕੀਤਾ ਹੈ। ਕਮਿਸ਼ਨ ਦੇ ਇਤਿਹਾਸਕਾਰਾਂ ਦੇ ਅਨੁਸਾਰ, ਜਿਨ੍ਹਾਂ 9,909 ਫੌਜੀਆਂ ਦੇ ਨਾਮ ਪਹਿਲਾਂ ਯਾਦਗਾਰੀ ਰਿਕਾਰਡਾਂ ਵਿੱਚ ਨਹੀਂ ਸਨ, ਉਹ ਜ਼ਿਆਦਾਤਰ ਉਹ ਸਨ ਜੋ ਜੰਗ ਦੇ ਮੈਦਾਨ ਤੋਂ ਬਾਹਰ ਜ਼ਖਮਾਂ ਕਾਰਨ ਮਰ ਗਏ ਸਨ।

ਉਸ ਸਮੇਂ ਦੀ ਬ੍ਰਿਟਿਸ਼ ਇੰਡੀਆ ਸਰਕਾਰ ਦੇ ਨਿਯਮਾਂ ਕਰਕੇ ਉਨ੍ਹਾਂ ਨੂੰ ਵਾਰ ਗ੍ਰੇਵਜ਼ ਦਾ ਦਰਜਾ ਨਹੀਂ ਮਿਲਿਆ ਸੀ, ਪਰ ਹੁਣ ਉਹ ਫ਼ੈਸਲਾ ਬਦਲ ਦਿੱਤਾ ਗਿਆ ਹੈ। ਨਵੇਂ ਤੌਰ 'ਤੇ ਮਾਨਤਾ ਪ੍ਰਾਪਤ ਹਜ਼ਾਰਾਂ ਮਰੇ ਹੋਏ ਫੌਜੀਆਂ ਵਿੱਚੋਂ ਕਰੀਬ 25% ਸਿੱਖ ਹਨ, 25% ਹਿੰਦੂ ਹਨ ਅਤੇ ਲਗਭਗ 40% ਮੁਸਲਮਾਨ ਹਨ। ਸੀਡਬਲਯੂਜੀਸੀ ਦਾ ਕਹਿਣਾ ਹੈ ਕਿ ਇਹ ਨਵੀਂ ਸ਼ਮੂਲੀਅਤ ਸਿਰਫ਼ ਉਨ੍ਹਾਂ ਦੇ ਨਾਮ ਸੰਭਾਲਣ ਲਈ ਨਹੀਂ, ਸਗੋਂ ਪਹਿਲੇ ਵਿਸ਼ਵ ਯੁੱਧ ਬਾਰੇ ਯੂਰੋ-ਕੇਂਦਰਿਤ ਨਜ਼ਰੀਏ ਨੂੰ ਠੀਕ ਕਰਨ ਦੀ ਵੱਡੀ ਕੋਸ਼ਿਸ਼ ਦਾ ਹਿੱਸਾ ਹੈ। ਉਹ ਕਹਿੰਦੇ ਹਨ ਕਿ ਯਾਦਗਾਰੀ ਕੰਮ ਨੂੰ ਉਸ ਜੰਗ ਦੀ ਪੂਰੀ ਵਿਸ਼ਵ ਹਕੀਕਤ ਨੂੰ ਦਰਸਾਉਣਾ ਚਾਹੀਦਾ ਹੈ।

# ਬਦਲਦੇ ਵਕਤ ਨਾਲ ਬਦਲਦੇ ਰਹਿੰਦੇ ਨੇ ਜੀਵਨ ਦੇ ਰੰਗ

ਅਵਤਾਰ ਸਿੰਘ ਸੌਜਾ

ਮਨੁੱਖੀ ਜੀਵਨ ਆਪਣੇ ਆਪ 'ਚ ਅਦਭੁੱਤ ਹੈ। ਜਨਮ ਤੋਂ ਲੈ ਕੇ ਮੌਤ ਤੱਕ ਹਰ ਮਨੁੱਖ ਕਿਸੇ ਨਾਟਕ ਜਾਂ ਕਹਾਣੀ ਵਿਚਲੇ ਪਾਤਰਾਂ ਵਾਂਗ ਵੱਖ-ਵੱਖ ਰੋਲ ਅਦਾ ਕਰਦਾ ਹੈ ਪਰ ਜ਼ਿੰਦਗੀ ਕਦੇ ਸਿੱਧੀ ਰੇਖਾ ਵਾਂਗ ਨਹੀਂ ਚੱਲਦੀ ਤੇ ਨਾ ਹੀ ਕੋਈ ਮਨੁੱਖ ਇਸ ਤਰ੍ਹਾਂ ਦਾ ਦਾਅਵਾ ਕਰ ਸਕਦਾ ਹੈ ਕਿ ਉਸ ਨੂੰ ਹਮੇਸ਼ਾ ਖ਼ੁਸ਼ੀਆਂ ਹੀ ਮਿਲੀਆਂ ਹੋਣ ਜਾਂ ਹਮੇਸ਼ਾ ਦੁੱਖਾਂ ਦਾ ਸਾਹਮਣਾ ਕਰਨਾ ਪਿਆ ਹੋਵੇ।

ਜ਼ਿੰਦਗੀ ਤਾਂ ਦੁੱਖਾਂ-ਸੁੱਖਾਂ, ਜਿੱਤਾਂ-ਹਾਰਾਂ, ਪ੍ਰਾਪਤੀਆਂ ਤੇ ਗੁਆ ਦੇਣਾ ਆਦਿ ਪੱਖਾਂ ਦਾ ਸੁਮੇਲ ਹੈ। ਬਚਪਨ ਤੋਂ ਲੈ ਕੇ ਬੁਢਾਪੇ ਤੱਕ ਕਿੰਨੇ ਲੋਕ ਸਾਡੀ ਜ਼ਿੰਦਗੀ ਦਾ ਹਿੱਸਾ ਬਣਦੇ ਹਨ। ਸਕੇ-ਸਬੰਧੀਆਂ ਦੇ ਰੂਪ, ਦੋਸਤਾਂ-ਮਿੱਤਰਾਂ ਜਾਂ ਕਾਰ ਵਿਹਾਰ ਵਿਚ ਵਿਚਰਦੇ ਹੋਏ ਮਿਲਦੇ ਹਨ। ਕੁਝ ਸਮੇਂ ਦੇ ਪ੍ਰਵਾਹ 'ਚ ਗੁਆਚ ਜਾਂਦੇ ਹਨ ਤੇ ਕੁਝ ਨਵੇਂ ਜੁੜ ਜਾਂਦੇ ਹਨ ਪਰ ਜ਼ਿੰਦਗੀ ਰੁਕਦੀ ਨਹੀਂ। ਇਹ ਤਾਂ ਨਿਰੰਤਰ ਆਪਣੀ ਚਾਲ ਚੱਲਦੀ ਰਹਿੰਦੀ ਹੈ। ਸ਼ਾਇਦ ਇਸੇ ਨੂੰ ਜ਼ਿੰਦਗੀ ਦੇ ਰੰਗਾਂ ਦਾ ਨਾਂ ਦਿੱਤਾ ਜਾਂਦਾ ਹੈ। ਜ਼ਿੰਦਗੀ ਦੇ ਰੰਗ ਜੋ ਬੱਚੇ ਦੇ ਜਨਮ ਸਮੇਂ ਪੂਰੇ ਘਰ ਨੂੰ ਆਪਣੀਆਂ ਖ਼ੁਸ਼ੀਆਂ ਦੇ ਰੰਗ-ਬਿਰੰਗੇ ਰੰਗਾਂ ਨਾਲ ਭਰ ਦਿੰਦੇ ਹਨ ਤੇ ਜਦੋਂ ਕੋਈ ਮਨੁੱਖ ਬੁੱਢਾਪਾ ਜੀਵਨ ਭੋਗਣ ਤੇ ਸੰਸਾਰ ਤੋਂ ਚਲਾਣਾ ਕਰਦਾ ਹੈ ਤਾਂ ਸਾਰੇ ਰੰਗ ਇਕ ਚਿੱਟੇ ਰੰਗ ਵਿਚ ਸਿਮਟ ਕੇ ਰਹਿ ਜਾਂਦੇ ਹਨ।

ਜ਼ਿੰਦਗੀ ਲੱਗਦੀ ਵੀ ਰੰਗ-ਬਿਰੰਗੀ ਹੀ ਸੋਹਣੀ ਹੈ, ਜਿਸ ਵਿਚ ਆਪਸੀ ਮੇਲ ਮਿਲਾਪ, ਪਿਆਰ, ਸਹਿਯੋਗ, ਪ੍ਰੇਰਨਾ, ਖ਼ੁਸ਼ੀ ਆਦਿ ਰੰਗਾਂ ਦਾ ਸੁਮੇਲ ਹੋਵੇ। ਜਦੋਂ ਜ਼ਿੰਦਗੀ 'ਚ ਇਹ ਸਾਰੇ ਰੰਗ ਭਰੇ ਮਿਲਦੇ ਹਨ, ਲੱਗਦਾ ਹੈ ਸਵਰਗ 'ਚ ਹੀ ਜੀਅ ਰਹੇ ਹਾਂ। ਜਦੋਂ ਬਦਲਾਖੋਰੀ, ਈਰਖਾ, ਸਾੜਾ, ਸਾਜ਼ਿਸ਼ਾਂ ਨਫ਼ਰਤ ਰੂਪੀ ਰੰਗ ਜ਼ਿੰਦਗੀ 'ਚ ਘੁਲ ਜਾਣ, ਫਿਰ ਨਰਕ ਤੇ ਜ਼ਿੰਦਗੀ 'ਚ ਬਹੁਤਾ ਫ਼ਰਕ ਨਜ਼ਰ ਨਹੀਂ ਆਉਂਦਾ। ਮਨੁੱਖੀ ਸੁਭਾਅ ਹਮੇਸ਼ਾ ਇੱਕੋ ਜਿਹਾ ਨਹੀਂ ਰਹਿੰਦਾ। ਕਿਸੇ ਦਾ ਵਿਹਾਰ, ਗੱਲਬਾਤ ਸਾਨੂੰ ਦੁੱਖ ਜਾਂ ਖ਼ੁਸ਼ੀ ਦਿੰਦੀ ਹੈ ਪਰ ਕੋਸ਼ਿਸ਼ ਸਵੈ-ਪੜਚੋਲ, ਲੋਕਾਂ 'ਚ ਖ਼ੁਸ਼ੀਆਂ ਖੇੜੇ ਵੰਡਣ, ਮਨਾਂ ਦੇ ਪਾੜਿਆਂ ਨੂੰ ਪੂਰ ਕਰਨ, ਈਗੋ ਰੂਪੀ ਦੈਂਤ ਨੂੰ ਜੜ੍ਹੋਂ ਖ਼ਤਮ ਕਰਨ ਦੀ ਹੋਣੀ ਚਾਹੀਦੀ ਹੈ। ਜ਼ਿੰਦਗੀ 'ਚ ਬਹੁਤ ਸਮੇਂ ਅਜਿਹੇ ਆਉਂਦੇ ਹਨ, ਜਦੋਂ ਤੁਸੀਂ ਖ਼ੁਦ ਨੂੰ ਬਿਲਕੁਲ ਇਕੱਲੇ ਪਾਉਂਦੇ ਹੋ, ਲੱਗਦਾ ਹੁੰਦਾ ਹੈ ਕਿ ਦੁਨੀਆ ਕਿਸੇ ਦੀ ਨਹੀਂ। ਵੈਸੇ ਦੇਖਿਆ ਜਾਵੇ ਤਾਂ ਇਹ ਅਟੱਲ ਸੱਚਾਈ ਵੀ ਹੈ, ਜਿਸ ਨੂੰ ਜਿੰਨਾ ਜਲਦੀ ਸਵੀਕਾਰ ਕਰ ਲਿਆ ਜਾਵੇ ਵਧੀਆ ਵੀ ਹੈ।

ਮਨੁੱਖ ਧਰਤੀ 'ਤੇ ਇਕੱਲਾ ਆਉਂਦਾ ਹੈ, ਇਕੱਲੇ ਹੀ ਉਸ ਨੇ ਜਾਣਾ ਹੈ। ਹਾਂ ਮਨੁੱਖੀ ਜੀਵਨ ਭੋਗਦੇ ਹੋਏ ਸਾਨੂੰ ਆਪਸੀ ਸਾਂਝਾਂ ਨੂੰ ਜ਼ਰੂਰ ਇਮਾਨਦਾਰੀ ਨਾਲ ਨਿਭਾਉਣ ਦੀ ਲੋੜ ਹੈ। ਤੁਸੀਂ ਰਿਸ਼ਤਿਆਂ ਨੂੰ ਜ਼ਬਰਦਸਤੀ ਬੰਨ੍ਹ ਨਹੀਂ ਸਕਦੇ, ਹਾਂ ਸਾਂਝ ਮਜਬੂਤ ਹੋਵੇ ਫਿਰ ਨਾ ਰਿਸ਼ਤੇ ਨੂੰ ਬੰਨ੍ਹਣ ਦੀ ਲੋੜ ਹੈ, ਉਹ ਸਦਾ ਕਾਇਮ ਰਹੇਗਾ। ਅਜੋਕਾ ਮਨੁੱਖ ਰਿਸ਼ਤਿਆਂ 'ਚ ਟੁੱਟ ਜਾਣਾ ਪਸੰਦ ਕਰਦਾ ਹੈ ਪਰ ਆਪਣੀ ਈਗੋ ਤੋਂ ਹਾਰਨਾ ਨਹੀਂ। ਈਗੋ ਹੈ ਵੀ ਕਮਾਲ ਦੀ ਚੀਜ਼, ਜੋ ਸਾਰੀ ਉਮਰ ਬੰਦੇ ਨੂੰ ਇਹ ਅਹਿਸਾਸ ਨਹੀਂ ਹੋਣ ਦਿੰਦੀ ਕਿ ਕਿਉਂ ਨਾ ਆਪਣੇ ਅੰਦਰ ਵੀ ਝਾਤ ਮਾਰ ਲਈ ਜਾਵੇ। ਜੇ ਤੁਹਾਨੂੰ ਹਮੇਸ਼ਾ ਲੱਗਦਾ ਹੈ ਕਿ ਮੈਂ ਤੇ ਮੈਂ ਹੀ ਸਹੀ ਹਾਂ ਤਾਂ ਤੁਸੀਂ ਦੁਨੀਆ ਵਿਚ ਸਭ ਤੋਂ ਵੱਡੇ ਮੂਰਖ ਹੋ ਕਿਉਂਕਿ ਈਗੋ ਤਹਿਤ ਤੁਸੀਂ ਸਵੀਕਾਰ ਕਰ ਲਿਆ ਹੈ ਕਿ ਚਾਹੇ ਗ਼ਲਤ ਹੋਵੇ ਜਾਂ ਸਹੀ, ਮੈਂ ਆਪਣੇ ਵਿਚ ਸੁਧਾਰ ਦੀ ਗੁੰਜਾਇਸ਼ ਰੱਖਣੀ ਹੀ ਨਹੀਂ। ਜਿੱਥੇ ਸੁਧਾਰ ਦੀ ਗੁੰਜਾਇਸ਼ ਨਾ ਹੋਵੇ, ਉੱਥੇ ਤਰੱਕੀ ਜਾਂ ਵਿਕਾਸ ਸੰਭਵ ਹੀ ਨਹੀਂ। ਨਿਮਰ ਰਹਿ ਕੇ ਜੀਵਨ ਜਿਊਣਾ ਜਿੱਥੇ ਖ਼ੁਦ ਨੂੰ ਖ਼ੁਸ਼ ਰਹਿਣ 'ਚ ਸਹਾਈ ਹੁੰਦਾ ਹੈ, ਉੱਥੇ ਦੂਜਿਆਂ ਪ੍ਰਤੀ ਸਾਡੀ ਸੋਚ ਨੂੰ ਵੀ ਉਸਾਰੂ ਬਣਾਉਂਦਾ ਹੈ ਤੇ ਜ਼ਿੰਦਗੀ ਦੇ ਸਾਰੇ ਰੰਗਾਂ ਨੂੰ ਮਾਣਨਾ ਸਿਖਾਉਂਦਾ ਹੈ ਕਿਉਂਕਿ ਜ਼ਿੰਦਗੀ ਤਾਂ ਜਿਗਜੈਗ ਚੱਲਣੀ ਹੈ, ਸ਼ਾਇਦ ਇਸੇ ਲਈ ਕਹਿੰਦੇ ਹਨ, 'ਜ਼ਿੰਦਗੀ ਦੇ ਰੰਗ ਸੱਜਣਾ ਅੱਜ ਹੋਰ ਤੇ ਕੱਲ੍ਹ ਨੂੰ ਹੋਰ।'

# ਪੰਜਾਬੀ ਸਭਿਆਚਾਰ ਵਿਚ ਸਾਉਣ ਦਾ ਮਹੀਨਾ

ਲਾਭ ਸਿੰਘ ਸ਼ੇਰਗਿੱਲ

ਸਮੇਂ ਨੇ ਅਜਿਹੀ ਕਰਵਟ ਬਦਲੀ ਹੈ ਕਿ ਜਿੱਥੇ ਆਦਮੀ ਦਾ ਰਹਿਣ-ਸਹਿਣ ਬਦਲਿਆ ਹੈ, ਉੱਥੇ ਉਸ ਦੇ ਖਾਣ-ਪੀਣ ਵਿੱਚ ਹੈਰਾਨੀਜਨਕ ਤਬਦੀਲੀ ਆ ਗਈ ਹੈ। ਜੀਵਨ ਵਿਚਲੀ ਸਾਦਗੀ ਅਤੇ ਸਾਦੇ ਖਾਣੇ ਬੀਤੇ ਸਮੇਂ ਦੀਆਂ ਗੱਲਾਂ ਬਣਦੀਆਂ ਜਾ ਰਹੀਆਂ ਹਨ। ਅੱਜ ਤਕਰੀਬਨ ਹਰ ਬੰਦਾ ਕੋਈ ਨਾ ਕੋਈ ਸਰੀਰਕ ਮਰਜ਼ ਨਾਲ ਜੂਝ ਰਿਹਾ ਹੈ। ਇਹ ਸਭ ਜੀਵਨ ਸ਼ੈਲੀ ਦੇ ਵਿਗਾੜ ਕਾਰਨ ਵਾਪਰ ਰਿਹਾ ਹੈ।

ਇੱਕ ਸਮਾਂ ਸੀ ਜਦੋਂ ਹਰ ਤਿੱਥ ਤਿਉਹਾਰ ’ਤੇ ਘਰਾਂ ਵਿੱਚ ਹੀ ਸਾਦੇ, ਸ਼ੁੱਧ ਤੇ ਸਿਹਤ ਵਰਧਕ ਖਾਣੇ ਤਿਆਰ ਕੀਤੇ ਜਾਂਦੇ ਸਨ। ਅੱਜ ਭਾਂਤ-ਭਾਂਤ ਦੇ ਖਾਣਿਆਂ ਅਤੇ ਇਨ੍ਹਾਂ ਵਿਚਲੀ ਗੁਣਵੱਤਾ ਦੀ ਘਾਟ ਨੂੰ ਦੇਖਦਿਆਂ ਚੇਤਿਆਂ ਵਿੱਚ ਕਈ ਦਹਾਕੇ ਸੜਕਾਂ ਵੀ ਨਹੀਂ ਸਨ ਅਤੇ ਰੋਜ਼ ਦਾ ਆਉਣਾ ਜਾਣਾ ਨਹੀਂ ਸੀ ਹੁੰਦਾ। ਇਨ੍ਹਾਂ ਬਰਸਾਤ ਦੇ ਦਿਨਾਂ ਵਿੱਚ ਅਜਿਹੀਆਂ ਸ਼ੁੱਧ ਘਰ ਦੀਆਂ ਬਣੀਆਂ ਖੁਰਾਕਾਂ ਹੀ ਖਾਧੀਆਂ ਜਾਂਦੀਆਂ ਸਨ। ਗੁੜ ਤੇ ਆਟੇ ਤੋਂ ਬਣੇ ਗੁਲਗੁਲੇ ਅਤੇ ਪੂੜੇ ਸਿਹਤ ਨੂੰ ਆਇਰਨ, ਖਣਿਜ ਤੇ ਐਂਟੀਆਕਸੀਡੈਂਟ ਆਦਿ ਲੋੜੀਂਦੇ ਖੁਰਾਕੀ ਤੱਤ ਦਿੰਦੇ ਸਨ। ਪਿੱਪਲ ਦੇ ਪੱਤਿਆਂ ਨਾਲ ਤਵੇ ’ਤੇ ਆਟੇ ਦੇ ਘੋਲ ਨੂੰ ਫੈਲਾਉਂਦੇ ਸਮੇਂ ਇਨ੍ਹਾਂ ਪੱਤਿਆਂ ਦੇ ਔਸ਼ਧੀ ਗੁਣ ਵੀ ਇਨ੍ਹਾਂ ਵਿੱਚ ਸ਼ਾਮਲ ਹੋ ਜਾਂਦੇ ਸਨ। ਬਰਸਾਤਾਂ ਦੇ ਦਿਨਾਂ ਵਿੱਚ ਹੁੰਮਸ ਤੇ ਨਮੀ ਕਾਰਨ ਪਾਚਨ ਕਿਰਿਆ ਕਮਜ਼ੋਰ ਹੋਣ ਲੱਗਦੀ ਹੈ, ਇਸ ਲਈ ਗੁਲਗੁਲੇ ਤੇ ਪੂੜਿਆਂ ਵਿੱਚ ਪੈਣ ਵਾਲੀ ਸੌਂਫ ਪਾਚਨ ਕਿਰਿਆ ਨੂੰ ਦਰੁਸਤ ਕਰਨ ਦਾ ਕੰਮ ਕਰਦੀ



ਪਹਿਲਾਂ ਘਰਾਂ ਵਿੱਚ ਬਣਾਏ ਜਾਂਦੇ ਸਾਦੇ ਤੇ ਸ਼ੁੱਧ ਪਕਵਾਨਾਂ ਦੀ ਤਸਵੀਰ ਸਾਕਾਰ ਹੋ ਉੱਠਦੀ ਹੈ। ਅਸੀਂ ਬਰਸਾਤਾਂ ਦੇ ਦਿਨਾਂ ਖ਼ਾਸ ਕਰਕੇ ਸਾਉਣ ਮਹੀਨੇ ਨੂੰ ਬੜੀ ਬੇਸਬਰੀ ਨਾਲ਼ ਉਡੀਕਦੇ ਸੀ ਕਿਉਂਕਿ ਪਤਾ ਹੁੰਦਾ ਸੀ ਕਿ ਇਸ ਮਹੀਨੇ ਖਾਣ ਨੂੰ ਖੀਰ-ਪੂੜੇ, ਗੁਲਗੁਲੇ, ਮੱਠੀਆਂ, ਬਿਸਕੁਟ ਆਦਿ ਮਿਲਣਗੇ। ਉਦੋਂ ਮੀਂਹ ਬਹੁਤ ਪੈਂਦੇ ਸੀ। ਕਈ-ਕਈ ਦਿਨ ਝੜੀ ਲੱਗੀ ਰਹਿੰਦੀ ਸੀ। ਹੁੰਮਸ ਭਰੀ ਗਰਮੀ ਤੋਂ ਰਾਹਤ ਮਿਲਦੀ ਤਾਂ ਮੌਸਮ ਖ਼ੁਸ਼ਗਵਾਰ ਤੇ ਠੰਢਾ ਹੋ ਜਾਂਦਾ। ਬਸ ਫਿਰ ਕੀ ਹੁੰਦਾ ਚਾਰੇ ਪਾਸਿਉਂ ਗੁਲਗੁਲੇ, ਪੂੜਿਆਂ ਦੀਆਂ ਮਹਿਕਾਂ ਆਉਣ ਲੱਗਦੀਆਂ। ਮੌਸਮ ਤੇ ਖੁਰਾਕ ਦੇ ਸੁਮੇਲ ਨੂੰ ਬਿਆਨ ਕਰਦੀਆਂ ਇਹ ਸਤਰਾਂ ਅਕਸਰ ਬੋਲੀਆਂ ਜਾਂਦੀਆਂ;

ਚੜ੍ਹ ਕਾਲੀਆਂ ਘਟਾਵਾਂ ਆਈਆਂ
ਮੌਸਮ ਹੋਇਆ ਫ਼ਕੀਰ।
ਛੱਡੋ ਸਾਰੇ ਰੁਝੇਵੇਂ ਆ
ਖਾਈਏ ਗੁਲਗੁਲੇ, ਪੂੜੇ, ਖੀਰ।

ਮੈਨੂੰ ਯਾਦ ਹੈ ਕਿ ਸਾਡੀ ਮਾਂ ਜਦੋਂ ਪੂੜਿਆਂ ਲਈ ਆਟਾ ਘੋਲ ਰਹੀ ਹੁੰਦੀ ਸੀ ਤਾਂ ਸਾਨੂੰ ਔਚਵੀ (ਕਾਹਲੀ) ਲੱਗੀ ਰਹਿੰਦੀ ਕਿ ਕਦੋਂ ਛੇਤੀ ਪੂੜੇ ਬਣਨ ਤੇ ਖਾਈਏ। ਮਾਂ ਨੇ ਕਹਿਣਾ ਜਾ ਪਿੱਪਲ ਦੇ ਪੱਤੇ ਤੋੜ ਕੇ ਲਿਆ । ਸਾਡੇ ਘਰ ਦੇ ਸਾਹਮਣੇ ਖੇੜੇ ’ਤੇ ਵੱਡਾ ਸਾਰਾ ਪਿੱਪਲ ਸੀ ਜੋ ਹੁਣ ਵੀ ਹੈ, ਅਸੀਂ ਫਟਾਫਟ ਸਾਫ਼-ਸਾਫ਼ ਕਈ ਪੱਤੇ ਤੋੜ ਲਿਆਉਂਦੇ ਸੀ। ਮਾਂ ਦੋ ਪੱਤਿਆਂ ਨੂੰ ਦੂਹਰੇ ਕਰਕੇ ਇਨ੍ਹਾਂ ਦਾ ਛਪੇਤਲਾ ਖੁਰਚਣੇ ਨੁਮਾ ਇੱਕ ਯੰਤਰ ਬਣਾ ਲੈਂਦੀ। ਤਵੇ ’ਤੇ ਪਾਏ ਆਟੇ ਦੇ ਘੋਲ ਨੂੰ ਇਸ ਨਾਲ ਫੈਲਾ ਕੇ ਤਕਰੀਬਨ ਤਵੇ ਜਿੱਡਾ ਹੀ ਪੂੜਾ ਵਾਹ ਲਿਆ ਜਾਂਦਾ। ਸਾਡੀਆਂ ਨਜ਼ਰਾਂ ਟਿਕੀਆਂ ਰਹਿੰਦੀਆਂ ਕਿ ਛੇਤੀ ਪੱਕੇ ਤੇ ਸਾਡੀ ਪਲੇਟ ਵਿੱਚ ਟਿਕ ਜਾਵੇ। ਮੈਂ ਸਾਡੇ ਪਰਿਵਾਰ ਵਿੱਚ ਸਭ ਤੋਂ ਛੋਟਾ ਸੀ। ਮਾਂ-ਬਾਪ ਆਪਣੇ ਸਾਰੇ ਬੱਚਿਆਂ ਨੂੰ ਪਿਆਰ ਕਰਦੇ ਹਨ, ਪਰ ਛੋਟਾ ਬੱਚਾ ਜ਼ਿਆਦਾ ਲਾਡਲਾ ਹੁੰਦਾ ਹੈ। ਉਸ ਦੀ ਖ਼ਾਹਿਸ਼ ਪਹਿਲਾਂ ਪੂਰੀ ਕੀਤੀ ਜਾਂਦੀ ਹੈ, ਇਸ ਕਰਕੇ ਪਹਿਲਾ ਪੂੜਾ ਮੈਨੂੰ ਹੀ ਮਿਲਦਾ ਸੀ। ਗੁੜ ਦੇ ਇਹ ਪੂੜੇ ਇੰਨੇ ਸਵਾਦ ਲੱਗਦੇ ਸਨ ਕਿ ਅਸੀਂ ਖੀਰ ਨਾਲ ਕਈ-ਕਈ ਖਾ ਜਾਂਦੇ ਸੀ।

ਗੱਲ ਜਦੋਂ ਪਿਛਲੇ ਸਮਿਆਂ ਦੀ ਕਰਦੇ ਹਾਂ ਤਾਂ ਉਦੋਂ ਪਿੰਡ ਸ਼ਹਿਰਾਂ ਨਾਲੋਂ ਇੱਕ ਤਰ੍ਹਾਂ ਨਾਲ ਟੁੱਟੇ ਹੀ ਹੋਏ ਸਨ ਕਿਉਂਕਿ ਸੰਪਰਕ ਲਈ ਲੋੜੀਂਦੀਆਂ

ਹੈ। ਸਾਉਣ ਮਹੀਨੇ ਇਨ੍ਹਾਂ ਖਾਧ ਪਦਾਰਥਾਂ ਨੂੰ ਬਣਾਉਣਾ ਪੰਜਾਬੀ ਪਰੰਪਰਾ ਹੈ, ਪਰ ਅੱਜ ਸਾਡੇ ਘਰਾਂ ਵਿੱਚੋਂ ਇਨ੍ਹਾਂ ਦੇਸੀ ਤੇ ਸ਼ੁੱਧ ਘਰੇਲੂ ਪਕਵਾਨਾਂ ਦੀਆਂ ਖ਼ੁਸ਼ਬੂਆਂ ਗਾਇਬ ਹੋ ਰਹੀਆਂ ਹਨ। ਇਨ੍ਹਾਂ ਦੀ ਥਾਂ ਨਵੀਂ ਪੀੜ੍ਹੀ ਪੀਜ਼ਾ, ਬਰਗਰ, ਪਾਸਤਾ, ਮਨਚੂਰੀਅਨ ਆਦਿ ਖਾਣਿਆਂ ਦੀ ਸ਼ੌਕੀਨ ਹੈ। ਦੂਸਰੇ ਪਾਸੇ ਹੁਣ ਘਰਾਂ ਵਿੱਚ ਖੁੱਲ੍ਹੀਆਂ ਰਸੋਈਆਂ ਦੀ ਥਾਂ ਆਧੁਨਿਕ ਤਰੀਕਿਆਂ ਨਾਲ ਲੈਸ ਕਿਚਨ ਬਣ ਗਈਆਂ ਹਨ ਜਿੱਥੇ ਫਾਲਤੂ ਧੂੰਆਂ ਅਤੇ ਅਜਿਹੇ ਪਕਵਾਨਾਂ ਦੀ ਮਹਿਕ ਨਵੀਂ ਪੀੜ੍ਹੀ ਨੂੰ ਪਸੰਦ ਨਹੀਂ, ਨਾ ਹੀ ਉਹ ਇਨ੍ਹਾਂ ਖਾਣਿਆਂ ਨੂੰ ਪਸੰਦ ਕਰਦੇ ਹਨ। ਇਸ ਵਿੱਚ ਸ਼ਾਇਦ ਉਨ੍ਹਾਂ ਦਾ ਕਸੂਰ ਨਹੀਂ, ਇਹ ਛੇਤੀ ਤੇ ਬਣੇ ਬਣਾਏ ਪਦਾਰਥਾਂ ਦੀ ਆਦਤ ਅਸੀਂ ਹੀ ਉਨ੍ਹਾਂ ਨੂੰ ਪਾ ਰਹੇ ਹਾਂ। ਹੋਰ ਤਾਂ ਹੋਰ ਬੱਚਿਆਂ ਦੇ ਨਾਲ ਹੌਲੀ-ਹੌਲੀ ਅਸੀਂ ਇਨ੍ਹਾਂ ਦੇ ਆਦੀ ਹੁੰਦੇ ਜਾਂਦੇ ਹਾਂ ਜੋ ਕਿ ਸਾਡੀ ਸਿਹਤ ਲਈ ਕਿਸੇ ਵੀ ਤਰ੍ਹਾਂ ਅਨੁਕੂਲ ਨਹੀਂ।

ਅੱਜ ਕੋਈ ਵਿਰਲਾ ਜਾਂ ਭਾਗਾਂ ਵਾਲਾ ਘਰ ਹੀ ਹੋਵੇਗਾ ਜਿਸ ਵਿੱਚ ਘਰ ਦੇ ਸਾਰੇ ਜੀਅ ਬਿਲਕੁਲ ਤੰਦਰੁਸਤ ਹਨ, ਨਹੀਂ ਤਾਂ ਆਮ ਕਰਕੇ ਹਰ ਘਰ ਵਿੱਚ ਦਵਾਈਆਂ ਨਾਲ ਭਰੇ ਲਿਫ਼ਾਫ਼ੇ ਜ਼ਰੂਰ ਮਿਲਣਗੇ। ਮੁੱਕਦੀ ਗੱਲ ਇਹ ਹੈ ਕਿ ਜੇਕਰ ਅਸੀਂ ਆਪਣਾ ਪਰਿਵਾਰ ਤੇ ਨਵੀਂ ਪੀੜ੍ਹੀ ਨੂੰ ਸਿਹਤਮੰਦ ਤੇ ਤੰਦਰੁਸਤ ਰੱਖਣਾ ਹੈ ਤਾਂ ਬਾਜ਼ਾਰੀ ਖਾਣਿਆਂ ਨੂੰ ਆਪਣੀ ਜੀਵਨ ਸ਼ੈਲੀ ਵਿੱਚੋਂ ਹਰ ਹੀਲੇ ਘੱਟ ਜਾਂ ਮਨਫੀ ਕਰਨਾ ਹੋਵੇਗਾ।

ਲੋਕ ਅੱਜ ਪੈਸੇ ਦੀ ਅੰਨ੍ਹੀ ਦੌੜ ਵਿੱਚ ਮੌਤ ਦੇ ਵਪਾਰੀ ਬਣ ਕੇ ਖੇਡ ਰਹੇ ਹਨ। ਮਾਇਆ ਦੇ ਲਾਲਚ ਵੱਸ ਲੋਕਾਂ ਨੂੰ ਬਿਮਾਰੀਆਂ ਵੰਡਣ ਵਿੱਚ ਕਿਸੇ ਤਰ੍ਹਾਂ ਦਾ ਵੀ ਗੁਰੇਜ਼ ਨਹੀਂ ਕਰਦੇ। ਬਹੁਤਾਤ ਬਾਜ਼ਾਰੀ ਚੀਜ਼ਾਂ ਗੁਣਵੱਤਾ ਦੀ ਕਸਵੱਟੀ ’ਤੇ ਖਰਾ ਨਹੀਂ ਉਤਰਦੀਆਂ। ਇਨ੍ਹਾਂ ਦੇ ਸੇਵਨ ਨਾਲ ਆਦਮੀ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ।

ਚੰਗੇ ਤੇ ਸਿਹਤਮੰਦ ਸਮਾਜ ਲਈ ਲੋੜ ਹੈ ਆਪ ਅਤੇ ਹੋਰਨਾਂ ਨੂੰ ਜਾਗਰੂਕ ਕਰਨ ਦੀ। ਘਟੀਆ ਕਿਸਮ ਦੇ ਘਿਉ ਤੇ ਤੇਲਾਂ ਵਿੱਚ ਬਣੇ ਪਕਵਾਨਾਂ ਵੱਲ ਆਕਰਸ਼ਿਤ ਹੋਣ ਦੀ ਬਜਾਇ ਆਪਣੇ ਘਰਾਂ ਵਿੱਚ ਸਾਦੇ ਤੇ ਸ਼ੁੱਧ ਖਾਣੇ ਖਾਣ ਦੀ ਆਪਣੇ ਬੱਚਿਆਂ ਨੂੰ ਆਦਤ ਪਾਈਏ ਤਾਂ ਹੀ ਸਿਹਤਾਂ ਦਾ ਬਚਾਅ ਹੋ ਸਕਦਾ ਹੈ। ਇਸ ਸਭ ਦੇ ਨਾਲ ਹੀ ਸਿਆਣਿਆਂ ਦੀ ਆਖੀ ਇਹ ਗੱਲ ਯਾਦ ਰੱਖੀਏ ਕਿ

# ਰਿਸ਼ਤਿਆਂ ਦੀ ਮਿਠਾਸ-ਸਾਉਣ ਦਾ ਸੰਧਾਰਾ

ਬਰਜਿੰਦਰ ਕੌਰ ਬਿਸਰਾਓ

ਪੰਜਾਬੀ ਲੋਕ ਆਪਣੇ ਅਮੀਰ ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਲਈ ਸੰਸਾਰ ਭਰ ਵਿੱਚ ਜਾਣੇ ਜਾਂਦੇ ਹਨ। ਜੇ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਹਰ ਤਿਉਹਾਰ ਅਤੇ ਰਸਮਾਂ ਰਿਵਾਜਾਂ ਨਾਲ ਸਾਡਾ ਕੋਈ ਨਾ ਕੋਈ ਰਿਸ਼ਤਾ ਵੀ ਜ਼ਰੂਰ ਜੁੜਿਆ ਹੋਇਆ ਹੁੰਦਾ ਹੈ। ਇਸ ਦਾ ਮਕਸਦ ਸਿੱਧੇ ਤੌਰ ’ਤੇ ਰਿਸ਼ਤਿਆਂ ਵਿੱਚ ਮਿਠਾਸ ਭਰ ਕੇ ਤਿਉਹਾਰ ਦੀ ਖ਼ੁਸ਼ੀ ਨੂੰ ਦੁੱਗਣਾ ਕਰਨਾ ਹੁੰਦਾ ਹੈ। ਉਂਜ ਤਾਂ ਹਰ ਦਿਨ-ਤਿਉਹਾਰ ’ਤੇ ਕਦੇ ਭੈਣਾਂ ਵੱਲੋਂ ਭਰਾਵਾਂ ਦਾ ਤੇ ਭਰਾਵਾਂ ਵੱਲੋਂ ਭੈਣਾਂ ਦਾ, ਮਾਪਿਆਂ ਵੱਲੋਂ ਧੀਆਂ ਦਾ ਮਾਣ ਵਧਾਇਆ ਜਾਂਦਾ ਹੈ, ਪਰ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬੀ ਸੱਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ।




ਸੰਧਾਰਾ ਦੇਣ ਦਾ ਰਿਵਾਜ ਕੇਵਲ ਤੋਹਫ਼ੇ ਦੇਣ ਦੀ ਰਸਮ ਨਹੀਂ, ਸਗੋਂ ਧੀ ਪ੍ਰਤੀ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਨਿਸ਼ਾਨੀ ਹੈ। ਸੰਧਾਰਾ ਪੇਕੇ ਘਰ ਦੀਆਂ ਉਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਹੈ ਜੋ ਵਿਆਹ ਤੋਂ ਬਾਅਦ ਵੀ ਧੀ ਨਾਲ ਦਿਲੋਂ ਅਤੇ ਭਾਵਨਾਤਮਕ ਤੌਰ ’ਤੇ ਜੁੜੀਆਂ ਰਹਿੰਦੀਆਂ ਹਨ। ਰਵਾਇਤੀ ਤੌਰ ’ਤੇ ਧੀਆਂ ਨੂੰ ਸਾਲ ਵਿੱਚ ਦੋ ਵਾਰ ਸੰਧਾਰਾ ਦਿੱਤਾ ਜਾਂਦਾ ਹੈ। ਇੱਕ ਸੰਧਾਰਾ ਸਾਉਣ ਦੇ ਮਹੀਨੇ ਖ਼ਾਸ ਕਰਕੇ ਤੀਆਂ ਦੇ ਤਿਉਹਾਰ ਮੌਕੇ ਵਿਆਹੀਆਂ ਧੀਆਂ ਨੂੰ ਦਿੱਤਾ ਜਾਂਦਾ ਹੈ। ਜਦੋਂ ਧੀਆਂ ਤੀਆਂ ਮਨਾਉਣ ਲਈ ਆਪਣੇ ਪੇਕੇ ਆਉਂਦੀਆਂ ਹਨ ਅਤੇ ਵਾਪਸ ਸਹੁਰੇ ਘਰ ਜਾਂਦੀਆਂ ਹਨ ਤਾਂ ਮਾਪੇ ਉਨ੍ਹਾਂ ਨੂੰ ਨਵੇਂ ਕੱਪੜੇ, ਚੂੜੀਆਂ, ਮਹਿੰਦੀ, ਮਿਠਾਈਆਂ, ਮੱਠੀਆਂ, ਬਿਸਕੁਟ, ਲੱਡੂ ਅਤੇ ਹੋਰ ਲੋੜੀਂਦਾ ਸਾਮਾਨ ਦੇ ਕੇ ਭੇਜਦੇ ਹਨ। ਕਈ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਗਹਿਣੇ ਜਾਂ ਹੋਰ ਕੀਮਤੀ ਤੋਹਫ਼ੇ ਵੀ ਦਿੰਦੇ ਹਨ। ਇਸ ਬਾਰੇ ਲੋਕ ਬੋਲੀਆਂ ਵਿੱਚ ਵੀ ਕੁੜੀਆਂ ਦੀਆਂ ਭਾਵਨਾਵਾਂ ਦਾ ਜ਼ਿਕਰ ਆਉਂਦਾ ਹੈ;

ਸੰਧਾਰਾ ਆਇਆ, ਸੰਧਾਰਾ ਆਇਆ
ਵੀਰ ਮੇਰਾ ਅੰਬਰੋਂ ਤਾਰਾ ਲਿਆਇਆ!
ਖਾਣ ਨੂੰ ਪਿੰਨੇ, ਪਹਿਨਣ ਨੂੰ ਚੀਰ
ਮੈਂ ਵਾਰੀ ਜਾਵਾਂ ਆਪਣੇ ਵੀਰ!

ਦੂਜਾ ਸੰਧਾਰਾ ਲੋਹੜੀ ਦੇ ਤਿਉਹਾਰ ’ਤੇ ਦਿੱਤਾ ਜਾਂਦਾ ਹੈ ਜਿਸ ਵਿੱਚ ਗੁੜ ਅਤੇ ਤਿਲ ਦੇ ਲੱਡੂ, ਚੌਲਾਂ ਦੀਆਂ ਪਿੰਨੀਆਂ, ਮੂੰਗਫਲੀ, ਰਿ ੜੀਆਂ ਅਤੇ ਭੁੱਗੇ ਦੀ ਮਠਿਆਈ ਆਦਿ ਖ਼ਾਸ ਤੌਰ ’ਤੇ ਮਾਪੇ ਜਾਂ ਭਰਾ ਆਪਣੀਆਂ ਧੀਆਂ-ਭੈਣਾਂ ਨੂੰ ਸਹੁਰੇ ਘਰ ਦੇ ਕੇ ਆਉਂਦੇ ਹਨ। ਇਸ ਤਰ੍ਹਾਂ ਸੰਧਾਰੇ ਦੀ ਰਸਮ ਨੂੰ ਕੁੜੀਆਂ ਦਾ ਸਹੁਰੇ ਘਰ ਵਿੱਚ ਮਾਣ ਵਧਾਉਣ ਦਾ ਇੱਕ ਜ਼ਰੀਆ ਵੀ ਮੰਨਿਆ ਜਾਂਦਾ ਹੈ। ਸੰਧਾਰਾ ਧੀ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਵਿਆਹ ਤੋਂ ਬਾਅਦ ਵੀ ਉਸ ਦਾ ਪੇਕਾ ਘਰ ਉਸ ਲਈ ਪਹਿਲਾਂ ਵਾਂਗ ਹੀ ਉਸ ਦਾ ਪੂਰਾ ਮਾਣ ਕਰਦਾ ਹੈ। ਇਹ ਰਿਵਾਜ ਧੀ ਦੇ ਸਨਮਾਨ, ਉਸ ਦੀਆਂ ਭਾਵਨਾਵਾਂ ਅਤੇ ਪਰਿਵਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ। ਸੰਧਾਰਾ ਸਿਰਫ਼ ਸੌਗਾਤਾਂ ਦਾ ਲੈਣ-ਦੇਣ ਨਹੀਂ, ਸਗੋਂ ਮਾਪਿਆਂ ਦੀਆਂ ਅਸੀਸਾਂ ਅਤੇ ਭੈਣ-ਭਰਾਵਾਂ ਦੇ ਪਿਆਰ ਦਾ ਪ੍ਰਤੀਕ ਹੈ।

ਸਮੇਂ ਦੇ ਨਾਲ ਨਾਲ ਇਸ ਰਿਵਾਜ ਦਾ ਰੂਪ ਵੀ ਜ਼ਰੂਰ ਬਦਲਿਆ ਹੈ। ਪਹਿਲਾਂ ਸੰਧਾਰਾ ਹੱਥੀਂ ਬਣੀਆਂ ਮੱਠੀਆਂ, ਘਰ ਦੇ ਬਣਾਏ ਬਿਸਕੁਟ, ਸੂਟ ਅਤੇ ਰਵਾਇਤੀ ਚੀਜ਼ਾਂ ਦਾ ਹੁੰਦਾ ਸੀ, ਪਰ ਅੱਜ ਇਸ ਵਿੱਚ ਤਿਆਰ ਕੱਪੜੇ, ਮਠਿਆਈਆਂ, ਹੋਰ ਘਰੇਲੂ ਉਪਕਰਨ ਜਿਸ ਦੀ ਲੜਕੀ ਨੂੰ ਜ਼ਰੂਰਤ ਹੋਵੇ ਜਾਂ ਨਕਦ ਰਕਮ ਜਾਂ ਹੋਰ ਆਧੁਨਿਕ ਤੋਹਫ਼ੇ ਆਦਿ ਵੀ ਸ਼ਾਮਲ ਹੋ ਗਏ ਹਨ। ਸੰਧਾਰੇ ਦੇ ਰੂਪ ਵਿੱਚ ਚਾਹੇ ਸਮੇਂ ਦੇ ਨਾਲ ਬਦਲਾਅ ਆ ਗਏ ਹਨ, ਪਰ ਫਿਰ ਵੀ ਇਸ ਦੀ ਰੂਹ ਵਿੱਚ ਧੀ ਪ੍ਰਤੀ ਪਿਆਰ ਅਤੇ ਸਨੇਹ ਉਹੀ ਹੈ।

ਅੱਜ ਦੇ ਤੇਜ਼-ਰਫ਼ਤਾਰ ਜੀਵਨ ਵਿੱਚ ਭਾਵੇਂ ਕਈ ਪੁਰਾਣੀਆਂ ਰਸਮਾਂ ਮੱਧਮ ਪੈ ਰਹੀਆਂ ਹਨ, ਪਰ ਸੰਧਾਰਾ ਦੇਣ ਦੀ ਪਰੰਪਰਾ ਅਜੇ ਵੀ ਪੰਜਾਬੀ ਪਰਿਵਾਰਾਂ ਵਿੱਚ ਜਿਉਂ ਦੀ ਤਿਉਂ ਬਰਕਰਾਰ ਹੈ। ਇਹ ਰਿਵਾਜ ਸਾਨੂੰ ਯਾਦ ਦਿਵਾਉਂਦਾ ਹੈ ਕਿ ਧੀਆਂ ਵੀ ਘਰ ਦਾ ਮਾਣ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਹਮੇਸ਼ਾ ਕਾਇਮ ਰਹਿਣਾ ਚਾਹੀਦਾ ਹੈ। ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬ ਦੀ ਲੋਕ-ਸੱਭਿਆਚਾਰਕ ਵਿਰਾਸਤ ਦਾ ਇੱਕ ਅਨਮੋਲ ਹਿੱਸਾ ਹੈ। ਇਹ ਰਿਸ਼ਤਿਆਂ ਦੇ ਨਿੱਘ, ਪਰਿਵਾਰਕ ਏਕਤਾ ਅਤੇ ਧੀ ਪ੍ਰਤੀ ਅਟੁੱਟ ਮੋਹ ਦਾ ਪ੍ਰਤੀਕ ਹੈ। ਅਜਿਹੀਆਂ ਪਰੰਪਰਾਵਾਂ ਨੂੰ ਸੰਭਾਲਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿਉਂਕਿ ਇਹੋ ਜਿਹੇ ਰੀਤੀ ਰਿਵਾਜਾਂ ਵਿੱਚ ਹੀ ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਵੱਸਦੀ ਹੈ।

# ਹੋਂਦ ਬਚਾਉਣ ਖ਼ਾਤਰ ਕੁਦਰਤ ਵੱਲ ਹੀ ਪਰਤਣਾ ਪੈਣਾ ਹੈ

ਪਰਮਜੀਤ ਸਿੰਘ ਨਿੱਕੇ ਘੁੰਮਣ

ਇਸ ਧਰਤੀ ’ਤੇ ਜਾਂ ਇਸ ਬ੍ਰਹਿਮੰਡ ਵਿਚ ਮਨੁੱਖ ਨੂੰ ‘ਅਸ਼ਰਫ਼-ਉਲ-ਮਖ਼ਲੂਕਾਤ’ ਯਾਨੀ ਕੁਦਰਤ ਦੀ ਸਰਬੋਤਮ ਰਚਨਾ ਮੰਨਿਆ ਜਾਂਦਾ ਹੈ ਪਰ ਹੰਕਾਰ ਤੇ ਅਗਿਆਨਤਾ ਵੱਸ ਹੋ ਕੇ ਅਜੋਕਾ ਮਨੁੱਖ



ਇਹ ਭੁੱਲ ਗਿਆ ਹੈ ਕਿ ਇਸ ਦੁਨੀਆਂ ਦੀ ਸਾਰੀ ਕਾਇਨਾਤ, ਸਾਰੇ ਕੁਦਰਤੀ ਨਜ਼ਾਰੇ ਤੇ ਸਮੂਹ ਕੁਦਰਤੀ ਸਰੋਤ, ਮਨੁੱਖ ਸਮੇਤ ਧਰਤੀ ਤੇ ਵੱਸਦੇ ਸਮੂਹ ਜੀਵ-ਜੰਤੂਆਂ ਦੇ ਉਪਭੋਗ ਤੇ ਸਦਉਪਯੋਗ ਲਈ ਹਨ ਨਾ ਕਿ ਮਨੁੱਖ ਵੱਲੋਂ ਕੁਦਰਤੀ ਸਰੋਤਾਂ ਨੂੰ ਤਬਾਹ-ਬਰਬਾਦ ਕਰ ਕੇ ਆਪਣੀ ਹੀ ਬਰਬਾਦੀ ਦੀ ਇਬਾਰਤ ਲਿਖਣ ਲਈ।

**ਕੁਦਰਤ ਦੀ ਸੰਤਾਨ ਹੈ ਮਨੁੱਖ**

ਇਹ ਹਕੀਕਤ ਹੈ ਕਿ ਮਨੁੱਖ ਕੁਦਰਤ ਦੀ ਸੰਤਾਨ ਹੈ ਤੇ ਕੁਦਰਤ ’ਚ ਹੀ ਇਸ ਦੇ ਵਿਕਾਸ, ਸਿਹਤਮੰਦੀ ਤੇ ਖ਼ੁਸ਼ਹਾਲੀ ਦੇ ਸਾਰੇ ਤੱਤ ਮੌਜੂਦ ਹਨ। ਮਨੁੱਖ ਜਦੋਂ ਕੁਦਰਤ ਦੇ ਨੇੜੇ ਰਹਿੰਦਾ ਸੀ ਤੇ ਕੁਦਰਤ ਦੀ ਰਾਖੀ ਕਰਦਾ ਸੀ, ਉਦੋਂ ਕੁਦਰਤ ਵੀ ਇਸ ਦੀ ਰਾਖੀ ਕਰਦੀ ਸੀ ਤੇ ਇਸ ਦਾ ਪੂਰਾ-ਪੂਰਾ ਖ਼ਿਆਲ ਰੱਖਦੀ ਸੀ। ਫਿਰ ਮਸ਼ੀਨੀਕਰਨ ਦੇ ਆਉਣ ਨਾਲ ਮਨੁੱਖ ਨੂੰ ਇਹ ਲੱਗਣ ਲੱਗ ਪਿਆ ਕਿ ਉਸ ਦੀ ਤਰੱਕੀ ਪਦਾਰਥਕ ਸੁੱਖਾਂ ’ਚ ਲੁਕੀ ਹੋਈ ਹੈ ਤੇ ਉਹ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਖ਼ਾਤਰ ਸੰਘਰਸ਼ ਕਰਨ ਲੱਗ ਪਿਆ। ਉਸ ਨੇ ਵਿੱਦਿਆ ਦਾ ਭਰਵਾਂ ਪ੍ਰਸਾਰ ਤੇ ਪ੍ਰਚਾਰ ਕੀਤਾ ਤੇ ਗਿਆਨ ਦੇ ਦੀਵੇ ਬਾਲ ਕੇ ਆਪਣੇ ਜੀਵਨ ਵਿਚ ਚਾਨਣ ਭਰਨ ਦੀ ਕੋਸ਼ਿਸ਼ ਕੀਤੀ ਪਰ

(ਬਾਕੀ ਅਗਲੇ ਸਫੇ ‘ਤੇ)

# ਸਹੂਲਤਾਂ ਦੀ ਭਰਮਾਰ ਹੋਣ ਦੇ ਬਾਵਜੂਦ ਮਨੁੱਖੀ ਮਨ ਹੈ ਅਸ਼ਾਂਤ ਕਿਉਂ ਹੋ ਰਿਹਾ ਹੈ!

**ਹਰਪ੍ਰੀਤ ਕੌਰ ਸੰਧੂ**

ਅੱਜ ਦੇ ਸਮੇਂ ਜਦੋਂ ਮਨੁੱਖ ਇਕ ਪਦਾਰਥਵਾਦੀ ਸੋਚ ਨੂੰ ਲੈ ਕੇ ਚੱਲ ਰਿਹਾ ਹੈ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਮਾਨਸਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਯਕੀਨਨ ਸਾਡੇ ’ਤੇ ਪਦਾਰਥਵਾਦੀ ਸੋਚ ਭਾਰੂ ਹੈ, ਅਸੀਂ ਬਾਜ਼ਾਰ ਦੇ ਮੁਤ-ਾਬਿਕ ਜੀ ਰਹੇ ਹਾਂ ਜਾਂ ਕਹਿ ਸਕਦੇ ਹੋ ਕਿ ਸਾਨੂੰ ਬਾਜ਼ਾਰ ਚਲਾ ਰਿਹਾ ਹੈ। ਅਜਿਹੇ ਸਮੇਂ ’ਚ ਮਨੁੱਖ ਅੰਦਰ ਕਿਤੇ ਇਹ ਸੋਚ ਚੱਲਦੀ ਹੈ ਕਿ ਉਹ ਜੋ ਕਰ ਰਿਹਾ ਹੈ, ਕੀ ਉਹ ਸਹੀ ਹੈ? ਇਸ ਨੂੰ ਸੋਚਣ ਦੀ ਘੁਸਪੈਠ ਵੀ ਕਹਿ ਸਕਦੇ ਹਾਂ। ਅਸੀਂ ਸਾਰੇ ਹੀ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ਼ ਹਾਂ ਕਿ ਸਮੇਂ ਦੇ ਮੁਤਾਬਿਕ ਚੱਲਣ ’ਚ ਹੀ ਸਮਝਦਾਰੀ ਹੁੰਦੀ ਹੈ। ਅੱਜ ਸਮਾਂ ਉਹ ਨਹੀਂ ਰਿਹਾ, ਜਿੱਥੇ ਭਾਵਨਾਵਾਂ ਨੂੰ ਪਹਿਲ ਦਿੱਤੀ ਜਾ ਸਕੇ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਜ਼ਿੰਦਗੀ ਦੀ ਦੌੜ ’ਚ ਪਿੱਛੇ ਰਹਿ ਜਾਂਦਾ ਹੈ। ਇਸ ਲਈ ਜ਼ਿਆਦਾਤਰ ਮਨੁੱਖ ਮਸ਼ੀਨ ਵਾਂਗ ਜੀਅ ਰਹੇ ਹਨ। ਉਨ੍ਹਾਂ ਦੀ ਜ਼ਿੰਦਗੀ ਇਕ ਘੜੀ ਨਾਲ ਬੱਝੀ ਹੋਈ ਹੈ। ਉਨ੍ਹਾਂ ਦੇ ਹਰ ਕੰਮ ਦਾ ਸਮਾਂ ਨਿਸ਼ਚਿਤ ਹੈ।

**ਇਕੱਲੇਪਣ ਦਾ ਹੁੰਦੇ ਸ਼ਿਕਾਰ**

ਅੱਜ ਜਦੋਂ ਸਾਡੇ ਕੋਲ ਪਰਿਵਾਰ ’ਚ ਵੀ ਇਕ-ਦੂਜੇ ਨਾਲ ਬਹਿ ਕੇ ਗੱਲਾਂ ਕਰਨ ਦਾ ਸਮਾਂ ਨਹੀਂ ਹੈ ਤਾਂ ਅਕਸਰ ਅਸੀਂ ਇਕੱਲੇਪਣ ਦੇ ਸ਼ਿਕਾਰ ਹੁੰਦੇ ਹਾਂ। ਇਕ-ਲਾਪਣ ਸਿਰਫ ਉਹ ਨਹੀਂ ਹੁੰਦਾ ਜਦੋਂ ਅਸੀਂ ਇਕੱਲੇ ਬੈਠੇ ਹੋਈਏ ਸਗੋਂ ਉਹ ਹੁੰਦਾ ਹੈ ਜਦੋਂ ਅਸੀਂ ਮਾਨਸਿਕ ਤੌਰ ’ਤੇ ਇਕੱਲੇ ਮਹਿਸੂਸ ਕਰੀਏ। ਅਜਿਹੇ ਸਮੇਂ ਬਹੁਤ ਵਾਰੀ ਇਹ ਖ਼ਿਆਲ ਸਾਡੇ ਮਨ ’ਚ ਆਉਂਦੇ ਹਨ ਕਿ ਕੀ ਸਾਡਾ ਦੂਜੇ ਨਾਲ ਵਿਹਾਰ ਸਹੀ ਹੈ? ਕੀ ਇਸ ਭੱਜ-ਦੌੜ ਭਰੀ ਜ਼ਿੰਦਗੀ ’ਚ ਅਸੀਂ ਅਜਿਹਾ ਕੁਝ ਤਾਂ ਨਹੀਂ ਕਰ ਰਹੇ, ਜੋ ਸਾਡੇ ਆ-ਪਣਿਆਂ ਨੂੰ ਤਕਲੀਫ਼ ਦਿੰਦਾ ਹੈ? ਕੀ ਕੋਈ ਅਜਿਹੀ ਗੱਲ ਸਾਡੇ ਤੋਂ ਕਿਸੇ ਪ੍ਰਤੀ ਕਹੀ ਤਾਂ ਨਹੀਂ ਗਈ, ਜੋ ਉਸ ਨੂੰ ਦੁੱਖ ਦੇਵੇ? ਅਜਿਹੀਆਂ ਸੋਚਾਂ ਨਿਰੰਤਰ ਮਨ ਵਿੱਚ ਚਲਦੀਆਂ ਹਨ। ਇਨ੍ਹਾਂ ਸੋਚਾਂ ਦਾ ਹੋਣ ਗ਼ੈਰ- ਵਾਜਿਬ ਨਹੀਂ। ਆਖ਼ਰਕਾਰ ਅਸੀਂ ਮਨੁੱਖ ਹਾਂ ਪਰ ਸਮੱਸਿਆ ਉਦੋਂ ਆਉਂਦੀ ਹੈ, ਜਦੋਂ ਇਹ ਸੋਚਾਂ ਸਾਡੇ ਤੇ ਭਾਰੂ ਹੋ ਜਾਣ। ਅਜਿਹੇ ’ਚ ਮਨੁੱਖ ਤਣਾਅ ਵੱਲ ਚਲਾ ਜਾਂਦਾ ਹੈ। ਉਸ ਨੂੰ ਆਪਣੇ ਆਪ ’ਤੇ ਸ਼ੰਕਾ ਹੋਣ ਲੱਗਦਾ



ਹੈ। ਉਸ ਨੂੰ ਜਾਪਦਾ ਹੈ ਕਿ ਉਸ ਦਾ ਵਿਹਾਰ ਸਹੀ ਨਹੀਂ ਹੈ। ਉਹ ਵਾਰ-ਵਾਰ ਆਪਣੇ ਦੁਆਰਾ ਕੀਤੀ ਗੱਲ ਨੂੰ ਸੋਚਦਾ ਹੈ ਤੇ ਉਸ ਨੂੰ ਅਨੇਕ ਪੱਖਾਂ ਤੋਂ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਅਜਿਹੀਆਂ ਸੋਚਾਂ ਜੇ ਮਨ ’ਤੇ ਭਾਰੂ ਹੋ ਜਾਣ ਤਾਂ ਮਨੁੱਖ ਕਿਸੇ ਨਾ ਕਿਸੇ ਮਾਨਸਿਕ ਗੁੰਝਲ ’ਚ ਫਸ ਜਾਂਦਾ ਹੈ। ਅਜਿਹੀ ਸਥਿਤੀ ਵਿਚ ਉਹ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ।

**ਮਨ ਦਾ ਸਕੂਨ ਹੋ ਜਾਂਦਾ ਗਾਇਬ**

ਤੇਜ਼ ਰਫ਼ਤਾਰ ਜ਼ਿੰਦਗੀ ’ਚ ਕਈ ਵਾਰ ਥਕਾਵਟ ਇੰਨੀ ਜ਼ਿਆਦਾ ਹੋ ਜਾਂਦੀ ਹੈ ਕਿ ਸਾਨੂੰ ਨੀਂਦ ਵੀ ਨਹੀਂ ਆਉਂਦੀ। ਮਾਹੌਲ ਕੁਝ ਇਸ ਤਰ੍ਹਾਂ ਦਾ ਹੋ ਜਾਂਦਾ ਹੈ ਕਿ ਮਨ ਦਾ ਸਕੂਨ ਗਾਇਬ ਹੋ ਜਾਂਦਾ ਹੈ। ਅਸੀਂ ਆਪਣਿਆਂ ਨਾਲ ਜਦੋਂ ਖੁੱਲ੍ਹ ਕੇ ਦਿਲ ਦੀ ਗੱਲ ਨਹੀਂ ਕਰ ਸਕਦੇ ਤਾਂ ਸਾਡੇ ਮਨ ’ਤੇ ਬੋਝ ਵੱਧਦਾ ਹੈ। ਅੱਜ ਦੇ ਸਮੇਂ ਵਿਚ ਕਿਸੇ ’ਤੇ ਭਰੋਸਾ ਕਰ ਕੇ ਦਿਲ ਦੀ ਗੱਲ ਕਰਨਾ ਵੀ ਖ਼ਤਰਾ ਮੁੱਲ ਲੈਣ ਵਾਲੀ ਗੱਲ ਹੈ। ਕੋਈ ਪਤਾ ਨਹੀਂ ਕਿ ਉਹ ਸਾਡੀ ਗੱਲ ਦਾ ਤਮਾਸ਼ਾ ਬਣਾ ਦੇਵੇ। ਇਸੇ ਡਰ ਤੋਂ ਕੋਈ ਕਿਸੇ ਨਾਲ ਆਪਣੇ ਦਿਲ ਦੀ ਗੱਲ ਨਹੀਂ ਕਰਦਾ। ਬਹੁਤ ਨਜ਼ਦੀਕੀ ਰਿਸ਼ਤਿਆਂ ’ਚ ਵੀ ਬਹੁਤ ਦੂਰੀਆਂ ਹਨ। ਦਿਲਾਂ ਦੀ ਦੂਰੀ ਅਕਸਰ ਬਹੁਤ ਪਰੇਸ਼ਾਨ ਕਰਦੀ ਹੈ। ਜਦੋਂ ਤੁਸੀਂ ਕਿਸੇ ਵਾਰਤਾਲਾਪ ਜਾਂ ਕਿਸੇ ਬਹਿਸ ਤੋਂ ਬਾਅਦ ਇਹ ਸੋਚਦੇ ਹੋ ਕਿ ਮੈਂ ਗ਼ਲਤ ਤਾਂ ਨਹੀਂ ਬਜਾਏ ਇਸ ਦੇ ਕਿ ਤੁਸੀਂ ਉਸ ਵਿਅਕਤੀ ਕੋਲ ਜਾ ਕੇ ਆਪਣੀ ਗ਼ਲਤੀ ਦੀ ਮਾਫ਼ੀ ਮੰਗੋ, ਆਪਣੇ ਮਨ ’ਚ ਇਕ ਗੰਢ ਬਣਾ ਲੈਂਦੇ ਹੋ। ਤੁਹਾਡੇ ਮਨ ਦੀ ਇਹ ਗੰਢ ਉਸ ਵਿਅਕਤੀ ਨਾਲੋਂ ਜ਼ਿਆਦਾ ਤੁਹਾਨੂੰ ਪਰੇਸ਼ਾਨ ਕਰਦੀ ਹੈ। ਇਸੇ ਤਰ੍ਹਾਂ ਇਹ ਤਾਣਾ-ਬਾਣਾ ਉਲਝਦਾ ਜਾਂਦਾ ਹੈ।

**ਪਰਿਵਾਰ ’ਚ ਬਣਾਉਣਾ ਪੈਂਦਾ ਸੁਹਿਰਦ ਮਾਹੌਲ**

ਅੱਜ ਦੇ ਸਮੇਂ ਸਾਨੂੰ ਸਰੀਰਕ ਰੋਗਾਂ ਦੇ ਨਾਲ-ਨਾਲ ਮਾਨਸਿਕ ਰੋਗਾਂ ਪ੍ਰਤੀ ਬਹੁਤ ਸੁਚੇਤ ਰਹਿਣ ਦੀ ਲੋੜ ਹੈ। ਇਸ ਗੱਲ ਨੂੰ ਸਮਝਣ ਦੀ ਜ਼ਰੂਰਤ ਹੈ ਕਿ ਮਾਨਸਿਕ ਰੋਗੀ ਪਾਗਲ ਨਹੀਂ ਹੁੰਦੇ। ਮਾਨਸਿਕ ਰੋਗਾਂ ਦੀਆਂ ਅਨੇਕਾਂ ਕਿਸਮਾਂ ਹਨ। ਇਨ੍ਹਾਂ ਦਾ ਇਲਾਜ ਸੰਭਵ ਹੈ। ਇਲਾਜ ਲਈ ਸਾਨੂੰ ਆਪਣੇ ਪਰਿਵਾਰ ਵਿਚ ਸੁਹਿਰਦ ਮਾਹੌਲ ਬਣਾਉਣਾ ਪੈਂਦਾ ਹੈ। ਇਕ-ਦੂਜੇ ਦੀ ਗੱਲ ਨੂੰ ਸਮਝਣਾ ਤੇ ਸੁਣਨਾ ਪੈਂਦਾ ਹੈ। ਜੇ ਤੁਸੀਂ ਆਪਣੇ ਦੋਸਤ ਦੀ ਮਾਨਸਿਕ ਪਰੇਸ਼ਾਨੀ ਵਿਚ ਮਦਦ ਕਰਦੇ ਹੋ ਤੇ ਉਸ ਨੂੰ ਇਲਾਜ ਲਈ ਉਤਸ਼ਾਹਿਤ ਕਰਦੇ ਹੋ ਤਾਂ ਹੀ ਤੁਸੀਂ ਸਹੀ ਮਾਅਨਿਆਂ ’ਚ ਦੋਸਤ ਹੋ। ਬਹੁਤ ਜ਼ਰੂਰੀ ਹੈ ਕਿ ਮਾਨਸਿਕ ਸਿਹਤ ਪ੍ਰਤੀ ਸੁਚੇਤ ਹੋਇਆ ਜਾਵੇ।

ਅੱਜ ਦਾ ਮਨੁੱਖ ਸਹੂਲਤਾਂ ਨਾਲ ਭਰੀ ਪਰੇਸ਼ਾਨੀ ਵਾਲੀ ਜ਼ਿੰਦਗੀ ਜੀਅ ਰਿਹਾ ਹੈ। ਇਸ ਵਿਚ ਉਸ ਨੂੰ ਸਭ ਤੋਂ ਵੱਧ ਜ਼ਰੂਰਤ ਸਕੂਨ ਦੀ ਹੈ। ਇਕ-ਦੂਜੇ ਪ੍ਰਤੀ ਸੁਹਿਰਦ ਹੋਣਾ ਹੀ ਮਾਨਸਿਕ ਸਿਹਤ ਦਾ ਪਹਿਲਾ ਕਦਮ ਹੈ। ਗੱਲਾਂ ਕਰਨੀਆਂ ਬਹੁਤ ਜ਼ਰੂਰੀ ਹਨ ਕਿਉਂਕਿ ਗੱਲਾਂ ਕਰ ਕੇ ਹੀ ਗੱਲਾਂ ਵਿੱਚੋਂ ਨਿਕਲਿਆ ਜਾਂਦਾ ਹੈ।

# ਹੋਂਦ ਬਚਾਉਣ ਖ਼ਾਤਰ ਕੁਦਰਤ ਵੱਲ ਹੀ ਪਰਤਣਾ ਪੈਣਾ ਹੈ

(ਸਫਾ 20 ਦੀ ਬਾਕੀ)

ਪਦਾਰਥਕ ਸੁੱਖਾਂ ਦੀ ਦੌੜ ਵਿਚ ਉਹ ਬੇਤਹਾਸ਼ਾ ਭੱਜ-ਨੱਸ ਕਰਨ ਲੱਗ ਪਿਆ ਤੇ ਫਿਰ ਉਸ ਨੂੰ ਲੱਗਣ ਲੱਗ ਪਿਆ ਕਿ ਉਹ ਥੱਕਣ ਲੱਗ ਪਿਆ ਹੈ। ਉਸ ਨੇ ਸਰੀਰਕ ਤੇ ਮਾਨਸਿਕ ਥਕਾਵਟ ਉਤਾਰਨ ਲਈ ਆਰਾਮਦਾਇਕ ਸਹੂਲਤਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਤੇ ਉਨ੍ਹਾ ਸਹੂਲਤਾਂ ਲਈ ਸਾਧਨ ਜੁਟਾਉਣ ਹਿੱਤ ਮੁੜ ਤੋਂ ਸੰਘਰਸ਼ਸ਼ੀਲ ਹੋ ਗਿਆ। ਇਸ ਸਾਰੀ ਦੌੜ-ਭੱਜ ’ਚ ਉਹ ਭੁੱਲ ਹੀ ਗਿਆ ਕਿ ਕੁਦਰਤ ਤਾਂ ਉਸ ਦੀ ਮਾਂ ਸੀ ਤੇ ਮਾਂ ਦੀ ਗੋਦ ਤੋਂ ਵੱਧ ਨਿੱਘ, ਆਰਾਮ, ਚੈਨ ਅਤੇ ਸੁੱਖ ਭਲਾ ਉਸ ਨੂੰ ਹੋਰ ਕੌਣ ਦੇ ਸਕਦਾ ਹੈ? ਪਰ ਉਸ ਦਾ ਦੁਖਾਂਤ ਇਹ ਹੈ ਕਿ ਮਾਇਕ ਤੇ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੀ ਹੋੜ ਵਿਚ ਬੇ-ਹੋਸ਼ ਭੱਜਦਿਆਂ-ਭੱਜਦਿਆਂ ਉਹ ਕੁਦਰਤ ਤੋਂ ਬਹੁਤ ਦੂਰ ਹੋ ਗਿਆ ਹੈ ਤੇ ਕੁਦਰਤ ਮਾਂ ਦਾ ਘਾਣ ਕਰ ਕੇ ਉਹ ਉਸ ਦਾ ਗੁਨਾਹਗਾਰ ਵੀ ਹੋ ਨਿੱਬੜਿਆ ਹੈ।

**ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ ਖ਼ਮਿਆਜ਼ਾ**

ਹੁਣ ਸੁਖੀ ਤੇ ਖ਼ੁਸ਼ਹਾਲ ਜੀਵਨ ਦੇ ਤਿੰਨ ਪ੍ਰਮੁੱਖ ਤੱਤ ਕਹੇ ਜਾਂਦੇ ‘ਸ਼ੁੱਧ ਹਵਾ’,‘ਉਪਜਾਊ ਮਿੱਟੀ’ ਤੇ ‘ਨਿਰਮਲ ਜਲ’ ਆਦਿ ਨੂੰ ਹੱਥੀਂ ਬਰਬਾਦ ਕਰਨ ਪਿੱਛੋਂ ਬਿਮਾਰੀ ਤੇ ਨਿਰਾਸ਼ਤਾ ਭਰਪੂਰ ਜੀਵਨ ਜਿਊਣ ਵਾਲਾ ਅਜੋਕਾ ਮਨੁੱਖ ਹੁਣ ਮੁੜ ਕੁਦਰਤ ਵੱਲ ਵਾਪਸ ਪਰਤਣਾ ਲੋਚ ਰਿਹਾ ਹੈ ਪਰ ਹੁਣ ਸ਼ਾਇਦ ਬਹੁਤ ਦੇਰ ਹੋ ਚੁੱਕੀ ਹੈ ਤੇ ਵਰਤਮਾਨ ਮਨੁੱਖਾਂ ਵੱਲੋਂ ਕੁਦਰਤ ਅੰਮੜੀ ਨਾਲ ਕਮਾਏ ਧ੍ਰੋਹ ਦਾ ਸਿਲ੍ਹਾ ਹੁਣ ਇਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਹੀ ਪਵੇਗਾ।

**ਅਸਲ ਤੇ ਸਫਲ ਜੀਵਨ ਦਾ ਸਾਰ**

ਅਜੋਕੇ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਗਿਰੇਬਾਨ ’ਚ ਝਾਤੀ ਮਾਰ ਕੇ ਵੇਖੇ ਕਿ ਕੀ ਉਸ ਦੇ ਵੱਡ-ਵਡੇਰੇ ਉਸ ਨੂੰ ਰੁੱਖਾਂ ਵਾਲੇ ਜੰਗਲ ਦੀ ਥਾਂ ਕੰਕਰੀਟ ਦਾ ਜੰਗਲ ਦੇ ਕੇ ਗਏ ਸਨ? ਕੀ ਉਸ ਦੇ ਪੁਰਖੇ ਸ਼ੁੱਧ ਤੇ ਸੀਤਲ ਜਲ ਨਾਲ ਭਰਪੂਰ ਨਦੀਆਂ, ਨਾਲਿਆਂ ਦੀ ਥਾਂ ਉਸ ਨੂੰ ਗੰਦਗੀ ਅਤੇ ਰਸਾਇਣ ਭਰੇ ਗੰਦੇ ਨਾਲੇ ਤੇ ਨਦੀਆਂ ਦੇ ਕੇ ਗਏ ਸਨ? ਕੀ ਉਸ ਦੇ ਅਧਿਆਤਮਿਕ ਰਹਿਬਰਾਂ ਨੇ ਉਸ ਨੂੰ ਪੁਕਾਰ-ਪੁਕਾਰ ਕੇ ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤਿ॥’ ਦਾ ਪਾਠ ਨਹੀਂ ਪੜ੍ਹਾਇਆ ਸੀ? ਕੀ ਉਸ ਦੀਆਂ ਪਿਛਲੀਆਂ ਪੀੜ੍ਹੀਆਂ ਨੇ ਉਸ ਨੂੰ ਰੁੱਖਾਂ, ਪਸ਼ੂਆਂ ਤੇ ਪੰਛੀਆਂ ’ਤੇ ਦਇਆ ਕਰਨ ਦੀ ਮੱਤ ਨਹੀਂ ਦਿੱਤੀ ਸੀ?

ਜੇ ਉਕਤ ਸਭ ਕੁਝ ਜਾਣਦਿਆਂ-ਬੁਝਦਿਆਂ ਹੋਇਆਂ ਵੀ ਅਜੋਕੇ ਮਨੁੱਖ ਨੇ ਉਕਤ ਸਾਰੇ ਪਾਪ ਖੱਟੇ ਹਨ ਤਾਂ ਫਿਰ ਉਸ ਦੇ ਕੀਤੇ ਪਾਪਾਂ ਦੀ ਸਜ਼ਾ ਤਾਂ ਉਸ ਨੂੰ ਮਿਲਣੀ ਬਣਦੀ ਸੀ ਤੇ ਹੁਣ ਕਦੇ ਕਹਿਰ ਮਚਾਉਂਦੀ ਗਰਮੀ ਤੇ ਕਦੇ ਹੱਡੀਆਂ ਨੂੰ ਕੜਕਾਉਂਦੀ ਸਰਦੀ ਤੇ ਕਦੇ ਬੇਮੌਸਮੇ ਤੇ ਬੇਤਹਾਸ਼ੇ ਹੜ੍ਹ ਉਸ ਨੂੰ ਸਜ਼ਾ ਦੇ ਰੂਪ ਵਿਚ ਮਿਲ ਰਹੇ ਹਨ ਤੇ ਹੁਣ ਸਜ਼ਾ ਦੇ ਪ੍ਰਕੋਪ ਨਾਲ ਚੀਕਾਂ ਮਾਰਦਾ ਮਾਰਦਾ ਮਨੁੱਖ ‘ਰੁੱਖ ਲਗਾ ’,‘ਜਲ ਬਚਾ ’ ਤੇ ‘ਪ੍ਰਦੂਸ਼ਣ ਘਟਾ ’ ਦਾ ਹੋਕਾ ਦਿੰਦਾ ਫਿਰ ਰਿਹਾ ਹੈ। ਜਦੋਂ ਵੇਲ੍ਹਾ ਕੁਦਰਤ ਨੂੰ ਸੰਭਾਲਣ ਦਾ ਸੀ, ਉਦੋਂ ਉਹ ਅਵੇਸਲਾ, ਲਾਪ੍ਰਵਾਹ, ਸਵਾਰਥੀ ਤੇ ਲਾਲਚੀ ਬਣ ਗਿਆ ਤੇ ਹੁਣ ਉਹ ‘ਆਰਗੈਨਿਕ ਖੇਤੀ ਕਰਨ, ਝੋਨੇ ਦੀ ਕਾਸ਼ਤ ਬੰਦ ਕਰਨ, ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਘੱਟ ਕਰਨ, ਘੜੇ ਦਾ ਪਾਣੀ ਪੀਣ, ਰੋਜ਼ਾਨਾ ਸੈਰ, ਕਸਰਤ ਜਾਂ ਯੋਗਾ ਕਰਨ, ਮੋਟੇ ਅਨਾਜ ਖਾਣ, ਤਲੀਆਂ ਤੇ ਮਸਾਲਾ ਭਰਪੂਰ ਚੀਜ਼ਾਂ ਖਾਣ ਤੋਂ ਪਰਹੇਜ਼ ਕਰਨ ਦੀਆਂ ਗੱਲਾਂ ਕਰਦਾ ਫਿਰ ਰਿਹਾ ਹੈ। ‘ਪੱਥਰ ਚੱਟ ਕੇ ਮੁੜੀ ਮੱਛੀ’ ਵਾਂਗ ਉਸ ਨੂੰ ਹੁਣ ਸਮਝ ਆ ਗਈ ਹੈ ਕਿ ਕਈ ਵਰ੍ਹੇ ਪਹਿਲਾਂ ਉਸ ਦੇ ਸਿਆਣੇ ਬਜ਼ੁਰਗਾਂ ਵੱਲੋਂ ਦਿੱਤਾ ‘ਬੈਕ ਟੂ ਨੇਚਰ’ ਯਾਨੀ ‘ਕੁਦਰਤ ਵੱਲ ਨੂੰ ਪਰਤੋ’ ਦਾ ਨਾਅਰਾ ਹੀ ਉਸ ਦੇ ਅਸਲ ਅਤੇ ਸਫਲ ਜੀਵਨ ਦਾ ਸਾਰ ਹੈ। ‘ਬਲਿਹਾਰੀ ਕੁਦਰਤਿ ਵਸਿਆ’ ਦਾ ਸੰਕਲਪ ਉਸ ਨੂੰ ਹੁਣ ਥੋੜ੍ਹਾ-ਥੋੜ੍ਹਾ ਸਮਝ ਲੱਗਣ ਲੱਗ ਗਿਆ ਹੈ। ‘ਜੇ ਨਹੀਂ ਇਹ ਰੁੱਖ ਰਹਿਣਗੇ, ਦੱਸੋ ਕਿੰਜ ਮਨੁੱਖ ਰਹਿਣਗੇ’? ਜਿਹੇ ਭਾਵਪੂਰਤ ਤੇ ਸਮਕਾਲੀ ਸਵਾਲ ਹੁਣ ਉਸ ਦੀ ਅੰਤਰ-ਆਤਮਾ ਨੂੰ ਝੰਜੋੜਨ ਲੱਗ ਪਏ ਹਨ।

**ਨੁਕਸਾਨ ਦੀ ਪੂਰਤੀ**

ਅਜੋਕਾ ਮਨੁੱਖ ਹੁਣ ਜ਼ਿੰਦਗੀ ਦੀ ਭੱਜ-ਨੱਸ ਨੂੰ ਤਿਆਗ ਕੇ ਕਿਸੇ ਸ਼ਾਂਤ ਤੇ ਨਿਰਮਲ ਵਾਤਾਵਰਣ ਵਿਚ ਬੈਠਣਾ ਲੋਚਦਾ ਹੈ। ਉਸ ਨੂੰ ਸੋਝੀ ਆ ਰਹੀ ਹੈ ਕਿ ਕੁਦਰਤ ਤੋਂ ਵਿੱਛੜ ਕੇ ਉਸ ਨੇ ਪਰੇਸ਼ਾਨੀਆਂ ਤੇ ਦੁੱਖ ਹੀ ਸਹੇੜੇ ਹਨ ਤੇ ਸੁੱਖ ਲੈਣ ਲਈ ਉਸ ਨੂੰ ਹੁਣ ਮੁੜ ਤੋਂ ਕੁਦਰਤ ਦੀ ਹੀ ਸ਼ਰਨ ਵਿਚ ਜਾਣਾ ਪਵੇਗਾ। ਇਸ ਲਈ ਚਿਰੋਕਣੇ ਚਿਰ ਪਿੱਛੋਂ ਜਾਗਿਆ ਮਨੁੱਖ ਕੁਦਰਤ ਅਤੇ ਕੁਦਰਤ ਵਿਚ ਵੱਸੇ ਕਾਦਰ ਦੇ ਨੇੜੇ ਹੋਣ ਦੀ ਚਾਹਤ ਰੱਖਦਾ ਹੈ। ਸੋ ‘ਕੁਦਰਤ ਤੋਂ ਸ਼ੁਰੂ ਹੋਈ ਗੱਲ ਆਖ਼ਰ ਕੁਦਰਤ ’ਤੇ ਹੀ ਆ ਕੇ ਹੀ ਮੁੱਕਣੀ ਹੈ’, ਰੂਪੀ ਗਿਆਨ ਅਜੋਕੇ ਮਨੁੱਖ ਨੂੰ ਹੋ ਗਿਆ ਹੈ ਤੇ ਹੁਣ ਉਹ ਵੇਲ੍ਹਾ ਸੰਭਾਲਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਣ ਲੱਗ ਪਿਆ ਹੈ। ‘ਪਵਣੁ’,‘ਪਾਣੀ’ ਅਤੇ ‘ਧਰਤਿ’ ਦੀ ਰਾਖੀ ਲਈ ਹੰਭਲਾ ਮਾਰਨ ਦਾ ਯਤਨ ਕਰਦਾ ਇਹ ਮਨੁੱਖ ਹੁਣ ‘ਬੂਟਿਆਂ ਦਾ ਪ੍ਰਸ਼ਾਦ’ ਵੰਡਣ ਲੱਗ ਪਿਆ ਹੈ।

‘ਜਲ ਬਚਾ ’ ਦੇ ਨਾਅਰੇ ਹੁਣ ਗਾਹੇ-ਬਗਾਹੇ ਚੌਗਿਰਦੇ ਵਿਚ ਗੂੰਜਣ ਲੱਗ ਪਏ ਹਨ। ਕੁਦਰਤ ਨੂੰ ਬਚਾਉਣ ਤੇ ਕੁਦਰਤ ਨੂੰ ਸਾਂਭਣ ਦੀ ਗੱਲ ਹੁਣ ਤੁਰ ਪਈ ਹੈ ਤੇ ਆਸ ਹੈ ਕਿ ਚਾਹੇ ਦੇਰ ਨਾਲ ਹੀ ਸਹੀ ਪਰ ‘ਡੈਮੇਜ ਕੰਟ੍ਰੋਲ’ ਭਾਵ ਹੋ ਚੁੱਕੇ ਨੁਕਸਾਨ ਦੀ ਪੂਰਤੀ ਖ਼ਾਤਰ ਇਹ ਸ਼ੁਰੂ ਹੋ ਚੁੱਕੀ ਕਵਾਇਦ ਸ਼ਾਇਦ ਕੁਝ ਰੰਗ ਜ਼ਰੂਰ ਲਿਆਏਗੀ।

**ਹਰ ਵਰਗ ਨੂੰ ਪਾਉਣਾ ਪਵੇਗਾ ਆਪਣਾ ਯੋਗਦਾਨ**

ਹੁਣ ਸਚਮੁੱਚ ਹੀ ਵੇਲਾ ਆ ਗਿਆ ਹੈ ਕਿ ਹਵਾ, ਪਾਣੀ ਤੇ ਮਿੱਟੀ ਦਾ ਪ੍ਰਦੂਸ਼ਣ ਖ਼ਤਮ ਕਰਨ ਲਈ ਇਕ ਵੱਡੀ ਤੇ ਜ਼ਬਰਦਸਤ ਲਹਿਰ ਸਾਡੇ ਮੁਲਕ ਤੇ ਸਾਡੇ ਚੌਗਿਰਦੇ ’ਚ ਉੱਠ ਪਵੇ ਤੇ ਆਪਣੇ ਅਸਲ ਮਾਰਗ ਤੋਂ ਭਟਕਣ ਦੇ ਫਲਸਰੂਪ ਕੁਦਰਤ ਤੋਂ ਦੂਰ ਚਲਾ ਗਿਆ ਮਨੁੱਖ ਇਕ ਵਾਰ ਮੁੜ ਤੋਂ ਕੁਦਰਤ ਦੇ ਚਰਨੀਂ ਲੱਗ ਕੇ ਆਪਣਾ ਪਾਰ ਉਤਾਰਾ ਕਰ ਲਏ। ਇਸ ਵੱਡਆਕਾਰੀ ਕਾਰਜ ਲਈ ਸਮਾਜ ਦੇ ਹਰ ਵਰਗ ਨੂੰ ਤੇ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਹੀ ਪਵੇਗਾ। ਆ ਸੁਆਮੀ ਵਿਵੇਕਾਨੰਦ ਦੇ ਕਹੇ ਬੋਲਾਂ ਨੂੰ ਕੁਦਰਤ ਅਤੇ ਕੁਦਰਤੀ ਸਰੋਤਾਂ ਦੀ ਰਾਖੀ ਹਿੱਤ ਵਰਤੀਏ। ਉਨ੍ਹਾ ਆਖਿਆ ਸੀ, ‘ਉਠੋ, ਜਾਗੋ ਤੇ ਨਾ ਚਿਰ ਨਾ ਰੁਕੋ ਜਦੋਂ ਤੱਕ ਤੁਹਾਡਾ ਉਦੇਸ਼ ਹਾਸਿਲ ਨਾ ਹੋ ਜਾਵੇ।’

# ਕੁਰਸੀ ’ਚ ਫਸੇ ‘ਸਿਆਸਤਦਾਨਾਂ ਦੇ ਸਿਰ’

**ਇੰਦਰਪ੍ਰੀਤ ਸਿੰਘ**


ਪੰਜਾਬ ਦੀ ਰਾਜਨੀਤੀ ’ਚ ਇਕ ਪੁਰਾਣੀ ਕਹਾਵਤ ਹੈ, ‘ਜਿਸ ਦੀ ਲਾਠੀ, ਉਸ ਦੀ ਮੱਝ’ ਪਰ ਅੱਜ ਦੀ ਸਿਆਸਤ ’ਚ ਇਹ ਕਹਾਵਤ ਬਦਲ ਕੇ ਕੁਝ ਇੰਝ ਹੋ ਗਈ ਹੈ, ‘ਜਿਸ ਦੀ ਕੁਰਸੀ, ਉਸ ਦੀ ਪਾਰਟੀ।’ ਸ਼ਾਇਦ ਇਸੇ ਕਰਕੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਅੱਜ ਫ਼ਰਕ ਲੱਭਣਾ ਔਖਾ ਹੋ ਗਿਆ ਹੈ। ਦੋਵਾਂ ਪਾਰਟੀਆਂ ਦੇ ਝੰਡੇ ਵੱਖ ਹਨ, ਨਾਅਰੇ ਵੱਖ ਹਨ, ਇਤਿਹਾਸ ਵੱਖਰਾ ਹੈ ਪਰ ਕੁਰਸੀ ਪ੍ਰਤੀ ਮੋਹ ਇੱਕੋ ਜਿਹਾ ਹੈ। ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਆਪਣੇ ਹੀ ਜ਼ਿਲ੍ਹੇ ’ਚ ਉਨ੍ਹਾਂ ਦੇ ਆਪਣੇ ਵਰਕਰ ਸੜਕਾਂ ’ਤੇ ਉਤਰ ਕੇ ਨਾਰਾਜ਼ਗੀ ਜ਼ਾਹਰ ਕਰ ਰਹੇ ਹਨ। ਸਵਾਲ ਇਹ ਨਹੀਂ ਕਿ ਵਰਕਰ ਸਹੀ ਹਨ ਜਾਂ ਗ਼ਲਤ। ਸਵਾਲ ਇਹ ਹੈ ਕਿ ਜੇ ਘਰ ਦੀ ਰਸੋਈ ’ਚ ਹੀ ਧੂੰਆਂ ਨਿਕਲ ਰਿਹਾ ਹੋਵੇ ਤਾਂ ਇਹ ਵਹਿਮ ਪਾਲ ਕੇ ਕਿੰਨਾ ਕੁ ਚਿਰ ਗੁਜ਼ਾਰਾ ਹੋਵੇਗਾ ਕਿ ਬਾਹਰ ਧੁੰਦ ਹੈ? ਸੰਗਠਨ ਦੀ ਨਬਜ਼ ਵਰਕਰ ਹੁੰਦੇ ਹਨ। ਜਦੋਂ ਉਹੀ ਬੇਚੈਨ ਹੋ ਜਾਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਮਸ਼ੀਨ ’ਚ ਕਿਤੇ ਨਾ ਕਿਤੇ ਕੋਈ ਪੁਰਜ਼ਾ ਜਾਮ ਹੋ ਗਿਆ ਹੈ ਪਰ ਕਾਂਗਰਸ ’ਚ ਲੱਗਦਾ ਹੈ ਕਿ ‘ਢੋਲ ਦੇ ਅੰਦਰ ਪੋਲ’ ਵਾਲੀ ਹਾਲਤ ਨੂੰ ਵੀ ਸਫ਼ਲਤਾ ਦਾ ਸਬੂਤ ਬਣਾਇਆ ਜਾ ਰਿਹਾ ਹੈ। ਉੱਧਰ, ਅਕਾਲੀ ਦਲ ਦੀ ਕਹਾਣੀ ਹੋਰ ਵੀ ਦਿਲਚਸਪ ਹੈ। ਹਰ ਦੂਜਾ ਆਗੂ ਪੰਥਕ ਏਕਤਾ ਦੀ ਗੱਲ ਕਰਦਾ ਹੈ ਪਰ ਉਸੇ ਸਾਹ ’ਚ ਇਹ ਵੀ ਜੋੜ ਦਿੰਦਾ ਹੈ ਕਿ ਪਹਿਲਾਂ ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਛੱਡਣ। ਦੂਜੇ ਪਾਸੇ ਸੁਖਬੀਰ ਬਾਦਲ ਇਹ ਸੰਦੇਸ਼ ਦੇ ਰਹੇ ਹਨ ਕਿ ਜਿਵੇਂ ਪਾਰਟੀ ਅਤੇ ਪ੍ਰਧਾਨਗੀ ਇੱਕੋ ਸ਼ਬਦ ਦੇ ਦੋ ਉਚਾਰਨ ਹੋਣ। ਨਤੀਜਾ ਇਹ ਕਿ ਏਕਤਾ ਦੀ ਗੱਡੀ ਦਾ ਇੰਜਣ ਸਟਾਰਟ ਹੀ ਨਹੀਂ ਹੁੰਦਾ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਦੋਵਾਂ ਪਾਰਟੀਆਂ ਨੇ ਆਪਣੇ ਇਤਿਹਾਸ ਤੇ ਲੋਕਾਂ ਦੇ ਫ਼ਤਵਿਆਂ ਤੋਂ ਕੁਝ ਨਹੀਂ ਸਿੱਖਿਆ। ਕਾਂਗਰਸ ਨੇ ਕਦੇ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਤਰ੍ਹਾਂ ਘੇਰਿਆ ਕਿ ਪਾਰਟੀ ਹੀ ਟੁੱਟ ਗਈ। ਅੱਜ ਉਹੀ ਕਾਂਗਰਸ ਆਪਣੇ ਸੰਗਠਨ ਅੰਦਰ ਉੱਠ ਰਹੀਆਂ ਆਵਾਜ਼ਾਂ ਨੂੰ ਸੁਣਨ ਲਈ ਤਿਆਰ ਨਹੀਂ। ਅਕਾਲੀ ਦਲ ਨੇ 2017 ਅਤੇ 2022 ਦੀਆਂ ਕਰਾਰੀਆਂ ਹਾਰਾਂ ਤੋਂ ਬਾਅਦ ਵੀ ਆਤਮ-ਚਿੰਤਨ ਨਾਲੋਂ ਆਤਮ-ਰੱਖਿਆ ਨੂੰ ਵੱਧ ਤਰਜੀਹ ਦਿੱਤੀ। ਜਿਵੇਂ ਡਾਕਟਰ ਮਰੀਜ਼ ਦਾ ਬੁਖ਼ਾਰ ਮਾਪਣ ਦੀ ਥਾਂ ਥਰਮਾਮੀਟਰ ਹੀ ਤੋੜ ਦੇਵੇ। ਇਹ ਸਿਰਫ਼ ਦੋ ਆਗੂਆਂ ਦਾ ਸੰਕਟ ਨਹੀਂ। ਇਹ ਉਸ ਸਿਆਸੀ ਸੱਭਿਆਚਾਰ ਦਾ ਸੰਕਟ ਹੈ, ਜਿੱਥੇ ਪ੍ਰਧਾਨ ਦੀ ਕੁਰਸੀ ਲੋਕਤੰਤਰ ਨਾਲ ਨਹੀਂ, ਲੰਬੀ ਉਮਰ ਨਾਲ ਮਾਪੀ ਜਾਂਦੀ ਹੈ। ਦੁਨੀਆ ਦੀਆਂ ਵੱਡੀਆਂ ਲੋਕਤੰਤਰੀ ਪਾਰਟੀਆਂ ਚੋਣ ਹਾਰਦੀਆਂ ਹਨ ਤਾਂ ਨੇਤਾ ਜ਼ਿੰਮੇਵਾਰੀ ਲੈਂਦੇ ਹਨ। ਬ੍ਰਿਟੇਨ ਤੋਂ ਲੈ ਕੇ ਜਪਾਨ ਤੱਕ ਅਜਿਹੀਆਂ ਅਣਗਿਣਤ ਮਿਸਾਲਾਂ ਹਨ, ਜਿੱਥੇ ਹਾਰ ਤੋਂ ਬਾਅਦ ਅਹੁਦੇ ਛੱਡਣਾ ਸਿਆਸੀ ਨੈਤਿਕਤਾ ਮੰਨੀ ਜਾਂਦੀ ਹੈ ਪਰ ਪੰਜਾਬ ’ਚ ਲੱਗਦਾ ਹੈ ਕਿ ਅਹੁਦਾ ਛੱਡਣਾ ਨਹੀਂ, ਅਹੁਦੇ ਨਾਲ ਚਿੰਬੜੇ ਰਹਿਣਾ ਹੀ ਯੋਗਤਾ ਦਾ ਪ੍ਰਮਾਣ ਬਣ ਗਿਆ ਹੈ। ਪੰਜਾਬ ਦਾ ਵੋਟਰ ਹੁਣ ਪਹਿਲਾਂ ਵਾਲਾ ਨਹੀਂ ਰਿਹਾ। ਉਹ ‘ਹੱਥਾਂ ਦੀਆਂ ਲਕੀਰਾਂ ਨਹੀਂ, ਹੱਥਾਂ ਦੇ ਕੰਮ’ ਵੀ ਵੇਖਦਾ ਹੈ। ਉਸ ਨੂੰ ਇਹ ਵੀ ਦਿਖਾਈ ਦੇ ਰਿਹਾ ਹੈ ਕਿ ਕਾਂਗਰਸ ’ਚ ਲੜਾਈ ਪ੍ਰਧਾਨ ਬਚਾਉਣ ਦੀ ਹੈ ਅਤੇ ਅਕਾਲੀ ਦਲ ’ਚ ਪ੍ਰਧਾਨ ਬਦਲਾਉਣ ਦੀ ਪਰ ਦੋਵਾਂ ਥਾਵਾਂ ’ਤੇ ਪਾਰਟੀ ਦੂਜੇ ਨੰਬਰ ’ਤੇ ਹੈ। ਜਦੋਂ ਪਾਰਟੀ ਨਾਲੋਂ ਕੁਰਸੀ ਵੱਡੀ ਹੋ ਜਾਵੇ ਤਾਂ ਸਮਝ ਲ ਕਿ ਸਿਆਸਤ ਸੇਵਾ ਤੋਂ ਸਵਾਰਥ ਵੱਲ ਮੁੜ ਗਈ ਹੈ।

ਸੱਚ ਤਾਂ ਇਹ ਹੈ ਕਿ ਕਾਂਗਰਸ ਅਤੇ ਅਕਾਲੀ ਦਲ ਅੱਜ ਵਿਰੋਧੀ ਨਹੀਂ, ਇੱਕ-ਦੂਜੇ ਦਾ ਸ਼ੀਸ਼ਾ ਬਣ ਗਏ ਹਨ। ਇੱਕ ਸ਼ੀਸ਼ੇ ’ਚ ਰਾਜਾ ਵੜਿੰਗ ਨਜ਼ਰ ਆਉਂਦੇ ਹਨ, ਦੂਜੇ ’ਚ ਸੁਖਬੀਰ ਬਾਦਲ ਪਰ ਦੋਵਾਂ ਤਸਵੀਰਾਂ ਦੇ ਪਿੱਛੇ ਇੱਕੋ ਜਿਹਾ ਵਾਕ ਲਿਖਿਆ ਹੈ, ‘ਕੁਰਸੀ ਪਹਿਲਾਂ, ਪਾਰਟੀ ਬਾਅਦ ’ਚ।’

# ਪਰਮਾਣੂ ਬੰਬ ਨੂੰ ਭੁੱਲੇ ਨਹੀਂ ਜਾਪਾਨ ਦੇ ਲੋਕ

ਲੈਕਚਰਾਰ ਲਲਿਤ ਗੁਪਤਾ

6 ਅਗਸਤ ਤੇ 9 ਅਗਸਤ 1945, ਇਹ ਦੋ ਅਜਿਹੇ ਦਿਨ ਹਨ, ਜਿਨ੍ਹਾਂ ਨੂੰ ਮਨੁੱਖਤਾ ਕਦੇ ਨਹੀਂ ਭੁੱਲ ਸਕਦੀ। ਇਨ੍ਹਾਂ ਦਿਨਾਂ ਦੌਰਾਨ ਅਮਰੀਕਾ ਦੁਆਰਾ ਜਾਪਾਨ ਦੇ ਦੋ ਵੱਡੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਪਰਮਾਣੂ



ਬੰਬ ਸੁੱਟੇ ਗਏ ਸਨ। ਇਸ ਪਰਮਾਣੂ ਹਮਲੇ ਨੇ ਨਾ ਸਿਰਫ਼ ਲੱਖਾਂ ਲੋਕਾਂ ਦੀਆਂ ਜਾਨਾਂ ਲਈਆਂ ਬਲਕਿ ਆਉਣ ਵਾਲੀਆਂ ਨਸਲਾਂ ਨੂੰ ਵੀ ਹਮੇਸ਼ਾ ਲਈ ਜ਼ਖ਼ਮੀ ਕਰ ਦਿੱਤਾ। ਸਾਲ 1939 ਤੋਂ ਸ਼ੁਰੂ ਹੋਇਆ ਦੂਜਾ ਵਿਸ਼ਵ ਯੁੱਧ 1945 ਤੱਕ ਆਪਣੇ ਅੰਤਿਮ ਪੜਾਅ 'ਤੇ ਪਹੁੰਚ ਚੁੱਕਾ ਸੀ। ਯੂਰਪ 'ਚ ਹਿਟਲਰ ਦੀ ਹਾਰ ਹੋ ਚੁੱਕੀ ਸੀ ਅਤੇ ਜਰਮਨੀ ਨੇ ਆਤਮ-ਸਮਰਪਣ ਕਰ ਦਿੱਤਾ ਸੀ ਪਰ ਪ੍ਰਸ਼ਾਂਤ ਮਹਾਸਾਗਰ ਦੇ ਖੇਤਰ 'ਚ ਜਾਪਾਨ ਅਜੇ ਵੀ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਦੇ ਸਾਹਮਣੇ ਡਟਿਆ ਹੋਇਆ ਸੀ। ਇਸ ਦੌਰਾਨ ਅਮਰੀਕਾ ਨੇ ਇਕ ਗੁਪਤ ਮਿਸ਼ਨ ਦੇ ਤਹਿਤ ਵਿਸ਼ਵ ਦਾ ਪਹਿਲਾ ਪਰਮਾਣੂ ਬੰਬ ਤਿਆਰ ਕਰ ਲਿਆ ਸੀ, ਜਿਸ ਨੂੰ 'ਮੈਨਹਟਨ ਪ੍ਰੋਜੈਕਟ' ਕਿਹਾ ਜਾਂਦਾ ਹੈ। ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਹੈਰੀ ਐੱਸ। ਟਰੂਮੈਨ ਦਾ ਮੰਨਣਾ ਸੀ ਕਿ ਜੇਕਰ ਜਾਪਾਨ 'ਤੇ ਸਿੱਧਾ ਜ਼ਮੀਨੀ ਹਮਲਾ ਕੀਤਾ ਗਿਆ ਤਾਂ ਲੱਖਾਂ ਅਮਰੀਕੀ ਸੈਨਿਕਾਂ ਦੀ ਜਾਨ ਜਾ ਸਕਦੀ ਹੈ। ਇਸ ਲਈ ਯੁੱਧ ਨੂੰ ਜਲਦੀ ਖ਼ਤਮ ਕਰਨ ਅਤੇ ਜਾਪਾਨ ਨੂੰ ਗੋਡੇ ਟੇਕਣ ਲਈ ਮਜਬੂਰ ਕਰਨ ਦੇ ਬਹਾਨੇ ਪਰਮਾਣੂ ਬੰਬ ਦੀ ਵਰਤੋਂ ਕਰਨ ਦਾ ਫੈਸਲਾ ਕੀਤਾ ਗਿਆ। 6 ਅਗਸਤ 1945 ਦੀ ਸਵੇਰ ਹੀਰੋਸ਼ੀਮਾ ਦੇ ਲੋਕਾਂ ਲਈ ਇੱਕ ਆਮ ਸਵੇਰ ਵਰਗੀ ਸੀ। ਸਵੇਰੇ ਠੀਕ 8:15 ਵਜੇ ਅਮਰੀਕੀ ਹਵਾਈ ਸੈਨਾ ਦੇ ਇੱਕ ਬੀ-29 ਬੰਬਾਰ ਜਹਾਜ਼, ਜਿਸ ਦਾ ਨਾਮ 'ਇਨੋਲਾ ਗੇਅ' ਸੀ ਨੇ ਹੀਰੋਸ਼ੀਮਾ ਸ਼ਹਿਰ ਦੇ ਉੱਪਰ ਯੂਰੇਨੀਅਮ ਆਧਾਰਿਤ ਪਰਮਾਣੂ ਬੰਬ ਸੁੱਟਿਆ। ਇਸ ਬੰਬ ਦਾ ਕੋਡ ਨਾਮ 'ਲਿਟਲ ਬੁਆਏ' ਸੀ। ਬੰਬ ਦੇ ਫਟਣ ਨਾਲ ਜ਼ਮੀਨ ਤੋਂ ਕੁਝ ਸੌ ਮੀਟਰ ਉੱਪਰ ਇੱਕ ਅਜਿਹਾ ਧਮਾਕਾ ਹੋਇਆ ਜਿਸ ਦੀ ਰੌਸ਼ਨੀ ਸੂਰਜ ਨਾਲੋਂ ਵੀ ਹਜ਼ਾਰਾਂ ਗੁਣਾ ਤੇਜ਼ ਸੀ। ਪਲ ਭਰ ਵਿਚ ਹੀ ਸ਼ਹਿਰ ਦਾ ਤਾਪਮਾਨ ਲਗਭਗ 4,000 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਜਾਣਕਾਰੀ ਮੁਤਾਬਕ ਉਸੇ ਪਲ ਲਗਭਗ 80,000 ਲੋਕ ਮਾਰੇ ਗਏ। 9 ਅਗਸਤ 1945 ਨੂੰ ਇੱਕ ਹੋਰ ਬੀ-29 ਜਹਾਜ਼ 'ਬਾਕਸਕਾਰ' ਨੇ ਪਲੂਟੋਨੀਅਮ ਆਧਾਰਿਤ ਬੰਬ ਲਿਆ ਕੇ ਜਾਪਾਨ ਦੇ ਸ਼ਹਿਰ ਨਾਗਾਸਾਕੀ 'ਤੇ ਸੁੱਟਿਆ। ਇਸ ਧਮਾਕੇ ਨਾਲ ਹੀ 40,000 ਤੋਂ ਵੱਧ ਲੋਕ ਤੁਰੰਤ ਮਾਰੇ ਗਏ। ਰੇਡੀਏਸ਼ਨ ਦੇ ਪ੍ਰਭਾਵ ਕਾਰਨ ਸਾਲ ਦੇ ਅੰਤ ਤੱਕ ਮਰਨ ਵਾਲਿਆਂ ਦੀ ਕੁੱਲ ਗਿਣਤੀ ਲਗਭਗ 74,000 ਹੋ ਗਈ। ਹਸਪਤਾਲ, ਸਕੂਲ ਅਤੇ ਉਦਯੋਗ ਪੂਰੀ ਤਰ੍ਹਾਂ ਨਸ਼ਟ ਹੋ ਗਏ।

ਇਨ੍ਹਾਂ ਪਰਮਾਣੂ ਹਮਲਿਆਂ ਤੋਂ ਬਚੇ ਹੋਏ ਲੋਕਾਂ ਨੂੰ ਜਾਪਾਨ ਵਿੱਚ 'ਹਿਬਾਕੂਸ਼ਾ' ਕਿਹਾ ਜਾਂਦਾ ਹੈ, ਜਿਨ੍ਹਾਂ ਨੇ ਸਾਰੀ ਉਮਰ ਸਰੀਰਕ ਅਤੇ ਮਾਨਸਿਕ ਪੀੜਾ ਹੰਢਾਈ। ਮੁਜ਼ਾਹਰਾ ਕਰਨ ਲਈ ਲੱਖਾਂ ਬੇਕਸੂਰ ਨਾਗਰਿਕਾਂ ਦੀ ਬਲੀ ਦਿੱਤੀ। 6 ਤੇ 9 ਅਗਸਤ ਦਾ ਦਿਨ ਸਾਨੂੰ ਇਹ ਸਬਕ ਦਿੰਦਾ ਹੈ ਕਿ ਵਿਗਿਆਨ ਦੀ ਵਰਤੋਂ ਮਨੁੱਖਤਾ ਦੇ ਵਿਨਾਸ਼ ਲਈ ਨਹੀਂ ਬਲਕਿ ਉਸਦੇ ਭਲੇ ਲਈ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਹੋਰ ਸ਼ਹਿਰ ਨੂੰ 'ਹੀਰੋਸ਼ੀਮਾ' ਜਾਂ 'ਨਾਗਾਸਾਕੀ' ਨਾ ਬਣਨਾ ਪਵੇ।

# ਵੋਟਾਂ ਦੀ ਸੁਧਾਈ, ਸਕੂਲਾਂ ਵਿਚ ਘਟਦੀ ਪੜਾਈ

ਭਾਰਤ ਵਿੱਚ ਵੋਟਾਂ ਬਣਾਉਣ ਤੇ ਛਾਂਟੀ ਦਾ ਕੰਮ ਚੱਲ ਰਿਹਾ ਹੈ ਅਤੇ ਮਰਦਮਸ਼ੁਮਾਰੀ ਦੀ ਤਿਆਰੀ ਚੱਲ ਰਹੀ ਹੈ। ਇਨ੍ਹਾਂ ਕੰਮਾਂ ਲਈ ਤਾਇਨਾਤ ਕੀਤਾ ਜਾਣ ਵਾਲਾ ਅਮਲਾ ਸਰਕਾਰ ਦੂਜੇ ਅਦਾਰਿਆਂ ਤੋਂ ਲੈਂਦੀ ਹੈ, ਜਿਸ ਵਿੱਚ ਸਭ ਤੋਂ ਵੱਧ ਟੇਕ ਸਰਕਾਰੀ ਸਕੂਲਾਂ ਦੇ ਅਧਿਆਪਕਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਇਲਾਵਾ ਹੋਰ ਮਹਿਕਮਿਆਂ ਉੱਤੇ ਹੁੰਦੀ ਹੈ। ਬੀਤੇ ਦਿਨੀਂ ਅਖ਼ਬਾਰਾਂ 'ਚ ਖ਼ਬਰਾਂ ਛਪੀਆਂ ਕਿ ਪੰਜਾਬ ਦੇ ਕਈ ਸਕੂਲਾਂ ਦੇ ਸਮੁੱਚੇ ਅਧਿਆਪਕ ਹੀ ਇਨ੍ਹਾਂ ਕੰਮਾਂ ਲਈ ਤਾਇਨਾਤ ਕੀਤੇ ਗਏ ਹਨ, ਜਿਸ ਨਾਲ ਸਕੂਲਾਂ ਦਾ ਆਪਣਾ ਕੰਮ ਰੁਕ ਗਿਆ ਹੈ। ਇਸੇ ਤਰ੍ਹਾਂ ਹੋਰ ਅਦਾਰਿਆਂ ਦਾ ਕੰਮ ਵੀ ਇਨ੍ਹਾਂ ਤਾਇਨਾਤੀਆਂ ਕਾਰਨ ਅਸਰਅੰਦਾਜ਼ ਹੋਇਆ ਹੈ। ਇਸੇ ਕਰਕੇ ਇਹ ਚਰਚਾ ਹੁੰਦੀ ਰਹਿੰਦੀ ਹੈ ਕਿ ਸਕੂਲੀ ਅਧਿਆਪਕਾਂ ਉੱਤੇ ਪੜ੍ਹਾਉਣ ਨਾਲੋਂ ਵਾਧੂ ਕੰਮ ਦਾ ਬੋਝ ਜ਼ਿਆਦਾ ਹੈ। ਸਿੱਖਿਆ ਜਮਹੂਰੀਅਤ ਦੀ ਬੁਨਿਆਦੀ ਚੂਲ ਹੈ, ਜਿਸ ਨੇ ਜਾਗਰੂਕ ਨਾਗਰਿਕ ਪੈਦਾ ਕਰਕੇ ਜਮਹੂਰੀਅਤ 'ਚ ਆਵਾਮ ਦੀ ਸ਼ਮੂਲੀਅਤ ਯਕੀਨੀ ਬਣਾਉਣੀ ਹੁੰਦੀ ਹੈ। ਜਦੋਂ ਸਿੱਖਿਆ ਦਾ ਕੰਮ ਜਮਹੂਰੀਅਤ ਨਾਲ ਹੀ ਜੁੜੇ ਚੋਣਾਂ ਅਤੇ ਮਰਦਮਸ਼ੁਮਾਰੀ ਵਰਗੇ ਕੰਮਾਂ ਕਾਰਨ ਪੱਛੜ ਜਾਂਦਾ ਹੈ ਤਾਂ ਇਸ ਤਣਾਅ ਨੂੰ ਸਮਝਣਾ ਲਾਜ਼ਮੀ ਹੋ ਜਾਂਦਾ ਹੈ। ਮੌਜੂਦਾ ਦੌਰ ਵਿੱਚ ਸਿੱਖਿਆ ਦਾ ਸਰਕਾਰੀ ਢਾਂਚਾ ਕਈ ਪੱਖਾਂ ਤੋਂ ਦਬਾਅ ਹੇਠ ਹੈ। ਅਮਲੇ ਦੀ ਘਾਟ ਅਤੇ ਸਰਕਾਰੀ ਮਦਦ ਵਿੱਚ ਹੋ ਰਹੀ ਕਟੌਤੀ ਕਾਰਨ ਸਿੱਖਿਆ ਦੇ ਮਿਆਰ ਨਾਲ ਜੁੜੇ ਸਰੋਕਾਰ ਸਾਹਮਣੇ ਆ ਰਹੇ ਹਨ ਅਤੇ ਮਿਕਦਾਰ ਨਾਲ ਜੁੜੇ ਫ਼ਿਕਰ ਖੜ੍ਹੇ ਹੋ ਰਹੇ ਹਨ। ਗ਼ਰੀਬ ਅਤੇ ਪੱਛੜੇ ਤਬਕੇ ਦੇ ਵਿਦਿਆਰਥੀ ਸਿੱਖਿਆ ਦੇ ਘੇਰੇ ਵਿੱਚੋਂ ਲਗਾਤਾਰ ਬਾਹਰ ਹੋ ਰਹੇ ਹਨ। ਇਸ ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾਂ ਕੁਝ ਤੱਥ ਧਿਆਨ ਵਿੱਚ ਰੱਖਣੇ ਜ਼ਰੂਰੀ ਹਨ।

ਸਿੱਖਿਆ ਬਾਰੇ ਸੰਸਦ ਦੀ ਸਥਾਈ ਕਮੇਟੀ ਦੇ ਸਾਬਕਾ ਮੁਖੀ ਦਿਗਵਿਜੈ ਸਿੰਘ ਨੇ ਆਪਣੇ ਇੱਕ ਲੇਖ ਰਾਹੀਂ ਕੁਝ ਅਹਿਮ ਤੱਥ ਸਾਹਮਣੇ ਲਿਆਂਦੇ ਹਨ। ਸਕੂਲੀ ਸਿੱਖਿਆ ਦਾ ਖ਼ਰਚ ਵਿੱਤੀ ਵਰ੍ਹੇ 2014-15 ਦੌਰਾਨ ਕੇਂ-ਦਰੀ ਬਜਟ ਦਾ 3.07 ਫ਼ੀਸਦੀ ਸੀ, ਜੋ ਵਿੱਤੀ ਵਰ੍ਹੇ 2024-25 ਵਿੱਚ ਘਟ ਕੇ 1.56 ਫ਼ੀਸਦੀ ਰਹਿ ਗਿਆ। ਭਾਵ ਇਹ ਤਕਰੀਬਨ ਅੱਧਾ ਹੋ ਗਿਆ ਹੈ। ਇਸੇ ਤਰ੍ਹਾਂ ਇਸ ਸਮੇਂ ਦੌਰਾਨ ਉੱਚ ਸਿੱਖਿਆ ਦਾ ਬਜਟ 1.54 ਫ਼ੀਸਦੀ ਤੋਂ ਘਟ ਕੇ 1.04 ਫ਼ੀਸਦੀ ਹੋ ਗਿਆ ਹੈ। ਤਕਰੀਬਨ ਇੱਕ ਤਿਹਾਈ ਘਟ ਗਿਆ ਹੈ। ਦਿਗਵਿਜੈ ਸਿੰਘ ਦੇ ਲੇਖ ਮੁਤਾਬਿਕ ਸਮੁੱਚੇ ਮੁਲਕ ਵਿੱਚ ਤਕਰੀਬਨ ਇੱਕ ਲੱਖ ਸਰਕਾਰੀ ਸਕੂਲ ਬੰਦ ਹੋ ਗਏ ਹਨ। ਕੇਂਦਰੀ ਸਿੱਖਿਆ ਮੰਤਰਾਲੇ ਨੇ ਸਥਾਈ ਕਮੇਟੀ ਨੂੰ ਦੱਸਿਆ ਹੈ ਕਿ ਵਿਭਾਗ ਸਰਕਾਰੀ ਸਕੂਲਾਂ ਦੇ ਬੰਦ ਹੋਣ ਦਾ ਕੋਈ ਅੰਕੜਾ ਨਹੀਂ ਜੁਟਾਉਂਦਾ। ਇਹ ਪੁਖ਼ਤਾ ਅੰਕੜਾ ਰੱਖਣਾ ਸਰਕਾਰ ਦੀ ਜ਼ਿੰਮੇਵਾਰੀ ਹੈ, ਜਿਸ ਤੋਂ ਬਿਨਾਂ ਕੋਈ ਨੀਤੀ ਬਣਾਉਣ ਜਾਂ ਬਜਟ ਵੰਡ ਦੇ ਮਾਮਲੇ ਜਾਂ ਖੋਜ ਦੀ ਬੁਨਿਆਦ ਖ਼ੁਰ ਜਾਂਦੀ ਹੈ। ਜਦੋਂ ਬੰਦ ਹੋਏ ਸਰਕਾਰੀ ਸਕੂਲਾਂ ਦਾ ਅੰਕੜਾ ਸਰਕਾਰ ਨਹੀਂ ਜੁਟਾਉਂਦੀ ਤਾਂ ਉਨ੍ਹਾਂ ਸਕੂਲਾਂ ਦੇ ਬੰਦ ਹੋਣ ਨਾਲ ਸਕੂਲੀ ਸਿੱਖਿਆ 'ਚੋਂ ਬਾਹਰ ਹੋਏ ਵਿਦਿਆਰਥੀਆਂ ਦਾ ਪੁਖ਼ਤਾ ਅੰਕੜਾ ਮਿਲਣਾ ਨਾਮੁਮਕਿਨ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਸਕੂਲਾਂ ਤੋਂ ਬਾਹਰ ਹੋਏ

(ਬਾਕੀ ਅਗਲੇ ਸਫੇ 'ਤੇ)

# ਸਹਾਇਤਾ ਕਰਨਾ ਪੁੰਨ ਹੈ ਜਾਂ ਪਾਪ

ਜਸਵੰਤ ਸਿੰਘ ਸੈਣੀ

ਅੱਜ ਦੇ ਜ਼ਮਾਨੇ 'ਚ ਹਰ ਵਿਅਕਤੀ ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ 'ਚ ਹੈ। ਇਸ ਵਰਤਾਰੇ ਕਾਰਨ ਉਹ ਰਿਸ਼ਤਿਆਂ ਨਾਤਿਆਂ ਨੂੰ ਵੀ ਪੱਛੜ ਰਿਹਾ ਹੈ। ਦਿਲਾਂ ਅੰਦਰ ਕੁੜੱਤਣ ਭਰਦਾ ਜਾ ਰਿਹਾ ਹੈ। ਜੇਕਰ ਕੋਈ ਭਲਾ-ਮਾਣਸ ਕਿਸੇ ਦੀ ਨਿਸ਼ਕਾਮ ਮਦਦ ਕਰਦਾ ਵੀ ਹੈ ਤਾਂ ਉਸ 'ਤੇ ਵੀ ਸ਼ੱਕ ਕੀਤਾ ਜਾਂਦਾ ਹੈ ਕਿ ਇਸ ਮਦਦ 'ਚ ਉਸ ਦਾ ਵੀ ਕੋਈ ਸਵਾਰਥ ਜ਼ਰੂਰ ਹੋਵੇਗਾ।

ਅਜਿਹਾ ਹੀ ਇਕ ਵਾਕਿਆ ਸਾਂਝਾ ਕਰ ਰਿਹਾ ਹਾਂ। ਮੇਰੇ ਸੈਕੰਡਰੀ ਦੇ ਇਮਤਿਹਾਨਾਂ ਬਾਅਦ ਨਤੀਜੇ ਆਉਣ ਲਈ ਡੇਢ ਕੁ ਮਹੀਨੇ ਦਾ ਸਮਾਂ ਸੀ। ਮੇਰੇ ਪਿਤਾ ਜੀ ਨੇ ਮੈਨੂੰ ਇਨ੍ਹਾਂ ਵਿਹਲੇ ਦਿਨਾਂ 'ਚ ਪੰਜਾਬੀ ਅਤੇ ਅੰਗਰੇਜ਼ੀ ਟਾਇਪ ਸਿੱਖਣ ਲਈ ਸ਼ਹਿਰ ਦੇ ਇਕ ਟਾਇਪ ਕਾਲਜ 'ਚ ਲਗਾ ਦਿੱਤਾ। ਸ਼ਹਿਰ ਸਾਡੇ ਪਿੰਡ ਤੋਂ ਤਕਰੀਬਨ 12 ਕਿਲੋਮੀਟਰ ਦੂਰ ਸੀ। ਮੇਰੇ ਨਾਲ ਤਿੰਨ ਹੋਰ ਦੋਸਤਾਂ ਨੇ ਵੀ ਉਸੇ ਕਾਲਜ 'ਚ ਦਾਖ਼ਲਾ ਲੈ ਲਿਆ। ਬੇਸ਼ੱਕ ਅਸੀਂ ਘਰੇਲੂ ਪਰਿਵਾਰਾਂ ਨਾਲ ਸਬੰਧਿਤ ਸੀ ਪਰ ਕਾਲਜ 'ਚ ਸਾਨੂੰ ਅਮੀਰ ਜ਼ਿੰਮੀਦਾਰਾਂ ਦੇ ਮੁੰਡਿਆਂ ਵਜੋਂ ਸਮਝਿਆ ਜਾਣ ਲੱਗਿਆ। ਸਾਡਾ ਪਰਿਵਾਰ ਬਹੁਤ ਵੱਡਾ ਹੈ ਅਤੇ ਇਲਾਕੇ 'ਚ ਕਾਫ਼ੀ ਮਾਣ-ਸਤਿਕਾਰ ਹੈ। ਉਸ ਸਮੇਂ ਮੁੰਡੇ-ਕੁੜੀਆਂ ਕਲਾਸ 'ਚ ਵੀ ਇਕ-ਦੂਜੇ ਨਾਲ ਘੱਟ ਹੀ ਬੋਲਦੇ ਹੁੰਦੇ ਸੀ। ਕਾਲਜ 'ਚ ਕਿਸੇ ਸਾਥੀ ਦਾ ਜਨਮ ਦਿਨ ਜਾਂ ਕੋਈ ਖੁਸ਼ੀ ਦਾ ਦਿਹਾੜਾ ਹੁੰਦਾ ਤਾਂ ਅਸੀਂ ਰਲ ਕੇ ਉਸ ਖੁਸ਼ੀ ਨੂੰ ਮਨਾਉਂਦੇ ਅਤੇ ਇਕ ਯਾਦਗਾਰ ਬਣਾ ਦਿੰਦੇ। ਇਕ ਮਹੀਨਾ ਬੀਤ ਗਿਆ ਸੀ। ਐਤਵਾਰ ਦੀ ਛੁੱਟੀ ਤੋਂ ਬਾਅਦ ਜਦੋਂ ਅਸੀਂ ਚਾਰੇ ਦੋਸਤ ਕਾਲਜ ਗਏ ਤਾਂ ਵੇਖਿਆ ਕਿ ਉੱਥੇ ਵਿਦਿਆਰਥੀਆਂ ਦੇ ਮੂੰਹ ਉਤਰੇ ਹੋਏ ਸਨ ਤੇ ਸਾਰੇ ਸੁੰਨ-ਸਾਨ ਬੈਠੇ ਸਨ। ਅਸੀਂ ਆਪਣੇ ਸੁਭਾਅ ਮੁਤਾਬਕ ਉਨ੍ਹਾਂ ਨੂੰ ਟਿੱਚਰਾਂ ਕੀਤੀਆਂ ਪਰ ਇਕ ਕੋਨੇ 'ਚ ਬੈਠੀਆਂ ਦੋ ਲੜਕੀਆਂ ਨੇ ਸਾਡੇ ਵੱਲ ਘੂਰ ਕੇ ਵੇਖਿਆ ਅਤੇ ਮੂੰਹ 'ਚ ਕੁਝ ਬੋਲਣ ਲੱ-ਗੀਆਂ। ਸਾਨੂੰ ਇਹ ਵੇਖ ਕੇ ਹੈਰਾਨੀ ਹੋਈ ਤੇ ਅਸੀਂ ਉਨ੍ਹਾਂ ਨੂੰ ਸਿੱਧਾ ਕੁਝ ਪੁੱਛਣ ਦੀ ਬਜਾਏ ਇਕ ਹੋਰ ਲੜਕੀ, ਜੋ ਸਾਡੇ ਨਾਲ ਕਦੇ-ਕਦੇ ਬੋਲ ਲੈਂਦੀ ਸੀ, ਨੂੰ ਉਨ੍ਹਾਂ ਦੇ ਇਸ ਵਤੀਰੇ ਦਾ ਕਾਰਨ ਪੁੱਛਿਆ। ਉਸ ਲੜਕੀ ਨੇ ਸਾਨੂੰ ਦਸਿਆ ਕਿ ਸਾਡੇ ਕਾਲਜ 'ਚ ਇਕ ਹੋਰ ਲੜਕੀ ਆਉਂਦੀ ਸੀ ਜੋ ਪਿਛਲੇ ਇਕ ਹਫ਼ਤੇ ਤੋਂ ਬਿਮਾਰ ਹੈ ਤੇ ਹਸਤਾਲ 'ਚ ਦਾਖ਼ਲ ਹੈ। ਉਸ ਨੇ ਸਾਨੂੰ ਦੱਸਿਆ ਕਿ ਉਸ ਲੜਕੀ ਦੇ ਪਿਤਾ ਦੀ ਕਾਫ਼ੀ ਸਮਾਂ ਪਹਿਲਾਂ ਹੀ ਮੌਤ ਹੋ ਚੁੱਕੀ ਹੈ ਅਤੇ ਇਸ ਦਾ ਕੋਈ ਭਰਾ ਵੀ ਨਹੀਂ ਹੈ, ਸਿਰਫ਼ ਦੋ ਭੈਣਾਂ ਹੀ ਹਨ। ਮਾਤਾ ਜੀ ਹਨ ਜੋ ਕਾਫ਼ੀ ਆਰਥਿਕ ਪੱਖੋਂ ਕਾਫ਼ੀ ਕਮਜ਼ੋਰ ਹਨ, ਜਿਸ ਕਾਰਨ ਉਹ ਆਪਣੀ ਧੀ ਦਾ ਇਲਾਜ ਕਿਸੇ ਚੰਗੇ ਹਸਪਤਾਲ 'ਚ ਨਹੀਂ ਕਰਵਾ ਸਕਦੇ। ਉਸ ਲੜਕੀ ਨੇ ਦੱਸਿਆ ਕਿ ਉਹ ਦੋ ਲੜਕੀਆਂ ਤੁਹਾਨੂੰ ਇਸ ਕਰਕੇ ਘੂਰ ਰਹੀਆਂ ਸਨ ਕਿ ਉਨ੍ਹਾਂ ਨੂੰ ਲੱਗਿਆ ਕਿ ਤੁਹਾਨੂੰ ਬਿਮਾਰ ਲੜਕੀ ਦੇ ਪਤਾ ਹੁੰਦਿਆਂ ਵੀ ਤੁਸੀਂ ਕਾਲਜ 'ਚ ਹਾਸਾ-ਮਖੌਲ ਕਰ ਰਹੇ ਹੋ। ਉਸ ਨੇ ਸਾਨੂੰ ਦੱਸਿਆ ਕਿ ਉਸ ਲੜਕੀ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਹੈ ਤੇ ਜੇਕਰ ਉਸ ਦਾ ਛੇਤੀ ਚੰਗੇ ਹਸਪਤਾਲ 'ਚ ਇਲਾਜ ਨਾ ਕਰਵਾਇਆ ਗਿਆ ਤਾਂ ਕੁਝ ਵੀ ਹੋ ਸਕਦਾ ਹੈ। ਅਸੀਂ ਚਾਰਾਂ ਦੋਸਤਾਂ ਨੇ ਸਲਾਹ ਕੀਤੀ ਕਿ ਇਸ ਬਿਮਾਰ ਲੜਕੀ ਦੀ ਮਦਦ ਕੀਤੀ ਜਾਵੇ। ਅਸੀਂ ਉਸ ਲੜਕੀ ਦੀ ਖ਼ਬਰਸਾਰ ਲੈਣ ਲਈ ਚਲੇ ਗਏ। ਹਸਪਤਾਲ 'ਚ ਉਸ ਦੀ ਤਕਲੀਫ਼ ਵੇਖੀ ਨਹੀਂ ਸੀ ਜਾ ਰਹੀ। ਲੜਕੀ ਦੀ ਮਾਂ ਨੂੰ ਸਲਾਹ ਦਿੱਤੀ ਕਿ ਇਸ ਨੂੰ ਕਿਸੇ ਹੋਰ ਚੰਗੇ ਹਸਤਾਲ 'ਚ ਦਿਖਾਉਣਾ ਚਾਹੀਦਾ ਹੈ। ਉਸ ਦੀ ਮਾਂ ਹੋਰ ਭਾਵੁਕ ਹੋ ਗਈ ਤੇ ਕਹਿਣ ਲੱਗੀ ਕਿ 'ਪੁੱਤ ਮੇਰੇ ਕੋਲ ਇੰਨੇ ਪੈਸੇ ਨਹੀਂ ਹਨ, ਜਿਸ ਨਾਲ ਮੈਂ ਇਸ ਦਾ ਇਲਾਜ ਕਿਸੇ ਚੰਗੇ ਹਸਪਤਾਲ 'ਚ ਕਰਵਾ ਸਕਾਂ।' ਉਸ ਦੀ ਗੱਲ ਸੁਣ ਕੇ ਮੇਰਾ ਦਿਲ ਭਰ ਗਿਆ। ਅਸੀਂ ਚਾਰਾਂ ਨੇ ਆਪਣ-ਿਆਂ-ਆਪਣੀਆਂ ਜੇਬਾਂ 'ਚੋਂ ਪੈਸੇ ਕੱਢੇ ਅਤੇ ਜਿੰਨੇ ਵੀ ਪੈਸੇ ਇਕੱਠੇ ਹੋਏ (ਜੋ ਬਹੁਤੇ ਜ਼ਿਆਦਾ ਨਹੀਂ ਸਨ) ਉਨ੍ਹਾਂ ਨੂੰ ਦੇਣ ਦਾ ਫ਼ੈਸਲਾ ਕੀਤਾ। ਜੋ ਉਸ ਦੀ ਮਾਤਾ ਨੇ ਕਾਫ਼ੀ ਜ਼ੋਰ ਪਾਉਣ 'ਤੇ ਪ੍ਰਵਾਨ ਕਰ ਲਏ। ਅਸੀਂ ਮਾਤਾ ਜੀ ਨੂੰ ਲੜਕੀ ਨੂੰ ਕਿਸੇ ਹੋਰ ਹਸਪਤਾਲ ਦਾਖ਼ਲ ਕਰਵਾਉਣ ਲਈ ਜ਼ੋਰ ਪਾਇਆ। ਉਸ ਦੀ ਮਾਤਾ ਨੇ ਇਕ ਹੋਰ ਜਾਣ-ਪਛਾਣ ਵਾਲੇ ਸਰਕਾਰੀ ਡਾਕਟਰ ਕੋਲ ਉਸ ਨੂੰ ਲਿਜਾਣ ਬਾਰੇ ਦੱਸਿਆ, ਜੋ ਕਿਸੇ ਦੂਜੇ ਸ਼ਹਿਰ 'ਚ ਸੀ ਪਰ ਮਾਤਾ ਨੇ ਦੱਸਿਆ ਕਿ ਮੇਰੇ ਕੋਲ ਇਸ ਨੂੰ ਦੂਜੇ ਸ਼ਹਿਰ ਜਾਣ ਲਈ ਐਂਬੂਲੈਂਸ ਦਾ ਕਿਰਾਇਆ ਨਹੀਂ ਹੈ ਅਤੇ ਨਾ ਹੀ ਕੋਈ ਹੋਰ ਵਾਹਨ ਹੈ, ਜਿਸ ਸਦਕਾ ਮੈਂ ਇਸ ਨੂੰ ਦੂਜੇ ਡਾਕਟਰ ਕੋਲ ਲਿਜਾ ਸਕਾਂ। ਸ਼ਾਮ ਦੇ 4 ਵੱਜ ਗਏ ਸਨ ਤੇ ਉਸ ਦਿਨ ਕੋਈ ਤਿਉਹਾਰ ਸੀ, ਜਿਸ ਕਾਰਨ ਸਾਰਾ ਸ਼ਹਿਰ ਬੰਦ ਹੋ ਗਿਆ ਸੀ। ਉਸ ਸਮੇਂ ਕੋਈ ਆਟੋ ਰਿਕਸ਼ਾ ਵਾਲਾ ਵੀ ਨਹੀਂ ਮਿਲਿਆ। ਮੇਰੇ ਦੋਸਤਾਂ ਨੇ ਫ਼ੈਸਲਾ ਲਿਆ ਕਿ ਅਸੀਂ ਇਸ ਲੜਕੀ ਨੂੰ ਆਪਣੇ ਸਕੂਟਰ 'ਤੇ ਬਿਠਾ ਕੇ ਦੂਜੇ ਸ਼ਹਿਰ ਲੈ ਚੱਲਦੇ ਹਾਂ। ਇਸ ਗੱਲ 'ਤੇ ਉਸ ਦੀ ਮਾਂ ਸਹਿਮਤ ਹੋ ਗਈ ਅਤੇ ਇਕ ਸਕੂਟਰ 'ਤੇ ਮੇਰੇ ਨਾਲ ਮਾਂ ਅਤੇ ਉਸ ਦੀ ਬੇਟੀ ਬੈਠ ਗਏ ਅਤੇ ਦੂਜੇ ਸਕੂਟਰ 'ਤੇ ਮੇਰੇ ਦੋਸਤ ਵੀ ਨਾਲ ਚੱਲ ਪਏ। ਉਸ ਲੜਕੀ ਦੇ ਪੇਟ 'ਚ ਕਾਫ਼ੀ ਦਰਦ ਹੋ ਰਿਹਾ ਸੀ ਤੇ ਉਹ ਸਕੂਟਰ 'ਤੇ ਬੈਠੀ ਕਾਫ਼ੀ ਤਕਲੀਫ਼



ਮਹਿਸੂਸ ਕਰ ਰਹੀ ਸੀ। ਅਸੀਂ ਘੰਟੇ ਕੁ 'ਚ ਦੂਜੇ ਸ਼ਹਿਰ ਡਾਕਟਰ ਸਾਹਬ ਦੇ ਘਰ ਪਹੁੰਚ ਗਏ ਕਿਉਂਕਿ ਹਸਪਤਾਲ 'ਚ ਛੁੱਟੀ ਹੋ ਚੁੱਕੀ ਸੀ। ਡਾਕਟਰ ਸਾਹਬ ਨੇ ਤੁਰੰਤ ਰਾਹਤ ਦੇਣ ਲਈ ਇੰਜੈਕਸ਼ਨ ਲਗਾਇਆ। ਡਾਕਟਰ ਨੇ ਸਾਨੂੰ ਕੁਝ ਸਮਾਂ ਹੋਰ ਉੱਥੇ ਰੁਕਣ ਲਈ ਕਿਹਾ। ਲੜਕੀ ਦੀ ਹਾਲਤ 'ਚ ਸੁਧਾਰ ਵੇਖ ਕੇ ਅਸੀਂ ਟਹਿਲਦੇ ਹੋਏ ਮਾਰਕਿਟ ਵੱਲ ਆ ਗਏ। ਬਜ਼ਾਰ 'ਚ ਘੁੰ-ਮਦਿਆਂ ਮੇਰੇ ਨਾਲ ਦੇ ਇਕ ਦੋਸਤ ਦਾ ਇਕ ਖ਼ਾਸ ਰਿਸ਼ਤੇਦਾਰ ਮਿਲ ਗਿਆ। ਉਸ ਨੇ ਸਾਨੂੰ ਇੱਥੇ ਆਉਣ ਦਾ ਕਾਰਨ ਪੁੱਛਿਆ ਤਾਂ ਮੇਰੇ ਦੋਸਤ ਨੇ ਸਾਰੀ ਘਟਨਾ ਬਾਰੇ ਉਸ ਨੂੰ ਦੱਸ ਦਿਤਾ। ਸਾਰਾ ਕੁਝ ਸੁਣ ਕੇ ਉਸ ਦੇ ਰਿਸ਼ਤੇਦਾਰ ਨੇ ਆਪਣੀ ਸੋਚ ਅਨੁਸਾਰ ਮਤਲਬ ਕੱਢਣੇ ਸ਼ੁਰੂ ਕਰ ਦਿੱਤੇ ਤੇ ਉਹ ਗੱਲਾਂ-ਗੱਲਾਂ 'ਚ ਸਾਡੇ ਉਤੇ ਵਿਅੰਗ ਕੱਸਣ ਲੱਗਿਆ। ਖ਼ੈਰ, ਉਹ ਚਲਾ ਗਿਆ ਅਤੇ ਉਸ ਦੇ ਜਾਣ ਤੋਂ ਬਾਅਦ ਮੇਰੇ ਦੋਸਤ ਨੇ ਕਿਹਾ ਕਿ ਇਹ ਬੰਦਾ ਸਾਡੇ ਘਰ ਵਾਲਿਆਂ ਨੂੰ ਪਤਾ ਨਹੀਂ ਕੀ-ਕੀ ਆਖੇਗਾ? ਇਹ ਗੱਲ ਸੁਣ ਕੇ ਮੈਂ ਵੀ ਬਹੁਤ ਡਰ ਗਿਆ ਕਿ ਪਤਾ ਨਹੀਂ ਹੁਣ ਸਾਡਾ ਕੀ ਬਣੇਗਾ? ਦੂਜੇ ਦਿਨ ਫਿਰ ਦਿਖਾਉਣ ਲਈ ਆਖ ਕੇ ਡਾਕਟਰ ਸਾਹਬ ਨੇ ਉਸ ਨੂੰ ਛੁੱਟੀ ਦੇ ਦਿੱਤੀ। ਅਸੀਂ ਸਕੂਟਰਾਂ 'ਤੇ ਬਿਠਾ ਕੇ ਉਨ੍ਹਾਂ ਨੂੰ ਘਰ ਛੱਡਣ ਚੱਲ ਪਏ। ਘਰ ਪਹੁੰਚ ਕੇ ਉਸ ਦੀ ਮਾਤਾ ਸਾਡਾ ਵਾਰ-ਵਾਰ ਧੰਨਵਾਦ ਕਰ ਰਹੀ ਸੀ ਪਰ ਮੈਂ ਮਾਤਾ ਜੀ ਨੂੰ ਕਿਹਾ ਕਿ ਜੇਕਰ ਇਹ ਮੇਰੀ ਸਕੀ ਭੈਣ ਹੁੰਦੀ ਤਾਂ ਕੀ ਮੈਂ ਇਸ ਦੀ ਮਦਦ ਨਾ ਕਰਦਾ? ਇਹ ਸੁਣ ਕੇ ਮਾਤਾ ਦੀਆਂ ਅੱਖਾਂ ਭਰ ਆਈਆਂ ਤੇ ਉਸ ਨੇ ਮੈਨੂੰ ਗਲ ਨਾਲ ਲਾ ਲਿਆ। ਫਿਰ ਅਸੀਂ ਆਪਣੇ ਘਰ ਨੂੰ ਚੱਲ ਪਏ। ਘਰ ਪਹੁੰਚਦਿਆਂ ਸਾਨੂੰ ਕਾਫ਼ੀ ਰਾਤ ਪੈ ਗਈ ਸੀ। ਸਾਡੇ ਘਰਦਿਆਂ ਨੇ ਮੇਰੇ ਲੇਟ ਆਉਣ ਦਾ ਕਾਰਨ ਪੁੱਛਿਆ। ਇਸ ਤੋਂ ਪਹਿਲਾਂ ਕਿ ਕੋਈ ਘਰਵਾਲਿਆਂ ਨੂੰ ਸਾਡੇ ਬਾਰੇ ਗ਼ਲਤ ਜਾਣਕਾਰੀ ਦੇਵੇ ਤਾਂ ਮੈਂ ਇਹ ਸਾਰਾ ਵਰਤਾਰਾ ਖੁਦ ਹੀ ਉਨ੍ਹਾਂ ਨੂੰ ਸੁਣਾ ਦਿੱਤਾ।

ਮੇਰੇ ਦੋਸਤ ਦੀ ਭਵਿੱਖਬਾਣੀ ਅਨੁਸਾਰ ਉਹ ਰਿਸ਼ਤੇਦਾਰ ਦੂਜੇ ਦਿਨ ਸਾਡੇ ਪਿੰਡ ਆਇਆ ਤੇ ਸਾਡੇ ਘਰਵਾਲਿਆਂ ਨੂੰ ਬੀਤੇ ਕੱਲ੍ਹ ਦੀ ਕਹਾਣੀ ਆਪਣੇ ਅੰਦਾਜ਼ 'ਚ ਪੇਸ਼ ਕੀਤੀ ਪਰ ਸਾਡੇ ਮਾਪਿਆਂ 'ਤੇ ਉਸ ਦੀਆਂ ਕਹੀਆਂ ਗੱਲਾਂ ਦਾ ਕੋਈ ਅਸਰ ਨਹੀਂ ਹੋਇਆ। ਉਲਟਾ ਉਨ੍ਹਾਂ ਨੇ ਸਾਡੀ ਉਨ੍ਹਾਂ ਦੀ ਮਦਦ ਕਰਨ ਲਈ ਸ਼ਲਾਘਾ ਕੀਤੀ ਤੇ ਉਹ ਮੂੰਹ ਬਣਾਉਂਦਾ ਹੋਇਆ ਵਾਪਸ ਚਲਾ ਗਿਆ।

ਅੱਜ 26 ਸਾਲ ਬੀਤ ਜਾਣ ਮਗਰੋਂ ਵੀ ਇਹ ਯਾਦ ਮੇਰੇ ਦਿਮਾਗ਼ 'ਚ ਹਾਲੇ ਵੀ ਤਾਜ਼ਾ ਹੈ ਪਰ ਮੈਂ ਹੈਰਾਨ ਹਾਂ ਇਹੋ ਜਿਹੇ ਬੰਦਿਆਂ ਦੇ ਜੋ ਬਿਨਾਂ ਕੁਝ ਸੋਚੇ ਸਮਝੇ ਕਈ ਗ਼ਲਤ ਅੰਦਾਜ਼ੇ ਲਗਾ ਲੈਂਦੇ ਹਨ ਤੇ ਸਮਾਜ 'ਚ ਜਿਹੜੇ ਲੋਕ ਕਿਸੇ ਦੀ ਬਿਨਾਂ ਸਵਾਰਥ ਮਦਦ ਕਰਨਾ ਚਾਹੁੰਦੇ ਹਨ ਉਹ ਅਜਿਹੇ ਬੰਦਿਆਂ ਕਾਰਨ ਆਪਣੇ ਪੈਰ ਪਿੱਛੇ ਕਰ ਲੈਂਦੇ ਹਨ। ਜੇਕਰ ਤੁਸੀਂ ਨਿਸ਼ਕਾਮ ਕਿਸੇ ਦੀ ਮਦਦ ਕਰਦੇ ਹੋ ਤਾਂ ਅਜਿਹੇ ਲੋਕਾਂ ਦੀ ਪ੍ਰਵਾਹ ਨਾ ਕਰੋ, ਕਿਉਂਕਿ ਜ਼ਰੂਰਤਮੰਦਾਂ ਦੀ ਮਦਦ ਕਰਨ ਵਾਲਿਆਂ ਦੇ ਸਿਰ 'ਤੇ ਹਮੇਸ਼ਾ ਪ੍ਰਮਾਤਮਾ ਦਾ ਹੱਥ ਹੁੰਦਾ ਹੈ।

## ਵੋਟਾਂ ਦੀ ਸੁਧਾਈ, ਸਕੂਲਾਂ ਵਿਚ ਘਟਦੀ ਪੜਾਈ

(ਸਫਾ 22 ਦੀ ਬਾਕੀ)

ਵਿਦਿਆਰਥੀ ਗ਼ਰੀਬ ਤਬਕੇ ਦੇ ਹਨ, ਜਿਨ੍ਹਾਂ ਦੀ ਜ਼ਿੰਦਗੀ ਵਿੱਚੋਂ ਤਰੱਕੀ ਦੇ ਮੌਕੇ ਖੁੱਸ ਗਏ ਹਨ। ਸਥਾਈ ਕਮੇਟੀ ਨੇ ਦਰਜ ਕੀਤਾ ਹੈ ਕਿ ਪੂਰੇ ਮੁਲਕ ਦੇ ਸਰਕਾਰੀ ਸਕੂਲਾਂ ਵਿੱਚ ਤਕਰੀਬਨ ਦਸ ਲੱਖ ਆਸਾਮੀਆਂ ਖਾਲੀ ਹਨ। ਦੂਜਾ ਪੱਖ ਇਹ ਹੈ ਕਿ ਇਸੇ ਸਮੇਂ ਦੌਰਾਨ ਤਕਰੀਬਨ 43,000 ਨਿੱਜੀ ਸਕੂਲ ਨਵੇਂ ਖੁੱਲ੍ਹੇ ਹਨ।

ਉੱਚ ਸਿੱਖਿਆ ਦੇ ਮਾਮਲੇ ਵਿੱਚ ਵੀ ਹਾਲਤ ਅਜਿਹੀ ਹੀ ਹੈ। 2017 ਵਿੱਚ ਹਾਇਰ ਐਜੂਕੇਸ਼ਨ ਫਾਇਨਾਂਸਿੰਗ ਏਜੰਸੀ (ਐੱਚ ਈ ਐੱਫ ਏ- ਹੀਫਾ) ਬਣਾਈ ਗਈ। ਇਸ ਉਪਰੰਤ ਉੱਚ ਸਿੱਖਿਆ ਦੇ ਕੇਂਦਰੀ ਸਰਕਾਰ ਦੇ ਅਦਾਰਿਆਂ ਨੂੰ ਵਿਕਾਸ ਲਈ ਸਰਕਾਰੀ ਗਰਾਂਟ ਦੇਣ ਦੀ ਥਾਂ ਹੀਫਾ ਤੋਂ ਕਰਜ਼ਾ ਲੈਣ ਲਈ ਕਿਹਾ ਗਿਆ। ਇਨ੍ਹਾਂ ਕਰਜ਼ਿਆਂ ਨੂੰ ਉਤਾਰਨ ਅਤੇ ਵਿਆਜ ਦੇਣ ਲਈ ਯੂਨੀ-ਵਰਸਿਟੀਆਂ ਨੂੰ ਫੀਸਾਂ ਵਧਾਉਣੀਆਂ ਪਈਆਂ ਹਨ। ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਫਾਇਨਾਂਸ ਐਂਡ ਪਾਲਿਸੀ ਨੇ ਸਾਹਮਣੇ ਲਿਆਂਦਾ ਹੈ ਕਿ ਹੀਫਾ ਦਾ ਕਰਜ਼ਾ ਉਤਾਰਨ ਲਈ 78 ਫ਼ੀਸਦੀ ਹਿੱਸਾ ਵਿਦਿਆਰਥੀਆਂ ਦੀਆਂ ਫੀਸਾਂ ਤੋਂ ਆਇਆ ਹੈ ਕਿਉਂਕਿ ਉੱਚ ਸਿੱਖਿਆ ਵਿਭਾਗ ਨੇ ਅਦਾਰਿਆਂ ਨੂੰ ਹੀਫਾ ਦੇ ਕਰਜ਼ੇ ਉਤਾਰਨ ਵਾਸਤੇ ਫੀਸਾਂ ਵਧਾਉਣ ਲਈ ਕਿਹਾ ਹੈ। ਇਸੇ ਦੌਰਾਨ ਨਿੱਜੀ ਯੂਨੀਵਰਸਿਟੀਆਂ ਦੀ ਗਿਣਤੀ ਵਧ ਰਹੀ ਹੈ, ਜਿਨ੍ਹਾਂ ਦਾ ਮਿਆਰ ਸਵਾਲਾਂ ਦੇ ਘੇਰੇ ਵਿੱਚ ਹੈ। ਸਿੱਕਿਮ ਦੀ ਆਬਾਦੀ ਛੇ ਲੱਖ ਹੈ ਅਤੇ ਉੱਥੇ 28 ਨਿੱਜੀ ਯੂਨੀਵਰਸਿਟੀਆਂ ਹਨ।

ਅਰੁਣਾਚਲ ਪ੍ਰਦੇਸ਼ ਵਿੱਚ ਅੱਠ ਨਿੱਜੀ ਯੂਨੀਵਰਸਿਟੀਆਂ ਹਨ। ਇਨ੍ਹਾਂ ਦੋਵਾਂ ਸੂਬਿਆਂ ਵਿੱਚ ਇੱਕ-ਇੱਕ ਕੇਂਦਰੀ ਅਤੇ ਇੱਕ-ਇੱਕ ਸਟੇਟ ਸਰਕਾਰੀ ਯੂਨੀਵਰਸਿਟੀ ਹੈ। ਇਹ ਸਮਝ ਨਹੀਂ ਆਉਂਦਾ ਕਿ ਯੂਨੀਵਰਸਿਟੀ ਸਿੱਖਿਆ ਦੇ ਮਿਆਰ ਨੂੰ ਤੈਅ ਕਰਨ ਅਤੇ ਕਾਇਮ ਰੱਖਣ ਲਈ ਬਣਿਆ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਗ਼ੈਰ-ਮਿਆਰੀ ਨਿੱਜੀ ਅਦਾਰਿਆਂ ਦੇ ਪਸਾਰ ਨੂੰ ਰੋਕਣ ਲਈ ਕੀ ਕਰ ਰਿਹਾ ਹੈ?

ਅਜਿਹੇ ਹਾਲਾਤ ਦੇ ਮੱਦੇਨਜ਼ਰ ਮਰਦਮ ਸ਼ੁਮਾਰੀ ਅਤੇ ਚੋਣਾਂ ਦੇ ਕੰਮਾਂ ਦੇ ਸਕੂਲ ਸਿੱਖਿਆ ਉੱਤੇ ਬੋਝ ਨੂੰ ਸਮਝਿਆ ਜਾ ਸਕਦਾ ਹੈ। ਮਰਦਮਸ਼ੁਮਾਰੀ, ਚੋਣਾਂ ਅਤੇ ਸਿੱਖਿਆ ਤਿੰਨੋਂ ਜਮਹੂਰੀਅਤ ਲਈ ਅਹਿਮ ਹਨ। ਇਨ੍ਹਾਂ ਵਿੱ-ਚੋਂ ਕਿਸੇ ਤੋਂ ਵੀ ਬਿਨਾਂ ਜਮਹੂਰੀਅਤ ਮਹਿਜ਼ ਖੋਖਲਾ ਦਾਅਵਾ ਬਣ ਜਾਂਦੀ ਹੈ।

ਜੇ ਇਹ ਤਿੰਨੇ ਕੰਮ ਇੱਕ-ਦੂਜੇ ਦੀ ਕੀਮਤ ਉੱਤੇ ਹੁੰਦੇ ਹਨ ਤਾਂ ਅਜਿਹਾ ਤਣਾਅ ਫ਼ੌਰੀ ਦੂਰ ਕਰਨ ਦੀ ਲੋੜ ਹੈ। ਜਦੋਂ ਸਰਕਾਰ ਕੋਲ ਇਨ੍ਹਾਂ ਤਿੰਨਾਂ ਪੱਖਾਂ ਦਾ ਤਜਰਬਾ ਹੈ ਤਾਂ ਇਨ੍ਹਾਂ ਦੇ ਪੁਖ਼ਤਾ ਇੰਤਜ਼ਾਮ ਹੋਣੇ ਚਾਹੀਦੇ ਹਨ। ਮਰਦਮ ਸ਼ੁਮਾਰੀ ਤੇ ਚੋਣਾਂ ਲਗਾਤਾਰ ਨਹੀਂ ਹੁੰਦੀਆਂ ਅਤੇ ਜ਼ਿਆਦਾ ਅਮਲੇ ਦੀ ਲੋੜ ਮੌਕਿਆਂ ਉੱਤੇ ਹੀ ਪੈਂਦੀ ਹੈ। ਇਸ ਲਈ ਪੱਕੀ ਭਰਤੀ ਅਤੇ ਉਸ ਨਾਲ ਲੋੜੀਂਦਾ ਢਾਂਚਾ ਖੜ੍ਹਾ ਕਰਨਾ ਵਿੱਤੀ ਪੱਖੋਂ ਘਾਟੇ ਵਾਲਾ ਲੱਗ ਸਕਦਾ ਹੈ, ਪਰ ਇਨ੍ਹਾਂ ਕੰਮਾਂ ਲਈ ਅਧਿਆਪਕਾਂ ਨੂੰ ਤਾਇਨਾਤ ਕਰਨ ਨਾਲ ਸਕੂਲੀ ਸਿੱਖਿਆ ਨੂੰ ਨੁਕਸਾਨ ਪਹੁੰਚਦਾ ਹੈ।

ਇਸ ਹਾਲਾਤ ਵਿੱਚ ਇਹ ਲਾਜ਼ਮੀ ਹੈ ਕਿ ਸਿੱਖਿਆ ਮਹਿਕਮੇ ਉੱਤੇ ਅਮਲਾ ਦੇਣ ਦੀ ਟੇਕ ਹੈ ਤਾਂ ਇਸ ਵਿਭਾਗ 'ਚ ਲੋੜ ਨਾਲੋਂ ਵੱਧ ਭਰਤੀ ਕੀਤੀ ਜਾਵੇ ਤਾਂ ਜੋ ਸੇਵਾਮੁਕਤੀ, ਅਮਲੇ ਦੀਆਂ ਛੁੱਟੀਆਂ, ਪ੍ਰਸ਼ਾਸਕੀ ਕੰਮਾਂ, ਸੇਵਾ ਦੌਰਾਨ ਅਧਿਆਪਕ ਸਿਖਲਾਈ ਅਤੇ ਹੋਰ ਅਚਨਚੇਤ ਲੋੜਾਂ ਦਾ ਬੋਝ ਸਿੱਖਿਆ ਉੱਤੇ ਨਾ ਪਵੇ। ਮੌਜੂਦਾ ਹਾਲਾਤ ਵਿੱਚ ਸਿੱਖਿਆ ਦਾ ਸਮੁੱਚਾ ਸਰਕਾਰੀ ਢਾਂਚਾ ਸਰਕਾਰੀ ਬੇਰੁਖ਼ੀ ਅਤੇ ਨਿੱਜੀ ਅਦਾਰਿਆਂ ਦੇ ਪਸਾਰ ਦੀ ਦੂਹਰੀ ਮਾਰ ਝੱਲ ਰਿਹਾ ਹੈ। ਸਰਕਾਰੀ ਸਿੱਖਿਆ ਢਾਂਚੇ 'ਤੇ ਵਾਧੂ ਕੰਮਾਂ ਦਾ ਬੋਝ ਪਾਇਆ ਜਾ ਰਿਹਾ ਹੈ ਜਦੋਂਕਿ ਨਿੱਜੀ ਖੇਤਰ ਦੇ ਸਿੱਖਿਆ ਅਦਾਰੇ ਵਧ-ਫੁੱਲ ਰਹੇ ਹਨ ਅਤੇ ਸਰਕਾਰੀ ਨੀਤੀਆਂ ਉਨ੍ਹਾਂ ਨੂੰ ਰਾਸ ਆ ਰਹੀਆਂ ਹਨ।

ਇਸ ਰੁਝਾਨ ਦੀ ਮਾਰ ਸਭ ਤੋਂ ਵੱਧ ਕਮਜ਼ੋਰ ਅਤੇ ਦੂਰ-ਦੁਰਾਡੇ ਵਸਦੀ ਆਵਾਮ ਉੱਤੇ ਪੈ ਰਹੀ ਹੈ। ਜੇ ਨਿਤਾਣੇ-ਨਿਮਾਣੇ ਤਬਕੇ ਨੇ ਇਸ ਕਾਰਨ ਸਿੱਖਿਆ ਦੇ ਮੌਕਿਆਂ ਤੋਂ ਵਾਂਝੇ ਰਹਿ ਜਾਣਾ ਹੈ ਅਤੇ ਉਸ ਦੇ ਹਿੱਸੇ ਦੇ ਮਨੁੱਖੀ ਸਰੋਤ ਚੋਣਾਂ ਤੇ ਮਰਦਮਸ਼ੁਮਾਰੀ ਵਿੱਚ ਖਪਤ ਹੋ ਜਾਣੇ ਹਨ ਤਾਂ ਉਸ ਲਈ ਜਮਹੂਰੀਅਤ ਦੇ ਕੋਈ ਮਾਅਨੇ ਨਹੀਂ ਰਹਿ ਜਾਂਦੇ। ਉਹ ਚੋਣਾਂ ਅਤੇ ਮਰਦਮਸ਼ੁਮਾਰੀ ਵਿੱਚ ਅੰਕੜੇ ਵਜੋਂ ਤਾਂ ਦਰਜ ਹੋ ਸਕਦਾ ਹੈ, ਪਰ ਜਾਗਰੂਕ ਨਾਗਰਿਕ ਵਜੋਂ ਜਮਹੂਰੀਅਤ ਦਾ ਲਾਭਪਾਤਰੀ ਨਹੀਂ ਬਣ ਸਕਦਾ। ਸਿੱਟੇ ਵਜੋਂ ਆਖ ਸਕਦੇ ਹਾਂ ਕਿ ਜਮਹੂਰੀ ਅਦਾਰਿਆਂ ਵਿਚਲੇ ਤਣਾਅ ਕਾਰਨ ਜਮਹੂਰੀਅਤ ਦੇ ਪੱਲੜੇ ਵਿੱਚੋਂ ਲੋਕ ਕਿਰ ਰਹੇ ਹਨ।


# ਸਿਆਸਤ ਦਾ ਸੱਚ 'ਮੁਫਤ ਦੀਆਂ ਰਿਓੜੀਆਂ ਵੰਡੋ, ਕੁਰਸੀ ਦਾ ਆਨੰਦ ਮਾਣੋ'



ਇੰਦਰਪ੍ਰੀਤ ਸਿੰਘ

ਬਜ਼ੁਰਗ ਇਕ ਗੱਲ ਕਹਿੰਦੇ ਸਨ, 'ਮੁਫ਼ਤ ਦਾ ਗੁੜ ਤਾਂ ਕੀੜੇ ਵੀ ਨਹੀਂ ਛੱਡਦੇ।' ਫ਼ਰਕ ਸਿਰਫ਼ ਇਹ ਹੈ ਕਿ ਪਹਿਲਾਂ ਗੁੜ ਚੌਂਕੀ 'ਤੇ ਪਿਆ ਹੁੰਦਾ ਸੀ, ਅੱਜ ਸਰਕਾਰੀ ਖ਼ਜ਼ਾਨੇ ਵਿੱਚੋਂ ਵੰਡਿਆ ਜਾਂਦਾ ਹੈ। ਸਿਆਸਤ ਦਾ ਵੀ ਅਜੀਬ ਹਿਸਾਬ ਹੈ। ਜਿਹੜੇ ਨੇਤਾ ਕਦੇ ਲੋਕਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੀ ਗੱਲ ਕਰਦੇ ਸਨ, ਉਹ ਹੁਣ ਲੋਕਾਂ ਨੂੰ ਸਰਕਾਰੀ ਸਹਾਰਿਆਂ 'ਤੇ ਖੜ੍ਹਾ ਕਰਨ ਨੂੰ ਆਪਣੀ ਸਭ ਤੋਂ ਵੱਡੀ ਉਪਲਬਧੀ ਦੱਸਦੇ ਹਨ।

ਹਰ ਚੋਣ ਤੋਂ ਪਹਿਲਾਂ ਐਲਾਨਾਂ ਦੀ ਝੜੀ ਲੱਗਦੀ ਹੈ। ਕਿਤੇ ਬਿਜਲੀ ਮੁਫ਼ਤ, ਕਿਤੇ ਪਾਣੀ ਮੁਫ਼ਤ, ਕਿਤੇ ਬੱਸਾਂ ਮੁਫ਼ਤ, ਕਿਤੇ ਸਿਲੰਡਰ ਅੱਧੇ ਭਾਅ, ਕਿਤੇ ਔਰਤਾਂ ਦੇ ਖਾਤਿਆਂ ਵਿਚ ਹਰ ਮਹੀਨੇ ਨਕਦ ਰਕਮ। ਲੱਗਦਾ ਹੈ ਜਿਵੇਂ ਚੋਣ ਨਹੀਂ, ਸਾਲ ਦਾ ਸਭ ਤੋਂ ਵੱਡਾ ਸੇਲ-ਸੀਜ਼ਨ ਲੱਗਿਆ ਹੋਵੇ। ਪਰ ਇੱਕ ਸਵਾਲ ਹਰ ਚੋਣ ਤੋਂ ਬਾਅਦ ਮੁੜ ਸਾਹਮਣੇ ਖੜ੍ਹਾ ਹੋ ਜਾਂਦਾ ਹੈ—ਕੀ ਇਹ ਰੇਵੜੀਆਂ ਸੱਚਮੁੱਚ ਵੋਟਾਂ ਵਿੱਚ ਬਦਲਦੀਆਂ ਹਨ? ਜੇ ਜਵਾਬ ਹਮੇਸ਼ਾ 'ਹਾਂ' ਹੁੰਦਾ ਤਾਂ ਪੰਜਾਬ ਦੀ ਸਿਆਸੀ ਤਸਵੀਰ ਕਈ ਵਾਰ ਹੋਰ ਹੁੰਦੀ। 1997 ਵਿੱਚ ਅਕਾਲੀ-ਭਾਜਪਾ ਸਰਕਾਰ ਨੇ ਸੱਤਾ ਵਿੱਚ ਆਉਂਦੇ ਹੀ ਕਿਸਾਨਾਂ ਲਈ ਮੁਫ਼ਤ ਬਿਜਲੀ ਦਾ ਇਤਿਹਾਸਕ ਫ਼ੈਸਲਾ ਕੀਤਾ।



ਉਸ ਵੇਲੇ ਇਹ ਮੰਨਿਆ ਗਿਆ ਕਿ ਇਹ ਕਦਮ ਸਿਆਸੀ ਤੌਰ 'ਤੇ ਅਜੇਤੂ ਸਾਬਤ ਹੋਵੇਗਾ। ਕੈਬਿਨੇਟ ਵਿੱਚ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਦੂਜੇ ਸਭ ਤੋਂ ਸੀਨੀਅਰ ਮੰਤਰੀ ਬਲਰਾਮਜੀ ਦਾਸ ਟੰਡਨ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਹੁਣ ਕੋਈ ਸਰਕਾਰ ਨੂੰ ਹਰਾ ਨਹੀਂ ਸਕੇਗਾ। ਪਰ 1999 ਦੀ ਲੋਕ ਸਭਾ ਚੋਣ ਨੇ ਇਹ ਭਰਮ ਤੋੜ ਦਿੱਤਾ। ਮੁਫ਼ਤ ਬਿਜਲੀ ਖੇਤਾਂ ਤੱਕ ਤਾਂ ਪਹੁੰਚ ਗਈ, ਪਰ ਹਰ ਵੋਟਿੰਗ ਬੂਥ ਤੱਕ ਨਹੀਂ ਪਹੁੰਚੀ। ਸੁਖਬੀਰ ਸਿੰਘ ਬਾਦਲ ਆਪਣੀ ਸੀਟ ਵੀ ਨਾ ਬਚਾ ਸਕੇ। ਟੰਡਨ ਇਸ ਨਤੀਜੇ ਤੋਂ ਇੰਨੇ ਨਿਰਾਸ਼ ਹੋਏ ਕਿ ਉਨ੍ਹਾਂ ਨੇ ਮੁਫ਼ਤ ਬਿਜਲੀ ਵਾਪਸ ਲੈਣ ਦੀ ਗੱਲ ਕੀਤੀ। ਕੈਬਿਨੇਟ ਵਿੱਚ ਸਿਧਾਂਤਕ ਸਹਿਮਤੀ ਵੀ ਬਣ ਗਈ, ਪਰ ਇਹ ਅਧਿਕਾਰ ਮੁੱਖ ਮੰਤਰੀ ਨੂੰ ਦਿੱਤਾ ਗਿਆ ਕਿ ਉਹ ਲਾਗੂ ਕਰਨ ਦੀ ਤਾਰੀਖ਼ ਤੈਅ ਕਰਨ। ਉਹ ਤਾਰੀਖ਼ ਕਦੇ ਨਹੀਂ ਆਈ। ਫਿਰ ਕਾਂਗਰਸ ਦਾ ਦੌਰ ਆਇਆ। ਕਰਜ਼ਾ ਮੁਆਫ਼ੀ, ਔਰਤਾਂ ਲਈ ਮੁਫ਼ਤ ਬੱਸ ਸਫ਼ਰ, ਬਿਜਲੀ ਰਾਹਤ—ਕਈ ਯੋਜਨਾਵਾਂ ਲਿਆਂਦੀਆਂ ਗਈਆਂ।

ਪਰ 2022 ਵਿੱਚ ਵੋਟਰਾਂ ਨੇ ਸੱਤਾ ਦੀ ਚਾਬੀ ਆਮ ਆਦਮੀ ਪਾਰਟੀ ਨੂੰ ਦੇ ਦਿੱਤੀ। ਲੋਕਾਂ ਨੇ ਸਹੂਲਤਾਂ ਤਾਂ ਲਈਆਂ, ਪਰ ਵੋਟ ਆਪਣੇ ਹਿਸਾਬ ਨਾਲ ਪਾਈ। ਹੁਣ ਆਮ ਆਦਮੀ ਪਾਰਟੀ ਦਾ ਦੌਰ ਹੈ। 300 ਯੂਨਿਟ ਮੁਫ਼ਤ ਬਿਜਲੀ, ਔਰਤਾਂ ਲਈ ਨਕਦ ਸਹਾਇਤਾ, ਮੁਫ਼ਤ ਬੱਸ ਸਫ਼ਰ, ਮੇਰੀ ਰਸੋਈ ਯੋਜਨਾ, ਤੀਰਥ ਯਾਤਰਾ ਯੋਜਨਾ—ਸਰਕਾਰ ਦਾ ਦਾਅਵਾ ਹੈ ਕਿ ਇਹ ਲੋਕ-ਭਲਾਈ ਹੈ। 2024 ਦੀ ਲੋਕ ਸਭਾ ਚੋਣ ਨੇ ਫਿਰ ਇਹ ਸਾਬਤ ਕਰ ਦਿੱਤਾ ਕਿ ਮੁਫ਼ਤ ਬਿਜਲੀ ਆਪਣੇ ਆਪ ਵੋਟਾਂ ਵਿੱਚ ਨਹੀਂ ਬਦਲਦੀ। ਪੰਜਾਬ ਦਾ ਵੋਟਰ ਅੱਜ ਵੀ ਆਪਣਾ ਫ਼ੈਸਲਾ ਕਈ ਹੋਰ ਮਾਪਦੰਡਾਂ 'ਤੇ ਕਰਦਾ ਹੈ। ਅਸਲ ਵਿੱਚ ਵੋਟਰ ਹੁਣ ਪਹਿਲਾਂ ਵਾਲਾ ਨਹੀਂ ਰਿਹਾ। ਉਹ 'ਲੱਸੀ ਵੀ ਪੀ ਜਾਂਦਾ ਹੈ ਤੇ ਮੱਥੇ ਦੀ ਝੱਗ ਵੀ ਦੇਖ ਲੈਂਦਾ ਹੈ।'

ਉਹ ਸਹੂਲਤ ਲੈ ਲੈਂਦਾ ਹੈ, ਪਰ ਵੋਟ ਪਾਉਣ ਤੋਂ ਪਹਿਲਾਂ ਨੌਕਰੀਆਂ, ਕਾਨੂੰਨ-ਵਿਵਸਥਾ, ਨਸ਼ਾ, ਸੜਕਾਂ, ਹਸਪਤਾਲ, ਸਕੂਲ ਅਤੇ ਸਰਕਾਰ ਦੀ ਕਾਰਗੁਜ਼ਾਰੀ ਵੀ ਤੋਲਦਾ ਹੈ। ਪਰ ਇਸ ਪੂਰੀ ਬਹਿਸ ਦਾ ਸਭ ਤੋਂ ਵੱਡਾ ਸਵਾਲ ਚੋਣ ਨਹੀਂ, ਖ਼ਜ਼ਾਨਾ ਹੈ। ਮੁਫ਼ਤ ਦੀ ਰੇ ੜੀ ਕਦੇ ਵੀ ਮੁਫ਼ਤ ਨਹੀਂ ਹੁੰਦੀ। ਉਸ ਦਾ ਬਿੱਲ ਆਖ਼ਿਰਕਾਰ ਲੋਕਾਂ ਨੂੰ ਹੀ ਭਰਨਾ ਪੈਂਦਾ ਹੈ। ਜੇ ਘਰ ਦਾ ਮੁਖੀ ਹਰ ਮਹੀਨੇ ਕਰਜ਼ਾ ਲੈ ਕੇ ਬੱਚਿਆਂ ਨੂੰ ਮਿਠਾਈ ਖਵਾਉਂਦਾ ਰਹੇ ਤਾਂ ਕੁਝ ਸਮੇਂ ਬਾਅਦ ਮਿਠਾਈ ਤਾਂ ਰਹਿ ਜਾਵੇਗੀ, ਪਰ ਘਰ ਗਿਰਵੀ ਚਲਾ ਜਾਵੇਗਾ। ਪੰਜਾਬ ਦੀ ਮਾਲੀ ਹਾਲਤ ਕਿਸੇ ਤੋਂ ਲੁਕੀ ਨਹੀਂ। ਚੱਲਦੇ ਵਿੱਤੀ ਸਾਲ ਦੇ ਅੰਤ ਤੱਕ ਰਾਜ ਦਾ ਕਰਜ਼ਾ ਲਗਭਗ 4.47 ਲੱਖ ਕਰੋੜ ਰੁਪਏ ਤੱਕ ਪਹੁੰਚਣ ਦਾ ਅਨੁਮਾਨ ਹੈ।

ਹਰ ਸਾਲ ਹਜ਼ਾਰਾਂ ਕਰੋੜ ਰੁਪਏ ਵਿਆਜ ਦੇਣੇ ਪੈਂਦੇ ਹਨ। ਤਨਖ਼ਾਹਾਂ, ਪੈਨਸ਼ਨਾਂ ਅਤੇ ਕਰਜ਼ੇ ਦੀਆਂ ਕਿਸ਼ਤਾਂ ਤੋਂ ਬਾਅਦ ਵਿਕਾਸ ਲਈ ਬਹੁਤ ਘੱਟ ਗੁੰਜਾਇਸ਼ ਬਚਦੀ ਹੈ। ਇਸੇ ਦੌਰਾਨ ਮੁਫ਼ਤ ਯੋਜਨਾਵਾਂ ਦਾ ਘੇਰਾ ਲਗਾਤਾਰ ਵਧ ਰਿਹਾ ਹੈ। ਸਿਰਫ਼ ਬਿਜਲੀ ਸਬਸਿਡੀ 'ਤੇ ਹੀ 2022 ਤੋਂ ਮਾਰਚ 2027 ਤੱਕ ਕਰੀਬ 95,522 ਕਰੋੜ ਰੁਪਏ ਖ਼ਰਚ ਹੋ ਜਾਣਗੇ। ਜੇ ਔਰਤਾਂ ਲਈ ਨਕਦ ਸਹਾਇਤਾ ਯੋਜਨਾ ਦਾ ਇੱਕ ਸਾਲ ਦਾ ਲਗਭਗ 12,000 ਕਰੋੜ ਰੁਪਏ ਦਾ ਖ਼ਰਚ, ਔਰਤਾਂ ਲਈ ਮੁਫ਼ਤ ਬੱਸ ਸਫ਼ਰ 'ਤੇ ਹਰ ਸਾਲ ਲਗਭਗ 650 ਕਰੋੜ ਰੁਪਏ, ਮੇਰੀ ਰਸੋਈ ਯੋਜਨਾ 'ਤੇ ਕਰੀਬ 1,850 ਕਰੋੜ ਰੁਪਏ ਅਤੇ ਹੋਰ ਸਬਸਿਡੀਆਂ ਜੋੜੀਆਂ ਜਾਣ ਤਾਂ ਪੰਜ ਸਾਲਾਂ ਵਿਚ ਇਹ ਰਕਮ ਇਕ ਲੱਖ ਦਸ ਹਜ਼ਾਰ ਕਰੋੜ ਰੁਪਏ ਤੋਂ ਵੀ ਉੱਪਰ ਨਿਕਲ ਜਾਂਦੀ ਹੈ। ਇਹ ਅੰਕੜਾ ਸਿਰਫ਼ ਇੱਕ ਗਿਣਤੀ ਨਹੀਂ। ਇਹ ਇੱਕ ਸਵਾਲ ਹੈ।

ਕਲਪਨਾ ਕਰੋ, ਜੇ ਇਹੀ ਇੱਕ ਲੱਖ ਕਰੋੜ ਰੁਪਏ ਪੰਜਾਬ ਦੇ ਬੁਨਿਆਦੀ ਢਾਂਚੇ 'ਤੇ ਖ਼ਰਚ ਹੁੰਦੇ ਤਾਂ ਅੱਜ ਤਸਵੀਰ ਕੀ ਹੁੰਦੀ? ਕਿੰਨੇ ਜ਼ਿਲ੍ਹਾ ਹਸਪਤਾਲ ਆਧੁਨਿਕ ਬਣ ਸਕਦੇ ਸਨ? ਕਿੰਨੇ ਸਰਕਾਰੀ ਸਕੂਲਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਮਿਲ ਸਕਦੀਆਂ ਸਨ? ਕਿੰਨੀਆਂ ਸੜਕਾਂ ਅਤੇ ਪੁਲ ਬਣ ਸਕਦੇ ਸਨ? ਕਿੰਨੇ ਉਦਯੋਗਿਕ ਪਾਰਕ ਖੜ੍ਹੇ ਹੋ ਸਕਦੇ ਸਨ? ਕਿੰਨੇ ਹੁਨਰ ਵਿਕਾਸ ਕੇਂਦਰ ਬਣ ਸਕਦੇ ਸਨ ਜਿੱਥੇ ਨੌਜਵਾਨਾਂ ਨੂੰ ਰੋਜ਼ਗਾਰ ਲਈ ਤਿਆਰ ਕੀਤਾ ਜਾਂਦਾ? ਕਿੰਨੀਆਂ ਨਹਿਰਾਂ ਦੀ ਮੁਰੰਮਤ ਹੋ ਸਕਦੀ ਸੀ? ਕਿੰਨੇ ਨਵੇਂ ਮੈਡੀਕਲ ਕਾਲਜ, ਇੰਜੀਨੀਅਰਿੰਗ ਸੰਸਥਾਨ ਜਾਂ ਖੋਜ ਕੇਂਦਰ ਬਣ ਸਕਦੇ ਸਨ? ਇਹ ਉਹ ਨਿਵੇਸ਼ ਹੁੰਦੇ ਜੋ ਸਿਰਫ਼ ਅੱਜ ਨਹੀਂ, ਅਗਲੀਆਂ ਕਈ ਪੀੜ੍ਹੀਆਂ ਨੂੰ ਫ਼ਾਇਦਾ ਦਿੰਦੇ।

ਇੱਥੇ ਹੀ ਰੇਵੜੀ ਅਤੇ ਵੈਲਫੇਅਰ ਦਾ ਫ਼ਰਕ ਸਮਝਣਾ ਪੈਂਦਾ ਹੈ। ਜੇ ਕਿਸੇ ਗਰੀਬ ਵਿਦਿਆਰਥੀ ਨੂੰ ਵਜ਼ੀਫ਼ਾ ਮਿਲਦਾ ਹੈ, ਇਹ ਰੇਵੜੀ ਨਹੀਂ। ਜੇ ਕਿਸੇ ਗੰਭੀਰ ਮਰੀਜ਼ ਦਾ ਇਲਾਜ ਸਰਕਾਰ ਕਰਵਾਉਂਦੀ ਹੈ, ਇਹ ਰੇਵੜੀ ਨਹੀਂ। ਜੇ ਕਿਸਾਨ ਨੂੰ ਪਾਣੀ ਬਚਾਉਣ ਵਾਲੀ ਤਕਨੀਕ ਅਪਣਾਉਣ ਲਈ ਸਹਾਇਤਾ ਮਿਲਦੀ ਹੈ ਜਾਂ ਕਿਸੇ ਨੌਜਵਾਨ ਨੂੰ ਰੋਜ਼ਗਾਰ ਲਈ ਹੁਨਰ ਸਿਖਾਇਆ ਜਾਂਦਾ ਹੈ, ਇਹ ਖ਼ਰਚ ਨਹੀਂ, ਨਿਵੇਸ਼ ਹੈ। ਪਰ ਜਦੋਂ ਇੱਕੋ ਜਿਹੀ ਸਹੂਲਤ ਅਮੀਰ ਅਤੇ ਗ਼ਰੀਬ ਦੋਵਾਂ ਨੂੰ ਮਿਲੇ ਤਾਂ ਸਵਾਲ ਖੜ੍ਹੇ ਹੁੰਦੇ ਹਨ। ਸੋਲ੍ਹਵੇਂ ਵਿੱਤ ਕਮਿਸ਼ਨ ਨੇ ਆਪਣੇ ਅਧਿਐਨ ਵਿੱਚ ਕਿਹਾ ਕਿ ਪੰਜਾਬ ਦੇ ਉੱਚ ਆਮਦਨ ਵਾਲੇ ਘਰਾਂ ਵਿੱਚੋਂ ਵੀ ਲਗਭਗ 75 ਫ਼ੀਸਦੀ ਘਰ ਮੁਫ਼ਤ ਬਿਜਲੀ ਦਾ ਲਾਭ ਲੈ ਰਹੇ ਹਨ।

ਜੇ ਕਰੋੜਪਤੀ ਅਤੇ ਗਰੀਬ ਇੱਕੋ ਕਤਾਰ ਵਿੱਚ ਖੜ੍ਹੇ ਹਨ ਤਾਂ ਫਿਰ ਇਹ ਨਿਸ਼ਾਨਾਬੱਧ ਸਮਾਜਿਕ ਸੁਰੱਖਿਆ ਨਹੀਂ ਰਹਿੰਦੀ। ਅੱਜ ਦੀ ਸਿਆਸਤ ਵਿੱਚ ਇੱਕ ਨਵਾਂ ਮੁਕਾਬਲਾ ਸ਼ੁਰੂ ਹੋ ਗਿਆ ਹੈ। ਪਹਿਲਾਂ ਪਾਰ-ਟੀਆਂ ਇਹ ਦੱਸਦੀਆਂ ਸਨ ਕਿ ਉਹ ਕਿੰਨੇ ਕਾਰਖ਼ਾਨੇ ਲਗਾਉਣਗੀਆਂ, ਕਿੰਨੀਆਂ ਸੜਕਾਂ ਬਣਾਉਣਗੀਆਂ ਜਾਂ ਕਿੰਨੇ ਨਿਵੇਸ਼ ਲਿਆਉਣਗੀਆਂ। ਹੁਣ ਮੁਕਾਬਲਾ ਇਹ ਹੈ ਕਿ ਕੌਣ ਕਿੰਨਾ ਮੁਫ਼ਤ ਦੇ ਸਕਦਾ ਹੈ। ਇਹ ਮੁਕਾਬਲਾ ਖ਼ਤਰਨਾਕ ਇਸ ਲਈ ਹੈ ਕਿਉਂਕਿ ਇਸ ਦੀ ਕੋਈ ਹੱਦ ਨਹੀਂ। ਇੱਕ ਪਾਰਟੀ ਹਜ਼ਾਰ ਰੁਪਏ ਦੇਵੇਗੀ ਤਾਂ ਦੂਜੀ ਪੰਦਰਾਂ ਸੌ ਦਾ ਵਾਅਦਾ ਕਰੇਗੀ। ਇੱਕ 300 ਯੂਨਿਟ ਬਿਜਲੀ ਦੇਵੇਗੀ ਤਾਂ ਦੂਜੀ ਹੋਰ ਵਧਾ ਦੇਵੇਗੀ। ਪਰ ਕੋਈ ਇਹ ਨਹੀਂ ਦੱਸਦਾ ਕਿ ਇਹ ਪੈਸਾ ਆਵੇਗਾ ਕਿੱਥੋਂ?

ਕਰਜ਼ਾ ਆਪਣੇ ਆਪ 'ਚ ਬੁਰਾ ਨਹੀਂ ਹੁੰਦਾ। ਘਰ ਬਣਾਉਣ ਲਈ ਲਿਆ ਕਰਜ਼ਾ ਜਾਇਦਾਦ ਬਣ ਜਾਂਦਾ ਹੈ। ਫੈਕਟਰੀ ਲਈ ਲਿਆ ਕਰਜ਼ਾ ਰੋਜ਼ਗਾਰ ਪੈਦਾ ਕਰਦਾ ਹੈ। ਸਿੱਖਿਆ 'ਤੇ ਲਾਇਆ ਪੈਸਾ ਪੀੜ੍ਹੀਆਂ ਨੂੰ ਬਦਲ ਦਿੰਦਾ ਹੈ। ਪਰ ਜੇ ਕਰਜ਼ਾ ਸਿਰਫ਼ ਤੁਰੰਤ ਲੋਕਪ੍ਰਿਯਤਾ ਲਈ ਲਿਆ ਜਾਵੇ ਤਾਂ ਉਹ ਭਵਿੱਖ 'ਤੇ ਬੋਝ ਬਣ ਜਾਂਦਾ ਹੈ। ਸਰਕਾਰੀ ਖ਼ਜ਼ਾਨਾ ਵੀ ਇੱਕ ਗਾਂ ਵਾਂਗ ਹੈ। ਹਰ ਸਰਕਾਰ ਉਸ ਦਾ ਦੁੱਧ ਦੁਹਿਣਾ ਚਾਹੁੰਦੀ ਹੈ, ਪਰ ਚਾਰਾ ਪਾਉਣ ਦੀ ਵਾਰੀ ਆਵੇ ਤਾਂ ਉਹ ਅਗਲੀ ਸਰਕਾਰ ਲਈ ਛੱਡ ਜਾਂਦੀ ਹੈ। ਨਤੀਜਾ ਇਹ ਹੁੰਦਾ ਹੈ ਕਿ ਗਾਂ ਕਮਜ਼ੋਰ ਹੁੰਦੀ ਜਾਂਦੀ ਹੈ ਅਤੇ ਦੁੱਧ ਦੀ ਮੰਗ ਵਧਦੀ ਜਾਂਦੀ ਹੈ। ਇਸ ਲਈ ਬਹਿਸ ਦਾ ਕੇਂਦਰ 'ਮੁਫ਼ਤ' ਨਹੀਂ ਹੋਣਾ ਚਾਹੀਦਾ।

ਕੇਂਦਰ ਇਹ ਹੋਣਾ ਚਾਹੀਦਾ ਹੈ ਕਿ ਸਰਕਾਰੀ ਪੈਸਾ ਭਵਿੱਖ ਬਣਾਉਣ 'ਤੇ ਲੱਗ ਰਿਹਾ ਹੈ ਜਾਂ ਭਵਿੱਖ ਗਿਰਵੀ ਰੱਖਣ 'ਤੇ। ਪੰਜਾਬ ਦਾ ਵੋਟਰ ਵਾਰ-ਵਾਰ ਸਾਬਤ ਕਰ ਚੁੱਕਾ ਹੈ ਕਿ ਉਹ ਰੇ ੜੀ ਜੇਬ ਵਿਚ ਪਾ ਸਕਦਾ ਹੈ, ਪਰ ਵੋਟ ਦਿਲ ਅਤੇ ਦਿਮਾਗ ਨਾਲ ਹੀ ਪਾਉਂਦਾ ਹੈ। ਇਸ ਲਈ ਸਰਕਾਰਾਂ ਨੂੰ ਵੀ ਇਹ ਸਮਝਣਾ ਪਵੇਗਾ ਕਿ ਸਥਾਈ ਸਿਆਸੀ ਪੂੰਜੀ ਮੁਫ਼ਤ ਵੰਡਣ ਨਾਲ ਨਹੀਂ, ਮਜ਼ਬੂਤ ਰਾਜ ਬਣਾਉਣ ਨਾਲ ਬਣਦੀ ਹੈ। ਸੱਚਾ ਲੋਕ-ਭਲਾਈ ਮਾਡਲ ਉਹ ਹੈ ਜਿਸ ਵਿੱਚ ਸਰਕਾਰ ਲੋਕਾਂ ਨੂੰ ਹਮੇਸ਼ਾ ਸਹਾਰਾ ਲੈਣ ਵਾਲਾ ਨਹੀਂ ਬਣਾਉਂਦੀ, ਸਗੋਂ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਦੀ ਤਾਕਤ ਦਿੰਦੀ ਹੈ। ਇੱਕ ਵਧੀਆ ਸਕੂਲ, ਇੱਕ ਚੰਗਾ ਹਸਪਤਾਲ, ਇੱਕ ਚੌੜੀ ਸੜਕ, ਇੱਕ ਉਦਯੋਗਿਕ ਇਕਾਈ, ਇੱਕ ਸਿੰਚਾਈ ਪ੍ਰਾਜੈਕਟ ਜਾਂ ਖੋਜ ਸੰਸਥਾ-ਇਹ ਸਿਰਫ਼ ਖ਼ਰਚੇ ਨਹੀਂ, ਇਹ ਰਾਜ ਦੀ ਕਮਾਈ ਵਧਾਉਣ ਵਾਲੀਆਂ ਸੰਪਤੀਆਂ ਹਨ। ਰੇ ੜੀਆਂ ਤੁਰੰਤ ਤਾਲੀਆਂ ਤਾਂ ਦਿਵਾ ਸਕਦੀਆਂ ਹਨ, ਪਰ ਤਰੱਕੀ ਨਹੀਂ। ਤਰੱਕੀ ਲਈ ਨਿਵੇਸ਼ ਚਾਹੀਦਾ ਹੈ, ਦੂਰਦਰਸ਼ਤਾ ਚਾਹੀਦੀ ਹੈ ਅਤੇ ਉਹ ਹਿੰਮਤ ਚਾਹੀਦੀ ਹੈ ਜੋ ਅਗਲੀ ਚੋਣ ਨਹੀਂ, ਅਗਲੀ ਪੀੜ੍ਹੀ ਬਾਰੇ ਸੋਚ ਸਕੇ। ਸ਼ਾਇਦ ਹੁਣ ਸਮਾਂ ਆ ਗਿਆ ਹੈ ਕਿ ਸਿਆਸਤ ਵੀ ਆਪਣੇ ਆਪ ਨੂੰ ਇੱਕ ਸਵਾਲ ਪੁੱਛੇ—ਕੀ ਅਸੀਂ ਲੋਕਾਂ ਨੂੰ ਮੱਛੀ ਦੇ ਰਹੇ ਹਾਂ ਜਾਂ ਮੱਛੀ ਫੜਨ ਲਈ ਦਰਿਆ, ਕਿਸ਼ਤੀ ਅਤੇ ਜਾਲ ਵੀ ਤਿਆਰ ਕਰ ਰਹੇ ਹਾਂ?

## ਲੰਘੇ 6 ਮਹੀਨਿਆਂ ਵਿੱਚ ਕੈਨੇਡਾ ਤੋਂ 3 ਹਜ਼ਾਰ ਤੋਂ ਵੱਧ ਭਾਰਤੀ ਡਿਪੋਰਟ

ਕੈਨੇਡਾ ਨੇ 2026 ਦੇ ਪਹਿਲੇ ਛੇ ਮਹੀਨਿਆਂ ਵਿੱਚ 3,323 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਹੈ। ਇਸ ਨਾਲ ਇਹ ਅੰਕੜਾ ਪਿਛਲੇ ਛੇ ਸਾਲਾਂ ਦੇ ਰਿਕਾਰਡ ਨੂੰ ਪਾਰ ਕਰਨ ਦੀ ਰਾਹ 'ਤੇ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਇਹ ਅੰਕੜੇ ਅਜਿਹੇ ਸਮੇਂ ਸਾਹਮਣੇ ਆਏ ਹਨ, ਜਦੋਂ ਕੈਨੇਡਾ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਸਖ਼ਤ ਕਰ ਰਿਹਾ ਹੈ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਅਸਥਾਈ ਵਿਦੇਸ਼ੀ ਕਾਮਿਆਂ ਸਮੇਤ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾ ਰਿਹਾ ਹੈ। 2026 ਦੀ ਪਹਿਲੀ ਛਿਮਾਹੀ ਵਿੱਚ ਕੈਨੇਡਾ ਤੋਂ ਡਿਪੋਰਟ ਕੀਤੇ ਗਏ ਲੋਕਾਂ ਵਿੱਚ ਭਾਰਤੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਭਾਰਤੀਆਂ ਨੇ 1,573 ਡਿਪੋਰਟੇਸ਼ਨਾਂ ਨਾਲ ਮੈਕਸੀਕੋ ਦੇ ਨਾਗਰਿਕਾਂ ਨੂੰ ਪਿੱਛੇ ਛੱਡ ਦਿੱਤਾ ਹੈ। ਪਿਛਲੇ ਪੰਜ ਸਾਲਾਂ ਵਿੱਚੋਂ ਹਰ ਸਾਲ ਮੈਕਸੀਕੋ ਕੈਨੇਡਾ ਤੋਂ ਡਿਪੋਰਟ ਕੀਤੇ ਗਏ ਲੋਕਾਂ ਦੀਆਂ ਕੌਮੀਅਤਾਂ ਦੀ ਸੂਚੀ ਵਿੱਚ ਸਿਖਰ 'ਤੇ ਰਿਹਾ ਹੈ, ਜਦਕਿ ਇਸ ਸਮੇਂ ਦੌਰਾਨ ਭਾਰਤ ਦੂਜੇ ਸਥਾਨ 'ਤੇ ਰਿਹਾ। ਭਾਰਤ ਆਖਰੀ ਵਾਰ 2020 ਵਿੱਚ ਇਸ ਸੂਚੀ ਵਿੱਚ ਪਹਿਲੇ ਸਥਾਨ 'ਤੇ ਸੀ। ਉਸ ਸਾਲ 1,424 ਭਾਰਤੀ ਨਾਗਰਿਕਾਂ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਗਿਆ ਸੀ। ਛਭੰਓ ਦੇ ਅੰਕੜਿਆਂ ਅਨੁਸਾਰ, 2021 ਵਿੱਚ 603, 2022 ਵਿੱਚ 786, 2023 ਵਿੱਚ 1,132 ਅਤੇ 2024 ਵਿੱਚ 2,004 ਭਾਰਤੀਆਂ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਗਿਆ। ਛਭੰਓ ਡਿਪੋਰਟੇਸ਼ਨ ਦੇ ਕਾਰਨਾਂ ਸਬੰਧੀ ਵੱਖਰਾ ਡਾਟਾਬੇਸ ਰੱਖਦੀ ਹੈ, ਪਰ ਇਸ ਵਿੱਚ ਦੇਸ਼-ਵਾਰ ਵੇਰਵਾ ਉਪਲਬਧ ਨਹੀਂ ਹੈ। ਕੈਨੇਡਾ ਤੋਂ ਭਾਰਤੀ ਨਾਗਰਿਕਾਂ ਨੂੰ ਕਈ ਤਰ੍ਹਾਂ ਦੇ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕਾਰਨ ਡਿਪੋਰਟ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿੱਚ ਵੀਜ਼ਾ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਕੈਨੇਡਾ ਵਿੱਚ ਰਹਿਣਾ, ਸ਼ਰਨ ਜਾਂ ਰਿਫਿਊਜੀ ਦਾਅਵਿਆਂ ਦਾ ਰੱਦ ਹੋਣਾ, ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਨਾ ਕਰਨਾ ਅਤੇ ਵੀਜ਼ਾ ਧੋਖਾਧੜੀ ਦੇ ਮਾਮਲੇ ਸ਼ਾਮਲ ਹਨ।

# Serving Californians since 1999

**Global Green**
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

**AUTO, HOME, BUSINESS, LIFE**

**510-487-1000**

**WWW.GGIABA.COM**

COVERED CALIFORNIA

**Certified INSURANCE AGENT**

**Free Confidential Help**

Call : Gurcharan Singh Mann CA License

# Medicare

Licensed Insurance Agent
CA Lic # 0C70672

**CALL TO ENROL**

**510-557-0061**

Buying OR Selling Real Estate Let US HELP

# MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

**510-557-0061**

Find your home on our website

**www.mannres.com**



Gurcharan Singh Mann
DRE#02321006